# ਨਜ਼ਾਕਤਾਂ

ਨਿਰਮਲ ਜਸਵਾਲ ਰਾਣਾ (ਡਾ.)

**ਇਸੇ ਕਲਮ ਤੋਂ :**

1. ਇਕ ਚੁੱਪ ਜਿਹੀ ਕੁੜੀ (ਕਹਾਣੀ ਸੰਗ੍ਰਹਿ) 2000 ਅਤੇ 2002
2. ਮੱਛੀਆਂ ਕੱਚ ਦੀਆਂ (ਕਹਾਣੀ ਸੰਗ੍ਰਹਿ) 2004
3. ਕਥਾ ਸਾਗਰ (ਸੰਪਾਦਨਾ ਚੰਡੀਗੜ੍ਹ ਸਾਹਿਤ ਅਕਾਦਮੀ ਵਲੋਂ) 2009
4. ਡੀਨਾ ਤੇ ਸਿਲਕੀ (ਬਾਲ ਕਥਾ-ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ) 2011
5. ਰੇਤ ਕਾ ਰਿਸ਼ਤਾ (ਹਿੰਦੀ ਕਹਾਣੀ ਸੰਗ੍ਰਹਿ) 2012
   (ਚੰਡੀਗੜ੍ਹ ਸਾਹਿਤ ਅਕਾਦਮੀ ਵਲੋਂ ਸਨਮਾਨਿਤ)
6. ਅੰਗਾਰ 2013

ਆਪਣੇ ਅੰਦਰਲੀ ਖ਼ੂਬਸੂਰਤ,

ਬੇਬਾਕ, ਸੰਵੇਦਨਸ਼ੀਲ,

ਨਾਜ਼ੁਕ ਅਤੇ ਨੀਲਕੰਠੀ ਨਜ਼ਾਕਤਾਂ ਦਾ

ਦੀਦਾਰ ਕਰਾਉਣ ਵਾਲੀ ਲੇਖਿਕਾ ਦੇ ਨਾਂ

# ਤਤਕਰਾ


- ਸੱਚੋ-ਸੱਚੀ 9
- 'ਇਹ ਉਮਰ ਨਹੀਂ—ਅੱਗ ਦਾ ਦਰਿਆ ਹੈ' 20
- ਪਤੀ-ਪਤਨੀ ਅਜੀਜ਼ ਵੀ ਨਾ-ਪਸੰਦ ਵੀ 26
- ਸ਼ਿਕਾਰਣਾਂ 30
- ਮੇਰੇ ਪਿਆਰ ਦੇ ਰੰਗ 37
- ਔਰਤ ਦੀ ਕੋਈ ਜਾਤ ਨਹੀਂ 41
- ਔਰਤ ਤੇ ਮਰਦ ਤੋਂ ਬਿਨਾਂ—ਸੰਸਾਰ ਦੀ ਕੋਈ ਹੋਂਦ ਨਹੀਂ 44
- ਮੇਰੇ ਪਾਤਰ 51
- ਮੇਰੀ ਕਲਮ ਦੀ ਸਾਂਝ ਮੇਰਾ ਕਮਰਾ 58
- ਮੈਂ ਅਤੇ ਮੇਰੀਆਂ ਕਹਾਣੀਆਂ 64
- ਅਸਲੀ ਨਾਰੀ-ਪਾਤਰ 71
- ਮੁਹੱਬਤ ਤੇ ਅੱਗ : ਪ੍ਰੇਮ ਪ੍ਰਕਾਸ਼ 76
- ਕਹਾਣੀ ਵਰਗੀ ਸੁਖਵੰਤ ਕੌਰ ਮਾਨ ਨਾਲ ਗੱਲਾਂ 87
- ਲੋਕੇਂਦਰ : ਕਲਾ ਹੀ ਜਿਸ ਲਈ ਸਭ ਕੁਝ ਹੈ 97
- ਜ਼ਿੰਦਗੀ ਨੂੰ ਤਲਾਸ਼ਦੀ : ਬਲਬੀਰ ਕੌਰ ਸੰਘੇੜਾ 103
- ਕੇਹਰ ਸ਼ਰੀਫ 115
- ਸੱਤ ਕਵੰਜਾ 119

# ਸੱਚੋ-ਸੱਚੀ

**o** ਇਸ ਉਮਰ ਵਿਚ ਆਦਮੀ ਰੰਗੀਨ-ਮਿਜ਼ਾਜ ਤੇ ਸਨਕੀ ਹੋ ਜਾਂਦਾ ਹੈ। ਉਹਨੂੰ ਠਰਕ ਭੋਰਨ ਦੀ ਅਦਾ ਆ ਜਾਂਦੀ ਹੈ। ਮੇਰੇ ਨਾਲ ਅਤੇ ਮੇਰੀਆਂ ਕਈ ਸਹੇਲੀਆਂ ਨਾਲ ਭਾਵੇਂ ਕਈ ਤਰ੍ਹਾਂ ਦੇ ਅਨੁਭਵ ਹੋਏ ਹਨ ਪਰ ਇਹ ਨਿਰਭਰ ਕਰਦਾ ਹੈ ਕਿ ਉਨ੍ਹਾਂ ਕਿਸ ਤਰ੍ਹਾਂ ਰਿਐਕਟ ਕੀਤਾ। ਮੈਂ ਕਿਸੇ ਵੀ ਗੱਲ ਨੂੰ ਤੂਲ ਨਹੀਂ ਦਿੰਦੀ ਕਿਉਂਕਿ ਮੇਰੀ ਛੇਵੀਂ ਇੰਦਰੀ ਅਤੇ ਮਨ ਸੁਚੇਤ ਤੇ ਸਜਗ ਰਹਿੰਦਾ ਹੈ ਤੇ ਮੈਂ ਉਸ ਵਿਚ ਵੀ ਇਕ ਲੁਤਫ ਹੀ ਪ੍ਰਾਪਤ ਕਰਦੀ ਹਾਂ।

ਪ੍ਰੌੜ੍ਹ ਅਵਸਥਾ ਵਿਚ ਭਾਵੇਂ ਲਗਦਾ ਹੈ ਕਿ ਮਨ, ਸਰੀਰ, ਪਰਾਣ ਸਭ ਕੁਝ ਸ਼ਾਂਤ ਨੇ। ਬੰਦਾ ਪ੍ਰੌੜ੍ਹ, ਮਤਲਬ ਸਿਆਣਾ ਹੋ ਗਿਆ ਹੈ। ਪਰੰਤੂ ਮੈਨੂੰ ਜਾਪਦਾ ਹੈ ਕਿ ਇਹੀਓ ਉਮਰ ਦਾ ਅਸੰਤੁਲਤ ਪੜਾਅ ਹੈ ਜਿੱਥੇ ਆਦਮੀ ਚੰਚਲ ਬਣ ਜਾਂਦਾ ਹੈ ਤੇ ਭਟਕਣਾ ਵੀ ਚਾਹੁੰਦਾ ਹੈ। ਜੇਕਰ ਭਟਕੇਗਾ ਨਹੀਂ ਤਾਂ ਜੀਵੰਤ ਕਿਵੇਂ ਰਹੂ-ਖਾਣਾ-ਪੀਣਾ-ਸੌਣਾ ਹੀ ਜ਼ਿੰਦਗੀ ਨਹੀਂ ਰਹਿੰਦੀ। ਇਸ ਉਮਰ 'ਚ ਬੰਦਾ ਸੈਂਸਟਿਵ ਹੋ ਜਾਂਦਾ ਹੈ ਤੇ ਇਕਦਮ ਰੀਐਕਟ ਕਰਦਾ ਹੈ।

'ਕੱਲੀ ਹੋਣ ਕਰਕੇ ਮੇਰੇ ਨਾਲ ਬੜਾ ਕੁਝ ਵਾਪਰਦਾ ਹੈ, ਬੜਾ ਕੁਝ ਵੇਖਣ ਨੂੰ ਮਿਲਦਾ ਹੈ। ਇਸ ਜ਼ਿੰਦਗੀ ਦੇ ਨਜ਼ਾਰੇ ਹੀ 'ਕੱਲੇ ਹੋਣ ਨਾਲ ਮਿਲਦੇ ਹਨ—ਭਾਵੇਂ 'ਕੱਲਾ ਹੋਣਾ ਕੋਈ ਚੋਣ ਨਹੀਂ ਹੁੰਦੀ ਅਤੇ ਤਨ-ਮਨ ਲਈ ਵੀ ਚੰਗੀ ਸੋਚ ਨਹੀਂ।

ਮੈਂ 'ਕਾਕਟੇਲ' ਅਤੇ 'ਜਸ਼ਨ' ਕਹਾਣੀਆਂ ਵਿਚ ਵੱਡੀ ਉਮਰ ਦੇ ਮਰਦਾਂ ਦੀ ਸੋਚ ਦਾ, ਉਨ੍ਹਾਂ ਦੇ ਕਾਰ-ਵਿਹਾਰ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਤੋਂ ਕਈ ਵਾਰੀ ਬੜੀ ਅਜੀਬ, ਸ਼ਰਾਰਤੀ ਹਾਸੋਵਿੰਨ੍ਹੀ, ਜਾਣ ਬੁੱਝ ਕੇ ਜਾਂ ਐਵੇਂ ਵਾਸਨਾਤਮਕ ਹਰਕਤਾਂ ਹੋ ਜਾਂਦੀਆਂ ਨੇ। ਲਗਦੈ ਕਿ ਮਨ ਵਿਚ ਕੋਈ ਅਦਿੱਖ ਭੁੱਖ ਹੈ, ਜਿਸਦੀ ਪੂਰਤੀ ਕਈ ਤਰ੍ਹਾਂ ਦੀਆਂ ਹਰਕਤਾਂ ਕਰਕੇ ਕਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ।

**o** ਖੈਰ! ਬੁੜ੍ਹਿਆਂ ਦੀਆਂ ਤਾਂ ਗੱਲਾਂ ਹੀ ਗੱਲਾਂ ਨੇ-ਚਟਖਾਰੇ ਲਈ ਵੀ ਤੇ ਜੀਉਣ ਲਈ ਵੀ। ਇਨ੍ਹਾਂ ਦੀ ਸੰਗਤ ਵਿਚ ਕੋਈ ਖਤਰਾ ਨਹੀਂ—ਇਹ ਆਪਣੀ ਉਮਰ ਨਾਲ ਸਿਆਣੇ ਤਾਂ ਹੁੰਦੇ ਹੀ ਹਨ—ਸਾਨੂੰ ਥੋੜ੍ਹੀ ਸਿਆਣਪ ਦੀ ਲੋੜ ਹੈ।

ਕਈ ਵਾਰੀ ਬੜਾ ਮਜ਼ਾ ਵੀ ਆਉਂਦਾ ਹੈ। ਬੁੜ੍ਹਿਆਂ ਤੋਂ ਮੈਂ ਕਦੇ ਵੀ ਨਹੀਂ ਡਰੀ। ਮੈਂ ਉਸ ਵੇਲੇ ਇੰਜ ਹੋ ਜਾਂਦੀ ਹਾਂ ਜਿਵੇਂ ਮੈਨੂੰ ਪਤਾ ਹੀ ਨਹੀਂ ਕਿ ਆਲੇ-ਦੁਆਲੇ ਕੀ ਵਾਪਰ ਰਿਹਾ ਹੈ ਜਾਂ ਸਾਹਮਣੇ ਬੈਠਾ ਬਜ਼ੁਰਗ ਮੈਥੋਂ ਕੁਝ ਚਾਹੁੰਦਾ ਵੀ ਹੈ ਜਾਂ ਉਹ ਮੇਰੇ ਇਸ ਅਨਜਾਣਪੁਣੇ ਦਾ ਫਾਇਦਾ ਉਠਾ ਰਿਹਾ ਹੈ। ਇਕ ਘਟਨਾ ਦਸਦੀ ਹਾਂ.......

ਇਕ ਵਾਰ ਪ੍ਰੈਸ ਕਲੱਬ 'ਚ ਮੈਨੂੰ ਕਿਸੇ ਵੱਡੀ ਉਮਰ ਦੇ ਵੱਡੇ ਲੇਖਕ ਨਾਲ ਬੈਠਣ ਦਾ ਮੌਕਾ ਮਿਲਿਆ। ਮੈਂ ਉਸਦੇ ਨਾਲ ਦੀ ਕੁਰਸੀ 'ਤੇ ਬੈਠੀ ਸਾਂ। ਉਸਨੇ ਮੈਨੂੰ ਬੀਅਰ ਲੈਣ ਲਈ ਪੁੱਛਿਆ। ਆਲੇ-ਦੁਆਲੇ ਵੇਖ ਕੇ ਮੈਂ ਕਿਹਾ—ਓ. ਕੇ. ਤੇ ਸੋਚਿਆ—ਇਸਨੂੰ ਕਿਹੜੀ ਬੀਅਰ ਚੜ੍ਹਨੀ ਆ।

ਪਰ ਇਕ ਗਲਾਸ ਤੋਂ ਬਾਅਦ ਹੀ ਲੇਖਕ ਦੀਆਂ ਅੱਖਾਂ 'ਚ ਲਾਲ ਡੋਰੇ ਤੈਰਨ ਲੱਗ ਪਏ। ਮੈਨੂੰ ਮਹਿਸੂਸ ਹੋਇਆ—ਲੇਖਕ ਚੰਚਲ ਹੋਣ ਲੱਗਾ ਹੈ। ਗੱਲਾਂ ਕਰਦੇ-ਕਰਦੇ ਅਚਾਨਕ ਕੁਝ ਖਾਸ ਗੱਲ ਦੱਸਣ ਲਈ ਉਹ ਮੇਰੇ ਹੱਥਾਂ ਨੂੰ ਛੂਹ ਲੈਂਦਾ, ਪਰ ਉਹ ਆਲੇ-ਦੁਆਲੇ ਲਈ ਵੀ ਸੁਚੇਤ ਸੀ। ਸ਼ਾਇਦ ਉਸਨੂੰ ਮੇਰਾ ਨਸ਼ਾ ਚੜ੍ਹ ਗਿਆ। "ਡ੍ਰਿੰਕ ਲੈਣ ਤੋਂ ਬਾਅਦ, ਨਜ਼ਰਾਂ 'ਚ ਮੈਲ ਆ ਜਾਂਦੀ ਏ" ਉਸਨੇ ਮੈਨੂੰ ਕਿਹਾ। ਇਹ ਚੰਚਲ ਨਹੀਂ ਸ਼ਰਾਰਤੀ ਹੋ ਰਿਹਾ ਏ—ਕਹਾਣੀ ਦੀ ਤਲਾਸ਼ ਕਰ ਰਿਹੈ। ਉਹ ਮੈਨੂੰ ਉਕਸਾਹਟ 'ਤੇ ਲੈ ਆਉਣ ਦੀ ਕੋਸ਼ਿਸ਼ 'ਚ ਸੀ। ਉਸ ਆਪਣਾ ਤੀਰ ਫੇਰ ਛੱਡਿਆ—"ਕੀ ਤੂੰ ਮਰਦ ਦੀਆਂ ਨਜ਼ਰਾਂ ਨੂੰ ਪਹਿਚਾਣ ਲੈਂਦੀ ਏਂ", ਮੇਰਾ ਹਾਸਾ ਨਿਕਲ ਆਇਆ, "ਬਿਲਕੁਲ ਨਹੀਂ—ਨਜ਼ਰਾਂ 'ਚ ਮੈਲ ਜੋ ਆ ਜਾਂਦੀ ਏ।"

* * * * *

o ਭਾਵੇਂ ਉਹ ਖੂੰਡੀ ਫੜ ਕੇ ਹੌਲੀ-ਹੌਲੀ ਮਸਾਂ ਹੀ ਤੁਰਦਾ ਏ, ਪਰ ਮੈਂ ਉਸਨੂੰ ਬੁੱਢਾ ਬਿਲਕੁਲ ਵੀ ਨਹੀਂ ਕਹਿੰਦੀ, ਉਸ ਵਿਚ ਕਮਾਲ ਦਾ ਇਸ਼ਕੀਆ ਜਜ਼ਬਾ ਹੈ। ਇਸ ਉਮਰ ਦੇ ਅਹਿਸਾਸ ਵਿਚ ਇਕ ਖੁਮਾਰੀ ਵੀ ਹੁੰਦੀ ਹੈ। ਕਿਸੇ ਨੂੰ ਛੂਹਣ ਦੀ ਇੱਛਾ, ਕਿਸੇ ਨੂੰ ਪ੍ਰਾਪਤ ਕਰਨ ਦੀ ਇੱਛਾ ਵਿਚ ਜਿਸਮਾਨੀ ਭੁੱਖ ਨਹੀਂ ਹੁੰਦੀ। ਇਹ ਭੁੱਖ ਰੂਹ ਦੀ ਜਾਂ ਜੀਣ ਦੀ ਖਾਹਿਸ਼ ਨੂੰ ਜਾਗ੍ਰਿਤ ਰੱਖਣ ਦੀ ਇੱਛਾ ਨੂੰ ਲੈ ਕੇ ਹੁੰਦੀ ਹੈ।

ਉਹ ਸ਼ਾਇਰ ਹੈ—ਇਸ਼ਕੀਆ ਗ਼ਜ਼ਲਾਂ ਲਿਖਣ ਵਾਲਾ ਸ਼ਾਇਰ। ਜਦੋਂ ਖੂੰਡੀ ਫੜ ਤੁਰਦਾ ਮੇਰੇ ਵੱਲ ਗਹੁ ਨਾਲ ਵਾਰ-ਵਾਰ ਦਿਲ ਖਿੱਚਵਾਂ ਵੇਖਦਾ ਹੈ ਤਾਂ ਮੈਨੂੰ ਲਗਦਾ ਜਿਵੇਂ ਮੈਂ ਉਸ ਦੀਆਂ ਗ਼ਜ਼ਲਾਂ ਦੀ ਹੀ ਕਾਇਲ ਨਹੀਂ, ਉਸਦੀ ਘਾਇਲ ਵੀ ਹਾਂ। ਉਹ ਮੈਨੂੰ 'ਬੇਬਾਕ—ਹਸਨ ਮੰਟੋ' ਆਖਦਾ ਹੈ ਤੇ ਮੇਰੇ ਨਾਲ ਗੁਫਤਗੂ ਕਰਨ ਲਗਦਾ ਹੈ—ਮੈਂ ਇਕ ਦਿਨ ਉਸਨੂੰ ਛੇੜਿਆ ਸੀ—"ਇਹ ਖੂੰਡੀ ਦੀ ਹੁਣ ਵੀ ਲੋੜ ਏ—?"

"ਆਜੋ ਫੇਰ ਘਰ ਕਿਸੇ ਦਿਨ।" ਮੈਨੂੰ ਉਸ ਨੇ ਲਾਜਵਾਬ ਕਰ ਦਿੱਤਾ। ਉਹ ਸਚਮੁੱਚ ਇਸ਼ਕ ਕਰਦਾ, ਇਸ ਪ੍ਰੌੜ੍ਹ ਉਮਰ ਨੂੰ ਇਕ ਚੈਲੰਜ ਦਿੰਦਾ ਜਾਪਦਾ ਹੈ। ਕੀ ਇਹ ਭੁੱਖ ਹੈ? ਕਾਹਦੀ-ਜਿਸਮਾਨੀ ਜਾਂ...?

ਇਸਦੇ ਨਾਲ ਹੀ ਮੈਨੂੰ ਬਲਵੰਤ ਗਾਰਗੀ ਦੀ ਇਕ ਮਿਲਣੀ ਯਾਦ ਆ ਰਹੀ ਹੈ। ਦਸੰਬਰ, 1998 'ਚ ਮੈਂ ਅੰਮ੍ਰਿਤਾ ਪ੍ਰੀਤਮ ਹੁਰਾਂ ਨੂੰ ਮਿਲਣ ਗਈ, ਨਾਲ ਚੰਦਨ ਨੇਗੀ ਸਨ। ਉਥੇ ਹੀ ਭਾਪਾ ਪ੍ਰੀਤਮ ਸਿੰਘ ਦੇ ਘਰ ਵੀ ਗਏ—ਜਿੱਥੇ ਇਕ ਕੁਰਸੀ 'ਤੇ ਬੁਢਾਪੇ ਨੂੰ ਝਲਦੇ ਗਾਰਗੀ ਬੈਠੇ ਸਨ। ਉਨ੍ਹਾਂ ਦੇ ਜਿਸਮ ਵਿਚ ਇਕ ਹਰਕਤ ਆ ਗਈ। ਉਹ ਉਠ ਖਲੋਤੇ।

ਚੰਦਨ ਨੇਗੀ ਕਹਿੰਦੇ—"ਨਿਰਮਲ, ਗਾਰਗੀ ਨਾਲ ਫੋਟੋ ਖਿਚਵਾ ਲਈਏ—ਪਤਾ ਨਹੀਂ ਇਨ੍ਹਾਂ ਕਦੋਂ ਤੁਰ ਜਾਣਾ ਸੂ"—ਗਾਰਗੀ ਦੇ ਹੱਥ ਕੰਬ ਰਹੇ ਸਨ। ਉਨ੍ਹਾਂ ਦੀਆਂ ਉਂਗਲਾਂ ਦੇ ਕਸਾਵ ਨੂੰ ਮੇਰੇ ਮੋਢਿਆਂ ਨੇ ਮਹਿਸੂਸ ਕੀਤਾ—"ਮੋਇਆ ਬੁੱਢਾ ਹੋ ਗਿਆ, ਲਾਰਾਂ ਨਹੀਂ ਨਾ ਜਾਂਦੀਆਂ—", ਨੇਗੀ ਨੇ ਉਸਦੀਆਂ ਅੱਖਾਂ ਦੀ ਚਮਕ ਨੂੰ ਤਾੜਦੇ ਹੱਸਦੇ ਹੋਏ ਕਿਹਾ। ਮੈਂ ਗਾਰਗੀ ਦੇ ਹੱਥਾਂ ਨੂੰ ਫੜ ਕੇ ਉਸਨੂੰ ਕੁਰਸੀ ਤੱਕ ਲੈ ਆਈ ਜਿਵੇਂ ਉਸਨੂੰ ਤ੍ਰਿਪਤੀ ਦੇ ਰਹੀ ਹੋਵਾਂ। ਆਦਮੀ ਦੀ ਹਵਸ ਤਾਂ ਮਰਦੇ ਦਮ ਤੱਕ ਨਹੀਂ ਜਾਂਦੀ। ਕਿਸੇ ਨੇ ਮਰਦ ਨੂੰ ਪੁੱਛਿਆ—ਤੈਨੂੰ ਕਿਹੋ ਜਿਹੀ ਔਰਤ ਚਾਹੀਦੀ ਹੈ? ਉਸਦਾ ਜਵਾਬ ਸੀ—'ਬਸ ਨਬਜ਼ ਚਲਦੀ ਹੋਵੇ।'

*****

o ਕਈ ਬੁੜ੍ਹੇ ਸੱਤਰਿਆਂ, ਬਹੱਤਰਿਆਂ 'ਚ ਸਨਕੀ ਵੀ ਹੋ ਜਾਂਦੇ ਨੇ ਤੇ ਉਨ੍ਹਾਂ ਦੀਆਂ ਲਾਲਸਾਵਾਂ ਖਤਮ ਹੀ ਨਹੀਂ ਹੁੰਦੀਆਂ। ਛੂਹਣ ਦੀ ਜਾਂ ਲਿਪਟਣ ਦੀ ਇੱਛਾ ਜਿਉਂ ਦੀ ਤਿਉਂ ਹੀ ਰਹਿੰਦੀ ਹੈ।

ਉਦੋਂ ਇਨ੍ਹਾਂ ਦੀਆਂ ਅੱਖਾਂ ਦੀ ਚਮਕ ਵਧ ਜਾਂਦੀ ਹੈ, ਇਹ ਬੇਹੋਸ਼ ਜਿਹੇ ਹੁੰਦੇ ਹੋਏ ਬੁੜ੍ਹੇ ਹੋਣ ਦਾ ਫਾਇਦਾ ਵੀ ਉਠਾ ਲੈਂਦੇ ਹਨ। ਜਿਸ ਤਰ੍ਹਾਂ ਸਾਡੇ ਗਰੁੱਪ ਵਿੱਚ ਇਕ ਮਰਦ ਜਿਵੇਂ-ਜਿਵੇਂ ਵੱਡੀ ਉਮਰ ਪ੍ਰਾਪਤ ਕਰ ਰਿਹਾ ਹੈ, ਉਵੇਂ-ਉਵੇਂ ਹੀ ਉਹ ਰੰਗੀਨ ਮਿਜ਼ਾਜ ਦਾ ਤਾਂ ਹੋ ਹੀ ਰਿਹਾ ਹੈ, ਪਰ ਉਸਨੂੰ ਇਹ ਵੀ ਫਿਕਰ ਹੈ ਕਿ ਮੈਂ ਜਵਾਨ ਹੀ ਦਿਖਾਂ ਜਾਂ ਜਵਾਨ ਹੀ ਰਹਾਂ। ਇਸ ਯਤਨ ਵਿਚ ਉਹ ਕਈ ਵਾਰ ਬਚਕਾਨੀਆਂ ਹਰਕਤਾਂ ਵੀ ਕਰ ਦਿੰਦਾ ਹੈ, ਜਿਵੇਂ ਕਿਸੇ ਛੋਟੀ ਉਮਰ ਦੀ ਸੁਹਣੀ ਔਰਤ ਨੂੰ ਵੇਖ ਕੇ ਉਹ ਕਹੇਗਾ—"ਹਾਏ ਹਾਏ ਮੈਨੂੰ ਤਾਂ 15 ਵਰ੍ਹਿਆਂ ਬਾਅਦ ਪੈਦਾ ਹੋਣਾ ਚਾਹੀਦਾ ਸੀ।"—ਪੁੱਛੇ ਕੋਈ—'ਫੇਰ ਤੂੰ ਕੀ ਕਰ ਲੈਂਦਾ ਬਈ।'

ਕਵੀ ਦਰਬਾਰਾਂ 'ਤੇ ਇਸ ਤਰ੍ਹਾਂ ਦੇ ਰੰਗੀਨ ਮਿਜ਼ਾਜੀ ਨਜ਼ਾਰੇ ਵੇਖਣ ਨੂੰ ਬਹੁਤ ਮਿਲਦੇ ਹਨ—ਦਿਲਕਸ਼ ਤੇ ਦਿਲ ਖੁਸ਼ ਕਰਨ ਵਾਲੇ। ਪ੍ਰੋ. ਨਿਰਮਲ ਦੱਤ ਨੇ ਇਕ ਨਜ਼ਾਰੇ ਦੀ ਗੱਲ ਸੁਣਾਈ। ਕਵਿਤਾ ਸੁਣਾਉਣ ਦੀ ਉਡੀਕ ਵਿਚ ਇਕ ਵੱਡੀ ਉਮਰ ਦੀ ਨਾਜ਼ੁਕ ਤੇ ਨਜ਼ਾਕਤ ਵਾਲੀ ਕਵਿੱਤਰੀ ਮੂਹਰਲੀ ਕਤਾਰ ਵਿਚ ਬੈਠੀ ਸੀ। ਉਸਦੇ ਐਨ ਪਿੱਛੇ ਪਿਛਲੀ ਕਤਾਰ ਵਿਚ ਇਕ ਚੁਲਬੁਲਾ ਨਾਮਵਰ ਪ੍ਰੌੜ੍ਹ ਲੇਖਕ ਵੀ ਬੈਠਾ ਸੀ। ਉਹ ਉਸ ਕਵਿਤਰੀ ਦੇ ਪੈਰਾਂ 'ਤੇ ਪੈਰ ਮਾਰਦਾ ਮਜ਼ੇ ਲੈਂਦਾ ਰਿਹਾ ਤੇ ਉਹ ਕਵਿਤਰੀ ਖਿੱਝਦੀ ਉਸ ਦੇ ਪੈਰਾਂ ਨੂੰ ਆਪਣੇ ਪੈਰਾਂ ਦੇ ਠੁੱਡਿਆਂ ਨਾਲ ਪਿਛਾਂਹ ਧੱਕਦੀ ਰਹੀ। ਇਹ ਪ੍ਰੌੜ੍ਹਤਾ ਮਜ਼ੇ ਲੈਣ ਲਈ ਵੀ ਹੈ।

ਵੈਸੇ ਇਨ੍ਹਾਂ ਕਵੀ ਦਰਬਾਰਾਂ ਵਿਚ ਬੁੱਢੇ ਕਵੀਆਂ ਦੀਆਂ ਲਾਲਸਾਵਾਂ ਹੀ ਨਹੀਂ—ਕਵਿੱਤਰੀਆਂ ਦੀਆਂ ਜਵਾਨ ਦਿਸਣ ਦੀਆਂ ਲਾਲਸਾਵਾਂ ਵੀ ਸ਼ਾਮਲ ਹੁੰਦੀਆਂ ਨੇ। ਅੰਮ੍ਰਿਤਸਰੋਂ ਆਇਆ ਇਕ ਕਹਾਣੀਕਾਰ ਇਕ ਪ੍ਰੌੜ੍ਹ ਕਵਿੱਤਰੀ ਨੂੰ ਵਾਰ-ਵਾਰ ਕਹਿ ਰਿਹਾ ਸੀ—"ਤੁਸੀਂ ਤਾਂ ਬੜੇ ਸੁਹਣੇ ਦਿਸ ਰਹੇ ਹੋ। ਤੁਹਾਨੂੰ ਯਾਦ ਹੈ ਉਦੋਂ ਤੁਹਾਡੇ ਕਿੱਡੇ ਲੰਮੇ ਸੰਘਣੇ ਕੇਸ ਸਨ। ਤੁਸੀਂ ਵਾਲ ਖੁਲ੍ਹੇ ਛੱਡ ਦਿੰਦੇ ਸਓ।"

ਉਸ ਕਵਿੱਤਰੀ ਨੂੰ ਜਿਵੇਂ ਖੰਭ ਲੱਗ ਗਏ ਹੋਣ, ਉਸਨੇ ਤਪਾਕ ਨਾਲ ਜਵਾਬ ਦਿੰਦੇ ਹੋਏ ਆਪਣਾ ਜੂੜਾ ਖੋਲ੍ਹ ਲਿਆ—''ਆਹ ਲਵੋ ਵਾਲ ਤਾਂ ਮੇਰੇ ਹੁਣ ਵੀ ਲੰਮੇ ਹੀ ਹਨ। ਮੈਂ ਕਿਹੜੇ ਬਜ਼ਾਰੋਂ ਲੈ ਕੇ ਆਉਣੇ ਹਨ।''—ਮੈਂ ਵੇਖਿਆ ਉਸਦੇ ਵਾਲਾਂ ਦੀ ਇਕ ਪਤਲੀ ਲੰਮੀ ਜਿਹੀ ਤਾਰ ਹੀ ਸੀ। ਪਰ ਉਸ ਲੇਖਕ ਨੇ ਉਸ ਕਵਿੱਤਰੀ ਨੂੰ ਜਵਾਨ ਜ਼ਰੂਰ ਕਰ ਦਿੱਤਾ ਤੇ ਉਹ ਲੇਖਕਾ ਇਸ ਸੱਚਾਈ ਨੂੰ ਸਵੀਕਾਰ ਨਹੀਂ ਸੀ ਕਰ ਰਹੀ ਕਿ ਉਹ ਹੁਣ ਪ੍ਰੌੜ੍ਹ ਹੋ ਚੁੱਕੀ ਹੈ।

ਤਾਰਨ ਗੁਜਰਾਲ ਨੂੰ ਮੈਂ ਇਕ ਦਿਨ ਕਿਹਾ—''ਤੁਸੀਂ ਦਿਨੋ-ਦਿਨ ਸੁਹਣੇ ਤੇ ਜਵਾਨ ਕਿਉਂ ਹੁੰਦੇ ਜਾ ਰਹੇ ਹੋ?''

''ਮੈਂ ਇਸ਼ਕ ਜੁ ਕਰਨ ਲੱਗ ਪਈ ਆਂ'' ਉਸਨੇ ਹਸਦੇ ਹੋਇਆਂ ਕਿਹਾ, 'ਸੱਚ ਇਸ਼ਕ ਬੁੱਢੇ ਨੂੰ ਜਵਾਨ ਤੇ ਜਵਾਨ ਨੂੰ ਤੂਫਾਨ ਬਣਾ ਦਿੰਦਾ ਹੈ। ਪਰ ਉਮਰ ਦੀਆਂ ਉਣਤਾਈਆਂ ਕੋਈ ਵੀ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦਾ—'ਖ਼ਬਰਦਾਰ! ਜੇ ਮੈਨੂੰ ਬੁੱਢਾ ਕਿਹਾ, ਨਿਰਮਲ ਦੀ ਬੱਚੀ—ਮੈਂ ਜਾਨ ਕੱਢ ਦਾਂਗੀ—ਮੇਰਾ ਤਾਂ ਹੁਣ ਬਚਪਨ ਹੈ'—ਮੈਨੂੰ ਪਤਾ ਹੈ ਕਿ ਮਰਦ ਦੀ ਜੇਬ ਤੇ ਔਰਤ ਦੀ ਉਮਰ ਨਹੀਂ ਪੁੱਛੀਦੀ।

*****

o ਸ਼ਰਾਬ ਦਾ ਨਸ਼ਾ ਤਾਂ ਚੜ੍ਹੇਗਾ ਹੀ—ਜੇਕਰ ਉਸ ਨਸ਼ੇ ਵਿਚ ਸ਼ਬਾਬ ਤੇ ਕਬਾਬ ਵੀ ਸ਼ਾਮਲ ਹੋ ਜਾਣ ਤਾਂ ਪ੍ਰੌੜ੍ਹਤਾ ਦੀ ਐਸੀ-ਤੈਸੀ। ਇਸ ਉਮਰ ਵਿਚ ਤਜ਼ਰਬੇ ਜਾਂ ਹਾਲਾਤ ਵੀ ਇਸ ਤਰ੍ਹਾਂ ਢਲ ਜਾਂਦੇ ਨੇ ਕਿ ਪਤਾ ਨਹੀਂ ਚਲਦਾ ਬੋਤਲ ਅੱਧੀ ਖਾਲੀ ਹੈ ਜਾਂ ਅੱਧੀ ਭਰੀ। ਕਈ ਵਾਰ ਆਦਤ ਵੀ ਐਸੀ ਪੈ ਜਾਂਦੀ ਹੈ ਕਿ ਲੋਕਾਂ 'ਚ ਬਦਨਾਮੀ ਵੀ ਝੱਲਣੀ ਪੈਂਦੀ ਹੈ। ਖਾਸ ਕਰਕੇ ਨੌਜਵਾਨ ਕੁੜੀਆਂ ਜਾਂ ਪਤਨੀਆਂ ਦੂਰ ਰਹਿ ਕੇ ਹੀ ਗੱਲਾਂ ਕਰਨ ਜਾਂ ਸੁਣਨ ਲਈ ਮਜਬੂਰ ਹੁੰਦੀਆਂ ਨੇ।

ਜੇਕਰ ਪ੍ਰੌੜ੍ਹ ਲੇਖਕ ਅਤੇ ਪ੍ਰੌੜ੍ਹ ਲੇਖਕਾ ਇਸ ਸ਼ਰਾਬ ਦੇ ਨਸ਼ੇ 'ਚ ਗੁਬ-ਗੁਬ੍ਹਾਰ ਦੀਆਂ ਚਿੰਗਾੜੀਆਂ ਸੁੱਟਣ ਤਾਂ ਲੁਤਫ ਹੋਰ ਹੀ ਹੁੰਦਾ ਹੈ।

ਇਕ ਵਾਰ ਮੇਰੀ ਕਾਰ ਵਿਚ ਇਕ ਪ੍ਰੌੜ੍ਹ ਲੇਖਕ ਅਤੇ ਪ੍ਰੌੜ੍ਹ ਲੇਖਕਾ ਨੂੰ ਸਫ਼ਰ ਕਰਨ ਦਾ ਮੌਕਾ ਮਿਲਿਆ। ਪਿਛਲੀ ਸੀਟ 'ਤੇ ਉਹ ਦੋਵੇਂ ਬੈਠੇ ਸਨ। ਮੈਂ ਕਾਰ ਡਰਾਈਵ ਕਰ ਰਹੀ ਸਾਂ। ਲੇਖਕ ਨੂੰ ਗੋਸ਼ਟੀ ਕਰਵਾਉਣ ਵਾਲਿਆਂ ਦਿਨ-ਦਿਹਾੜੇ ਜ਼ਬਰਦਸਤੀ ਦੋ-ਤਿੰਨ ਪੈੱਗ ਪਿਲਾ ਦਿੱਤੇ ਸਨ। ਲੇਖਕਾ ਆਪਣੇ ਬਾਰੇ ਉਸ ਤੋਂ ਕੁਝ ਲਿਖਵਾਉਣਾ ਚਾਹੁੰਦੀ ਸੀ ਤੇ ਬਹਿਸ ਕਰ ਰਹੀ ਸੀ, ਲੇਖਕ ਆਪਣੀ ਉਮਰ ਦਾ ਅਤੇ ਨਸ਼ੇ ਦਾ ਫਾਇਦਾ ਉਠਾਉਂਦੇ ਹੋਏ ਕਾਰ ਦੇ ਮਾੜੇ ਜਿਹੇ ਹਿਚਕੋਲੇ ਨਾਲ ਹੀ ਉਸ ਲੇਖਕਾ 'ਤੇ ਡਿੱਗ ਡਿੱਗ ਪੈਂਦਾ, ਨਾਲ ਹੀ 'ਸੌਰੀ' ਕਹਿ ਦਿੰਦਾ। ਮੇਰੀ ਨਜ਼ਰ ਵਾਰ-ਵਾਰ ਕਾਰ ਦੇ ਰਿਅਰ-ਵਿਯੂ ਤੇ ਜਾਂਦੀ ਸੀ ਤੇ ਉਸ ਲੇਖਕ ਦੀਆਂ ਸ਼ਰਾਰਤਾਂ ਵੇਖ ਮੈਂ ਹੱਸ ਰਹੀ ਸਾਂ। ਲੇਖਕਾ ਹੌਲੀ-ਹੌਲੀ ਪਰ੍ਹਾਂ ਹੁੰਦੀ ਗਈ 'ਤੇ ਲੇਖਕ ਵੀ ਹੌਲੀ-ਹੌਲੀ ਅਗਾਂਹ ਵਧਦਾ ਗਿਆ। ਲੇਖਕ ਕਿੱਥੇ ਟਲਣ ਵਾਲਾ ਸੀ, ਅਖ਼ੀਰ ਉਹ ਲੇਖਕਾ ਦਾ ਹੱਥ ਫੜ ਕੇ ਗੱਲਾਂ ਕਰਨ ਲੱਗ ਪਿਆ, ਜਿਵੇਂ ਉਸਨੂੰ ਪਤਾ ਹੀ ਨਹੀਂ ਪਈ ਉਸਨੇ ਉਸਦਾ ਹੱਥ ਫੜਿਆ ਹੋਇਆ ਹੈ। ਉਹ ਦੋਵੇਂ ਬਾਅਦ ਵਿੱਚ ਇੰਜ ਸੁੰਗੜ ਕੇ ਬੈਠੇ ਸਨ ਜਿਵੇਂ ਪਿਛਲੀ ਸੀਟ 'ਤੇ ਚਾਰ ਪੰਜ ਬੰਦੇ ਬੈਠੇ ਹੋਣ। ਇਹ ਪ੍ਰੌੜ੍ਹਤਾ ਉਮਰ ਦੀ ਕਿਸ ਮਾਨਸਿਕਤਾ ਨੂੰ ਦਰਸਾਂਦੀ ਹੈ? ਜਦੋਂ ਮੈਂ ਆਪਣੇ ਮਿੱਤਰ ਨਾਲ ਗੱਲ ਕੀਤੀ ਤਾਂ ਉਹ 'ਕੋਈ ਨ੍ਹੀਂ ਦੋਵੇਂ ਇਕੋ ਜਿਹੇ ਨੇ' ਕਹਿ ਕੇ ਹੱਸ ਪਿਆ। ਮੈਂ ਉਸਨੂੰ ਇਹ ਨਹੀਂ ਸੀ ਦੱਸ ਸਕੀ ਕਿ ਮੈਨੂੰ ਉਸ ਪ੍ਰੌੜ੍ਹ ਲੇਖਕਾ ਦੀਆਂ ਗੱਲ੍ਹਾਂ 'ਤੇ ਗੁਲਾਬ ਖਿੜਦੇ ਨਜ਼ਰੀਂ ਪਏ ਸਨ।

*****

o ਕਈ ਵਾਰ ਪ੍ਰੌੜ੍ਹ ਪਤਨੀਆਂ ਦੀ ਮਾਨਸਿਕਤਾ ਕੁਝ ਹੋਰ ਹੀ ਹੋ ਜਾਂਦੀ ਹੈ। ਛਿਆਲੀ-ਸੰਤਾਲੀ ਦੀ ਉਮਰ ਹੋਈ ਨਹੀਂ ਕਿ ਉਨ੍ਹਾਂ 'ਚ ਇਕ ਸੋਚ ਉੱਭਰ ਆਉਂਦੀ ਹੈ—ਕਿੱਥੇ ਜਾਵੇਗਾ ਅਧਖੜ ਜਿਹਾ—ਖੇਹ ਖਾ ਕੇ ਵਾਪਸ ਹੀ ਆਵੇਗਾ।

ਪਰ ਜੇਕਰ ਇਹ ਖੇਹ ਖਾਣ ਦੀ ਆਦਤ ਹੀ ਪੈ ਜਾਵੇ ਤਾਂ ਇਹ ਆਦਤ ਕਿਸ ਮਨੋਰੋਗ ਨੂੰ ਜਨਮ ਦੇਵੇਗੀ? ਇਸਦਾ ਇਲਾਜ ਫੇਰ ਕੋਈ ਮਨੋਰੋਗ ਸਪੈਸ਼ਲਿਸਟ ਵੀ ਨਹੀਂ ਕਰ ਸਕਣਗੇ ਤੇ ਇਹ ਰੋਗ ਅਫੀਮ ਖਾਣ ਵਰਗਾ ਹੋ ਜਾਊਗਾ, ਕਿਉਂਕਿ ਜ਼ਰੂਰੀ ਨਹੀਂ ਉਮਰ ਆਉਣ 'ਤੇ ਹੀ ਪ੍ਰੌੜ੍ਹਤਾ ਆ ਜਾਵੇ ਜਾਂ ਉਹ ਪ੍ਰੌੜ੍ਹ ਘਰ-ਪਰਿਵਾਰ ਹੁੰਦੇ ਹੋਏ ਵੀ ਪ੍ਰੌੜ੍ਹਤਾ ਸਵੀਕਾਰ ਕਰ ਲਵੇ।

ਇਕ ਮੰਨਿਆ ਪ੍ਰਮੰਨਿਆ ਹਾਈ ਕੋਰਟ ਦਾ ਵਕੀਲ ਇਕ ਵਾਰ ਮੇਰੇ ਖਹਿੜੇ ਹੀ ਪੈ ਗਿਆ। ਉਹ 78 ਕੁ ਵਰ੍ਹਿਆਂ ਦਾ ਪ੍ਰੌੜ੍ਹ, 70 ਕੁ ਵਰ੍ਹਿਆਂ ਦੀ ਉਮਰ ਦੀ ਲੇਖਕਾ ਦੀ ਕਿਤਾਬ ਦੀ ਗੋਸ਼ਟੀ ਵਿੱਚ ਮਿਲਿਆ ਸੀ। ਕਿਸੇ ਨੇ ਮੇਰਾ ਪਰਿਚੈ 'ਔਰਤ ਮਰਦ ਦੇ ਰਿਸ਼ਤਿਆਂ ਦੀਆਂ ਕਹਾਣੀਆਂ ਲਿਖਦੀ ਹੈ' ਕਹਿ ਕੇ ਕਰਵਾ ਦਿੱਤਾ। ਉਹ ਮੈਥੋਂ ਉੱਥੇ ਬੈਠਾ ਹੀ ਪ੍ਰਭਾਵਤ ਸੀ ਤੇ ਵਾਰ-ਵਾਰ ਬੈਠੇ ਹੋਏ ਮੈਥੋਂ ਕੁਝ ਨਾ ਕੁਝ

ਪੁੱਛਣ ਦੀ ਕੋਸ਼ਿਸ਼ ਕਰੇ। ਸ਼ਾਮ ਹੁੰਦੇ ਨਾ ਹੁੰਦੇ 8 ਵਜੇ, ਫੇਰ 10 ਵਜੇ ਉਸਦਾ ਫੋਨ ਆਇਆ—'ਤੁਸੀਂ ਮੈਨੂੰ ਟਾਈਮ ਦਿਓ, ਮੈਂ ਵੀ ਇਸ ਤਰ੍ਹਾਂ ਦੀਆਂ ਕਹਾਣੀਆਂ ਲਿਖੀਆਂ ਹਨ—ਗੱਲਾਂ ਕਰਨੀਆਂ ਹਨ।' ਮੈਂ ਨਿਮਰਤਾ ਨਾਲ ਉਸਨੂੰ ਟਾਲ ਦਿੱਤਾ। ਫੇਰ ਇਕ ਦਿਨ ਛੱਡ, ਦੂਜੇ ਦਿਨ ਛੱਡ—ਫੋਨ ਤੇ ਫੋਨ। ਮੇਰੀ ਬੇਟੀ ਤਾਂ ਫੋਨ ਵਿਚ ਉਸਦੀ ਆਵਾਜ਼ ਸੁਣਦੇ ਹੀ ਫੋਨ ਮੈਨੂੰ ਫੜਾਉਂਦੀ ਕਹਿ ਦਿੰਦੀ—'ਮਮਾ, ਬੁੱਢੇ ਵਕੀਲ ਅੰਕਲ ਦਾ ਫੋਨ ਹੈ' ਤੇ ਹੱਸਦੀ। ਇਕ ਦਿਨ ਤਾਂ ਮਗਰ ਹੀ ਪੈ ਗਿਆ—ਤੁਸੀਂ ਜੀ ਸ਼ਾਮ ਦੀ ਚਾਹ ਮੇਰੇ ਨਾਲ ਪੀਓ—ਮੈਂ 'ਕੱਲਾ ਹੀ ਨਹੀਂ ਰਹਿੰਦਾ—ਘਰ ਦੇ ਨੇ। ਮੈਂ ਆਪਣੇ ਦੋਸਤ ਨੂੰ ਕਿਹਾ—ਉਹ ਕਹਿੰਦਾ, "ਕਿਉਂ—ਡਰਦੀ ਏਂ? ਬੁੜ੍ਹਾ ਹੈ—ਤੈਨੂੰ ਕੀ ਕਹੂ?"—ਕਹਿੰਦੇ ਵਿਅੰਗ ਕਰਦੇ ਵੀ ਉਹ ਮੇਰੇ ਨਾਲ ਗਿਆ।—ਵਕੀਲ ਮੇਰੇ ਨਾਲ ਕਿਸੇ ਨੂੰ ਵੇਖ ਤਿਲਮਿਲਾਇਆ। ਅੰਦਰ ਉਸਦੀ ਕੋਈ ਪਤਨੀ-ਵਤਨੀ ਨਹੀਂ ਸੀ ਸਿਰਫ਼ ਇਕ ਖਾਨਸਾਮਾ ਸੀ ਜੋ ਚਿਕਨ-ਰੋਲ ਤੇ ਕਬਾਬ ਬਣਾਈ ਬੈਠਾ ਸੀ।

ਉਸ ਤੋਂ ਬਾਅਦ ਕਦੇ ਸਵੇਰੇ ਨਹਾਉਂਦੇ ਜਾਂ ਕਦੇ ਰਾਤੀਂ ਸੌਣ ਲੱਗੇ ਫੋਨ ਆਉਂਦਾ। ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਕਹਿੰਦਾ, "ਮੈਨੂੰ ਪਤਾ ਜੇ—ਤੁਸੀਂ ਕੱਲੇ ਜੇ, ਕਦੇ ਕਿਸੇ ਮਦਦ ਦੀ ਲੋੜ ਪੈ ਜਾਵੇ, ਕਦੇ ਪੈਸੇ ਧੇਲਿਆਂ ਦੀ....." ਮੈਂ ਸੋਚਦੀ, ਇਸਨੂੰ ਮੇਰੀ ਬੜੀ ਫਿਕਰ ਹੈ—ਬਾਸਟਰਡ। ਇਕ ਦਿਨ ਮਾਰਕੀਟ 'ਚ ਮਿਲਣ 'ਤੇ ਤਰਲੇ ਹਾੜੇ ਕੱਢਦਾ ਕੰਬਦਾ ਰਿਹਾ—'ਬੇਟਾ ਮਿਲੇ ਹੀ ਨਹੀਂ—ਮੈਥੋਂ ਕਾਹਦਾ ਡਰ'—ਕਹਿੰਦਾ ਹੋਇਆ ਮੇਰੇ ਮੋਢਿਆਂ ਨੂੰ ਆਪਣੀਆਂ ਉਂਗਲਾਂ ਦੇ ਪੋਟਿਆਂ ਨਾਲ ਦੱਬ 'ਤਾ। ਮੈਂ ਇਕਦਮ ਗੁੱਸਾ ਉਗਲਿਆ—'ਮੈਂ ਕੋਈ ਬੇਟਾ-ਬੂਟਾ ਨਹੀਂ......ਤੇ......ਹਾਂ.....ਸੌਰੀ, ਮੈਂ ਕਹਾਣੀਆਂ ਲਿਖਣੀਆਂ ਹੀ ਬੰਦ ਕਰ ਦਿੱਤੀਆਂ ਹਨ।'—ਦਰਅਸਲ ਉਹ ਮੇਰੀਆਂ ਕਹਾਣੀਆਂ ਡਿਸਕਸ ਕਰਨ ਦੇ ਬਹਾਨੇ ਔਰਤ-ਮਰਦ ਦੇ ਰਿਸ਼ਤਿਆਂ ਦੀ ਖੁੱਲ੍ਹ ਨੂੰ ਡਿਸਕਸ ਕਰਦਾ ਆਪਣਾ ਠਰਕ ਪੂਰਾ ਕਰਦਾ ਲਗਦਾ।—ਸੈਕਸ ਪ੍ਰਤੀ ਉਲਾਰ ਹੋ ਰਿਹਾ ਹੁੰਦਾ। ਗੱਲਾਂ-ਗੱਲਾਂ 'ਚ ਉਹ ਕਈ ਲੇਖਕਾਵਾਂ ਦੇ ਨਾਂ ਵੀ ਲੈਂਦਾ ਹੁੰਦਾ। ਦਿੱਲੀ-ਬੰਬਈ ਉਸਦੀ ਵਾਹਵਾ ਪਹੁੰਚ ਸੀ—'ਮੈਨੂੰ ਫਲਾਣੀ ਜਾਣਦੀ ਹੈ, ਢਿਮਕਣੀ ਜਾਣਦੀ ਹੈ, ਮੈਂ ਉਸ ਨਾਲ ਸਫਰ ਕੀਤਾ ਤੇ ਉਸ ਨਾਲ....." ਮੇਰੀ ਛੇਵੀਂ ਇੰਦਰੀ ਨੇ ਮੈਨੂੰ ਸੁਚੇਤ ਕੀਤਾ—ਬਚੋ—ਇਸ ਤਰ੍ਹਾਂ ਦੇ ਠਰਕੀ ਤੇ ਸਨਕੀ ਬੁੜ੍ਹਿਆਂ ਤੋਂ ਬਚੋ!

ਪ੍ਰਸ਼ਨ ਉਠਦਾ ਹੈ—'ਔਰਤ ਦੀ ਭੁੱਖ ਨੂੰ ਜਾਗ੍ਰਿਤ ਕਰਦੀ ਉਸਦੇ ਪੇਸ਼ੇ (ਨੌਕਰੀ) ਦੀ ਪ੍ਰੌੜ੍ਹਤਾ ਅਤੇ ਉਮਰ ਕਿੱਥੇ ਸੀ?

* * * * *

○ 'ਸਭ ਕੁਝ ਲੁਟਾ ਕੇ ਹੋਸ਼ ਮੇਂ ਆਏ ਤੋ ਕਿਆ ਕੀਆ' ਵਾਲੀ ਤੁਕ ਵੀ ਕਈ ਵਾਰ ਪ੍ਰੌੜ੍ਹ ਅਵਸਥਾ ਤੇ ਆ ਕੇ ਔਰਤ ਦੇ ਸਾਥ ਦੀ ਲਾਲਸਾ-ਇੱਛਾ ਰੱਖ ਸਭ ਕੁਝ ਗਵਾ ਲੈਂਦੀ ਹੈ। ਇੰਗਲੈਂਡ ਤੋਂ ਆਏ ਇਕ 75 ਕੁ ਵਰ੍ਹਿਆਂ ਦੇ ਨੌਜਵਾਨ ਨਾਲ ਇਹੋ ਹੋਇਆ। ਆਪਣੇ ਤੋਂ 35 ਵਰ੍ਹੇ ਛੋਟੀ ਉਮਰ ਦੀ ਔਰਤ ਨਾਲ ਇਸ਼ਕ ਕਰਦੇ ਕਰਦੇ ਮੋਰਨੀ ਹਿੱਲ ਵਾਲੀ ਜ਼ਮੀਨ 'ਤੇ ਕਈ ਕੁਝ ਗਵਾ ਬੈਠੇ ਤੇ ਹੁਣ ਉਹ ਕਿਸੇ ਨਾਲ ਗੱਲਾਂ ਕਰਦੇ ਹੋਏ ਵੀ ਘਬਰਾਂਦੇ ਆਖਦੇ ਹਨ—'ਵੱਡੀ ਉਮਰ 'ਚ ਕੋਈ ਸਾਥੀ ਮਿਲ ਜਾਂਦੀ—ਚੰਗਾ ਸੀ, ਸੋਚਿਆ ਨਿਭ ਜਾਵੇਗੀ—ਚਲੋ 'ਕੱਲੇ ਹੀ ਚੰਗੇ ਹਾਂ।'

* * * * *

○ ਜਵਾਨੀ ਵੇਲੇ ਕਿਸੇ ਫੌਜੀ ਕਰਨਲ—ਸਰਨਲ ਦੇ ਮਨ ਵਿਚ ਮੇਰੀ ਇਕ ਸਹੇਲੀ ਨੂੰ ਛੂਹਣ ਦੀ ਜਾਂ ਕਹਿ ਲਓ ਠਰਕ ਭੋਰਨ ਦੀ ਇੱਛਾ ਬੁਢੇਪੇ ਤੱਕ ਰਹੀ। ਰੰਗੀਲੀ ਹੌਲੀ ਵਾਲੇ ਦਿਨ ਉਸਨੇ ਉਹ ਗੁਭ-ਗੁਭਾਟ ਕਿਸ ਤਰ੍ਹਾਂ ਕੱਢਿਆ। ਸਹੇਲੀ ਨੇ ਦੱਸਿਆ, "ਅੱਜ ਤੱਕ ਮੈਂ ਉਹ ਘਟਨਾ ਨਹੀਂ ਭੁੱਲ ਸਕਦੀ, ਮੈਨੂੰ ਯਾਦ ਕਰਦੇ ਹੀ ਸ਼ਰਮ ਆਉਂਦੀ ਹੈ—ਹੋਇਆ ਇਉਂ ਕਿ ਉਸ ਫੌਜੀ ਨੇ ਇਧਰ-ਉਧਰ ਨਹੀਂ ਵੇਖਿਆ, ਸਿੱਧਾ ਮੇਰੇ ਚਿਹਰੇ ਤੇ ਰੰਗ ਮਲਦਾ ਹੋਇਆ ਅਗਾਂਹ-ਪਿਛਾਂਹ ਦੀ ਪਰਵਾਹ ਨਾ ਕਰਦੇ ਇੱਥੇ ਉੱਥੇ ਇਸ ਤਰ੍ਹਾਂ ਹੱਥ ਮਾਰੇ ਕਿ ਉਹ ਬੇਚਾਰੀ ਖ਼ੁਦ ਨੂੰ ਉਸ ਤੋਂ ਬਚਾਉਂਦੀ ਤੇ ਰੋਕਦੀ ਹੀ ਰਹਿ ਗਈ। ਇੰਜ ਕਰਦੇ ਹੋਏ ਉਸਦੀਆਂ ਅੱਖਾਂ ਦੀ ਚਮਕ ਤੇਜ਼ ਹੋ ਗਈ ਜਿਵੇਂ ਉਸਨੂੰ ਕੋਈ ਜਿੱਤ ਹਾਸਲ ਹੋ ਗਈ ਹੋਵੇ। ਪਤਾ ਨਹੀਂ ਉਹ ਕਦੋਂ ਦਾ ਉਸਨੂੰ ਛੂਹਣ ਦਾ ਬਹਾਨਾ ਜਾਂ ਜੁਗਾੜ ਲੱਭ ਰਿਹਾ ਹੋਵੇਗਾ।

ਪਤਨੀ ਹੁੰਦੇ ਹੋਏ ਵੀ ਪਰ-ਔਰਤ ਦੀ ਖਾਹਿਸ਼ ਰੱਖਣ ਵਾਲਾ ਵੱਡੀ ਉਮਰ ਦਾ ਓਹਲਾ ਰੱਖਦੇ ਹੋਏ ਸ਼ਰਮ ਨਹੀਂ ਕਰਦਾ।

ਇਸੇ ਤਰ੍ਹਾਂ ਇਕ ਆਈ. ਏ. ਐੱਸ. ਇਕ ਦਿਨ ਮੈਨੂੰ ਮਿਲਿਆ—'ਓਹੋ ਬਈ ਕਿੱਥੇ ਰਹਿੰਦੀ ਹੈਂ'—ਨਜ਼ਰ ਹੀ ਨਹੀਂ ਆਈ' ਕਹਿੰਦੇ-ਕਹਿੰਦੇ ਹੀ ਉਸਨੇ ਮੇਰੀ ਵੱਖੀ ਨੂੰ ਆਪਣੀ ਜੱਫੀ 'ਚ ਇੰਜ ਭਰ ਲਿਆ ਜਿਵੇਂ ਕਦੇ ਔਰਤ ਵੇਖੀ ਹੀ ਨਾ ਹੋਵੇ। ਮੇਰੀ ਬਾਡੀ ਲੈਂਗਵੇਜ (ਸਰੀਰਕ ਭਾਸ਼ਾ) ਨੂੰ ਤਾੜਦੇ ਹੀ ਪਰ੍ਹਾਂ ਹੋ ਇਧਰ-ਉਧਰ ਝਾਕਣ ਲੱਗ ਪਿਆ। ਇਹ ਕਿਉਂ ਹੈ? ਛੂਹਣ ਦੀ ਲਲਕ ਕਿਹੜੀ ਇੱਛਾ ਦੀ ਪੂਰਤੀ ਕਰਦੀ ਹੈ।

* * * * *

o ਇਹ ਹੀ ਨਹੀਂ ਕਿ ਇਸ ਉਮਰ 'ਚ ਆ ਕੇ ਮਰਦਾਂ ਦੀਆਂ ਲਾਲਸਾਵਾਂ ਵਧ ਜਾਂਦੀਆਂ ਨੇ ਜਾਂ ਉਨ੍ਹਾਂ ਦੀਆਂ ਇੱਛਾਵਾਂ ਬਦਲ ਜਾਂਦੀਆਂ ਨੇ। ਹਾਂ—ਔਰਤਾਂ ਵਿੱਚ ਵੀ ਕਈ ਤਰ੍ਹਾਂ ਦੀਆਂ ਲਾਲਸਾਵਾਂ ਵਧਦੀਆਂ ਨੇ। ਦਿੱਲੀ ਵਿਚ ਪੰਜਾਬੀ ਕਾਨਫਰੈਂਸ ਦੌਰਾਨ ਇਕ ਘਟਨਾ ਮਹਿਸੂਸ ਕੀਤੀ। ਇਕ ਕਵਿੱਤਰੀ ਮੇਰੇ ਕੋਲ ਆਈ—'ਸੁਣ ਉਹ ਜਿਹੜਾ ਆਦਮੀ ਜਾ ਰਿਹਾ ਹੈ ਨਾ ਨੂਰ ਸਾਹਿਬ ਦੇ ਨਾਲ ਉਸਨੂੰ ਤੂੰ ਜਾਣਦੀ ਹੈਂ—ਹਾਂ—ਮੈਨੂੰ ਕਹਿੰਦਾ ਹੈ ਆਪਣੀ ਫੋਟੋ ਦੇ। ਜਿਧਰ ਮਰਜ਼ੀ ਜਾਵਾਂ ਮੇਰੇ ਨਾਲ ਗੱਲਾਂ ਕਰਨ ਲਈ ਮੌਕਾ ਤਾੜਦਾ ਹੈ। ਕਿਉਂ—ਲੈ ਮੈਂ ਸਿਆਣਦੀ ਹਾਂ ਉਸਨੂੰ—' ਮੈਂ ਪਹਿਲਾਂ ਤਾਂ ਹੈਰਾਨ ਹੋਈ, ਫੇਰ ਹੱਸ ਪਈ—ਵੱਡੀ ਉਮਰ ਦੀ ਤਿਤਲੀ ਇਠਲਾਂਦੀ—'ਅਭੀ ਤੋ ਮੈਂ ਜਵਾਨ ਹੂੰਅ—' ਦਾ ਭੁਲੇਖਾ ਲਈ ਫਿਰਦੀ ਹੈ। ਜੀਊਣ ਦੀ ਇੱਛਾ ਨੂੰ ਪਾਲਦੀ ਆਦਮੀਆਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਦੀ ਲਾਲਸਾ।

ਪ੍ਰੌੜ੍ਹ ਲੇਖਕਾਵਾਂ ਵੀ ਕਈ ਵਾਰ ਅਜੀਬ ਤੇ ਕੁੜੀਆਂ ਵਾਂਗ ਹਰਕਤਾਂ ਕਰਦੀਆਂ ਨੇ। ਕਿਲਿਓਪੈਟਰਾ ਉਨ੍ਹਾਂ ਲਈ ਕੀ ਚੀਜ਼ ਹੈ? ਲਿਪਟਨਾ, ਅੱਖਾਂ ਮਟਕਾਉਣਾ, ਝੂਠੀ ਤਾਰੀਫ ਕਰਨੀ। 'ਮੈਂ ਤੇਰੀ ਆਂ' ਅਹਿਸਾਸ ਕਰਵਾ ਕੇ ਹਰਕਤਾਂ ਕਰਨਾ ਉਨ੍ਹਾਂ ਲਈ ਜਾਇਜ਼ ਹੀ ਹਨ। ਲਿਖਤਾਂ 'ਚ ਇਨ੍ਹਾਂ ਦੇ ਜਾਨ ਨਹੀਂ ਹੁੰਦੀ, ਪਰ ਮੇਲ-ਜੋਲ ਨਾਲ ਪੱਤਰਕਾਰਾਂ ਨੂੰ ਫੁਸਲਾ ਲੈਣਾ, ਵੱਡੀਆਂ ਸਭਾਵਾਂ ਦੇ ਕਰਤਾ-ਧਰਤਾ ਨਾਲ ਸੰਪਰਕ ਰੱਖਣਾ, ਇਨ੍ਹਾਂ ਲਈ ਇਕ ਆਰਟ ਹੈ—ਤੇ ਇਹੀਓ ਸਭਾਵਾਂ ਦੇ ਕਰਤਾ-ਧਰਤਾ ਫੇਰ ਉਨ੍ਹਾਂ ਦਾ ਸਨਮਾਨ ਵੀ ਕਰਦੇ ਹਨ ਅਤੇ ਇਹੀਓ ਲੇਖਕਾਵਾਂ ਆਪਣੇ ਆਪਨੂੰ ਇਸਮਤ ਚੁਗਤਾਈ ਤੋਂ ਘੱਟ ਥੋੜ੍ਹਾ ਸਮਝਦੀਆਂ ਹਨ। ਇਹ ਕਿਉਂ ਹੈ?

* * * * *

o ਕਈ ਬੰਦੇ ਔਰਤ ਨੂੰ ਵੇਖਦੇ ਹੀ ਲਿਸ਼ਕ-ਪੁਸ਼ਕ ਜਾਂਦੇ ਨੇ, ਕਈ ਥਥਲਾਉਣ ਲਗਦੇ ਨੇ, ਸਿੱਧੀ-ਪੁੱਠੀ ਹਰਕਤ ਕਰਨ ਲਗਦੇ ਨੇ, ਅੰਦਰਲੀ ਭੁੱਖ ਨੂੰ ਜ਼ਾਹਿਰ ਨਹੀਂ ਹੋਣ ਦਿੰਦੇ। ਇਸ ਤਰ੍ਹਾਂ ਦੇ ਕਈ ਕਿੱਸੇ ਨੇ, ਵੱਡੇ ਮੰਨੇ-ਪ੍ਰਮੰਨੇ ਲੇਖਕ ਨੇ ਜੋ ਖ਼ਤ ਲਿਖ ਕੇ ਪੁੱਛਦੇ ਨੇ—ਕਾਕਟੇਲ ਕਹਾਣੀ ਦਾ ਕਿਹੜਾ ਬੁੜ੍ਹਾ ਹੈ ਜਾਂ 'ਮਿਲਨ' ਵਿਚ ਉਹ ਦੋਵੇਂ ਕਿਹੜੇ ਬੁੜ੍ਹੇ ਨੇ? ਯੁੱਗ ਬਦਲਿਆ ਹੈ—ਔਰਤ-ਮਰਦ ਵਿਚ ਕੋਈ ਖ਼ਾਸ ਫਰਕ ਨਹੀਂ—ਸੈਕਸ ਦਾ ਕੋਈ ਟੈਬੂਜ਼ ਨਹੀਂ।

ਘਰਾਂ 'ਚ ਵੀ ਕਈ ਵਾਰ ਵੱਡੀ ਉਮਰ ਦੇ ਦਿਉਰ-ਨਣਦੋਈਏ ਆਦਿ ਕਿਸ-ਕਿਸ ਤਰ੍ਹਾਂ ਦੀਆਂ ਠਠੋਲੀਆਂ ਮਜ਼ਾਕ ਕਰ ਲੈਂਦੇ ਨੇ, ਇਹ ਕਿਸੇ ਤੋਂ ਭੁੱਲੇ ਨਹੀਂ। ਪਰ ਕਿਉਂ—ਕਿਸ ਲਈ? ਇਹ ਫਿਤਰਤ ਹੈ ਜਾਂ ਆਦਮ ਤੇ ਈਵ ਵਾਂਗ ਸਮਾਜਕ ਟੈਬੂਜ਼ ਨੂੰ ਨਕਾਰਦੇ ਸਹਿਜ ਵਰਤਾਰੇ।

ਕਈ ਕਿੱਸੇ ਨੇ—ਥੋੜ੍ਹਾ ਝਿਜਕਦੀ ਵੀ ਹਾਂ, 'ਕੱਲੇ ਰਹਿਣ ਲਈ ਭੀੜ ਤਾਂ ਚਾਹੀਦੀ ਹੀ ਹੈ ਨਾ। ਮੇਰੇ 'ਕੱਲੇ ਰਹਿਣ ਦਾ, ਖ਼ੁਸ਼ ਰਹਿਣ ਦਾ ਰਾਜ਼ ਵੀ ਇਹੋ ਹੈ ਕਿ ਮੈਂ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਰੀਐਕਟ ਕਰਨ ਦੀ ਬਜਾਏ ਲੁਤਫ ਲੈਂਦੀ ਹਾਂ ਤੇ ਲੜਦੀ ਝਗੜਦੀ ਵੀ ਜੀਵੰਤ ਹਾਂ ਅਤੇ ਉਨ੍ਹਾਂ ਬੁੜ੍ਹਿਆਂ ਦੀਆਂ ਹਰਕਤਾਂ ਜਾਂ ਗੱਲਾਂ ਵਿਚ ਮਨੋਵਿਗਿਆਨਕ ਕਾਰਨ ਹੀ ਲੱਭਦੀ ਹਾਂ।

✪

# 'ਇਹ ਉਮਰ ਨਹੀਂ—ਅੱਗ ਦਾ ਦਰਿਆ ਹੈ'

**O** ਰੰਗੀਨ ਮਿਜ਼ਾਜ ਹੋ ਕੇ ਜੇਕਰ ਇਹ ਪ੍ਰੌੜ੍ਹ ਮਰਦ ਆਪਣੀਆਂ ਖੁਸ਼ੀਆਂ ਨੂੰ ਹਵਾ 'ਚ ਲਹਿਰਾਂਦੇ ਹਨ ਤਾਂ ਘੱਟ ਇਹ ਪ੍ਰੌੜ੍ਹ ਔਰਤਾਂ ਵੀ ਨਹੀਂ। ਇਹ ਔਰਤਾਂ ਵਿਸ਼ੇਸ਼ ਅਹੁਦੇ ਜਾਂ ਵਿਸ਼ੇਸ਼ ਵਰਗ ਜਾਂ ਰੰਗੀਨ ਤਬੀਅਤ ਦੀਆਂ ਹੁੰਦੀਆਂ ਹਨ। ਆਮ ਤੌਰ 'ਤੇ ਇਸ ਉਮਰ 'ਚ ਔਰਤਾਂ ਘਰ-ਪਰਿਵਾਰ ਤੇ ਬੱਚਿਆਂ ਤੱਕ ਸੀਮਤ ਹੋ ਜਾਂਦੀਆਂ ਨੇ, ਪਰ ਜਿਸ ਔਰਤ ਨੇ ਵਾਹਵਾਹੀ ਖੱਟੀ ਹੋਵੇ, ਸਮਾਗਮਾਂ 'ਚ ਵਧ ਚੜ੍ਹ ਕੇ ਹਿੱਸਾ ਲਿਆ ਹੋਵੇ, ਉਨ੍ਹਾਂ 'ਚ ਚੁਲਬੁਲਾਪਨ ਹੋਣਾ ਕੁਦਰਤੀ ਹੀ ਹੈ।

ਵਾਸਤਵ ਵਿੱਚ ਜਵਾਨੀ ਵੇਲੇ ਕੁੜੀ ਆਪਣੀ ਸੁੰਦਰਤਾ 'ਤੇ ਮੋਹਿਤ ਰਹਿੰਦੀ ਹੋਈ ਆਲੇ-ਦੁਆਲੇ ਮੰਡਰਾਂਦੇ ਭੰਵਰਿਆਂ ਨੂੰ ਵੇਖ-ਵੇਖ ਖੁਸ਼ ਹੁੰਦੀ ਹੈ ਤੇ ਉਨ੍ਹਾਂ ਵਿੱਚੋਂ ਹੀ ਇਕ ਉਸਦਾ ਪ੍ਰੇਮੀ ਜਾਂ ਪਤੀ ਬਣ ਜਾਂਦਾ ਹੈ. ਆਲੇ-ਦੁਆਲੇ ਦੀ ਭੀੜ ਸਿਮਟ ਜਾਂਦੀ ਹੈ ਤੇ ਸਾਰਾ ਕੁਝ ਸੀਮਤ ਹੋ ਜਾਂਦਾ ਹੈ। ਮੈਨੂੰ ਲਗਦਾ ਕਿ ਖਵਾਹਿਸ਼ਾਂ ਇਥੇ ਦੱਬ ਕੇ ਰਹਿ ਜਾਂਦੀਆਂ ਨੇ। ਨਸ਼ੇ 'ਚ ਚੂਰ ਹੌਲੀ-ਹੌਲੀ ਕੁੜੀ ਉਮਰਾਂ ਦੇ ਦੋ ਪੜਾਵਾਂ ਨੂੰ ਪਾਰ ਕਰ ਜਾਂਦੀ ਹੈ ਤਾਂ ਆਪਣੇ ਆਲੇ-ਦੁਆਲੇ ਘੁੰਮਣ-ਘੇਰੀਆਂ ਪਾਉਣ ਵਾਲੇ ਭੰਵਰਿਆਂ ਨੂੰ ਲੱਭਦੀ ਹੈ ਤੇ ਭੰਵਰੇ ਕੁਝ ਹੋਰ ਹੀ ਰੂਪ ਧਾਰ ਲੈਂਦੇ ਹਨ।

ਆਪਣੀ ਉਮਰ ਦੇ ਤੀਜੇ ਪੜਾਅ 'ਚ ਪੁੱਜੀ ਹੋਈ ਇਕ ਚੁਲਬੁਲੀ ਪ੍ਰੌੜ੍ਹ ਲੇਖਕਾ ਤੋਂ ਰਿਹਾ ਨਹੀਂ ਜਾਂਦਾ। ਉਹ ਆਪਣੀ ਜਵਾਨੀ ਵੇਲੇ ਦੇ ਇਸ਼ਕ ਨੂੰ ਯਾਦ ਕਰ ਕਰ ਦਿਨ ਗੁਜ਼ਾਰਨਾ ਚੰਗਾ ਸਮਝਦੀ ਹੈ ਤੇ ਨੌਜਵਾਨ ਲੇਖਕ ਮਰਦਾਂ ਵਿੱਚੋਂ ਕਈਆਂ ਨੂੰ ਉਹ ਪੁੱਤ ਵੀਰ ਬਣਾ ਕੇ ਹੀ ਖੁਸ਼ੀਆਂ ਭਾਲਦੀ ਹੈ, ਲਾਡ-ਲਡਾਉਂਦੀ ਹੈ, ਜੱਫੀਆਂ ਪਾਉਂਦੀ ਹੈ। ਕਈ ਵਾਰ ਕਿਸੇ ਨਾ ਕਿਸੇ ਜਵਾਨ ਕੁੜੀ ਦੇ ਸਾਥ ਨੂੰ ਮਾਣਦੀ ਹੈ, ਉਸਦੇ ਸੁਖ-ਦੁਖ ਦਾ ਪੂਰਾ ਸਾਥ ਵੀ ਨਿਭਾਉਂਦੀ ਹੈ।

ਕਹਿੰਦੇ ਨੇ ਚੰਗੀ ਪਤਨੀ ਉਹੀਓ ਹੈ ਜੋ ਪਤੀ ਦੇ ਪੇਟ ਨੂੰ ਲਜੀਜ਼ ਖਾਣਿਆਂ ਨਾਲ ਵੱਸ ਵਿਚ ਕਰ ਲਵੇ। ਇਸੇ ਕਰਕੇ ਲਜੀਜ਼ ਖਾਣੇ ਤੇ ਲਜੀਜ਼ ਲਤੀਫਿਆਂ ਨੂੰ ਪਰੋਸ ਕੇ ਜੇਕਰ ਕੋਈ ਪੇਸ਼ ਕਰੇ ਤਾਂ ਮਜਾਲ ਹੈ ਕੋਈ ਉਸਦੀ ਕੰਪਨੀ ਤੋਂ ਖਿਸਕ ਵੀ ਜਾਏ। ਉਸਦਾ ਪਤੀ ਵੀ ਉਸੇ ਦੀ ਉਮਰ ਦਾ ਹੈ, ਪਰ ਕਹਿੰਦੀ ਹੈ—ਖਾਏ ਖਸਮਾਂ ਨੂੰ। ਮੈਂ ਲੇਖਕਾ ਹਾਂ, ਸਭ ਕੁਝ ਜਾਇਜ਼ ਹੈ। ਗੱਲਾਂ 'ਚ ਏਨੀ ਮਿਠਾਸ ਤੇ ਭਾਵੁਕਤਾ ਕਿ ਟੈਲੀਪੈਥੀ ਹੁੰਦੇ ਹੀ ਉਸਦੇ ਸ਼ਾਇਰ ਲੇਖਕ-ਪੁੱਤ ਨੱਠਦੇ ਆਉਂਦੇ ਹਨ। ਮਿੱਠੀਆਂ-ਮਿੱਠੀਆਂ ਗੱਲਾਂ ਨਾਲ ਲਜੀਜ਼ ਖਾਣੇ ਵੀ ਉਸਦੇ ਇਸ਼ਕ ਨੂੰ ਜਗਾ ਕੇ ਰੱਖਦੇ ਹਨ। ਅੱਖਾਂ ਨਮ ਹੁੰਦੀਆਂ ਨੇ, ਬੋਲ ਫੁਟਦੇ ਨਹੀਂ। ਸੱਚ ਕਹਾਂ—ਮੈਂ ਵੀ ਉਸਦੇ ਸੰਵੇਦਨਸ਼ੀਲ ਹਿਰਦੇ ਤੋਂ ਬਹੁਤ ਪ੍ਰਭਾਵਤ ਹਾਂ ਤੇ ਉਸਨੂੰ ਮਿਲਦੇ ਹੀ ਭਾਵੁਕ ਹੋ ਜਾਂਦੀ ਹਾਂ। ਹਾਂ ਇਹ ਉਸਦੀ ਸਾਈਕੀ ਹੀ ਹੈ ਕਿ ਇਸ ਉਮਰ ਵਿੱਚ ਦਿਲ ਨੂੰ ਜਵਾਨ ਰੱਖਦੇ ਹੋਏ ਨੌਜਵਾਨ ਮੁੰਡੇ-ਕੁੜੀਆਂ ਨਾਲ ਉਨ੍ਹਾਂ ਦੇ ਇਸ਼ਕ ਦੀਆਂ ਗੱਲਾਂ ਕਰਨੀਆਂ, ਉਨ੍ਹਾਂ ਦੇ ਇਸ਼ਕ ਦੀਆਂ ਪਰਤਾਂ ਫਰੋਲਣੀਆਂ ਜਾਂ ਉਨ੍ਹਾਂ ਦੇ ਇਕ-ਦੂਜੇ ਦੇ ਮਿਲਣ ਜਾਂ ਤੜਪਣ ਦੇ ਕਿੱਸੇ ਸੁਣ ਕੇ ਹੀ ਮਜ਼ਾ ਲੈਣਾ। ਸੁੰਨ ਹੋ ਜਾਣਾ ਤੇ ਕਈ ਪ੍ਰੇਮੀ ਜੋੜੀਆਂ ਨੂੰ ਆਪਣੇ ਘਰ ਸੱਦਾ ਦੇਣਾ। ਇਸ ਤਰ੍ਹਾਂ ਮਜ਼ੇ ਲੈਣਾ ਕਈ ਔਰਤਾਂ ਦੀ ਪ੍ਰੌੜ੍ਹ ਅਵਸਥਾ ਵਿੱਚ ਫਿਤਰਤ ਬਣ ਜਾਂਦੀ ਹੈ। ਆਪਣੀ ਇਸ ਫਿਤਰਤ ਨੂੰ ਸਿਰੇ ਚੜ੍ਹਾਉਣ ਲਈ ਕਈ ਵਾਰੀ ਉਹ ਲੱਤ-ਬਾਂਹ-ਗੋਡੇ ਵੀ ਤੁੜਵਾ ਲੈਂਦੀਆਂ ਨੇ ਤੇ ਉਸ ਤਕਲੀਫ ਵਿੱਚ ਵੀ ਉਸਨੂੰ ਜਵਾਨ ਮੁੰਡੇ-ਕੁੜੀਆਂ ਦਾ ਸਾਥ ਹੀ ਚੰਗਾ ਲਗਦਾ ਹੈ। ਕੀ ਕਰੇ—ਦਿਲ ਹੈ ਕਿ ਪਹਿਲੂ 'ਚ ਰਹਿੰਦਾ ਹੀ ਨਹੀਂ।

ਵੱਡੇ ਅਹੁਦੇ 'ਤੇ ਪੁੱਜੀਆਂ ਹੋਈਆਂ ਕਈ ਪ੍ਰੌੜ੍ਹ ਔਰਤਾਂ ਦੀ ਮਾਨਸਿਕਤਾ ਹੋਰ ਦੀ ਹੋਰ ਹੋ ਜਾਂਦੀ ਹੈ। ਉਹ ਆਪਣੇ ਆਲੇ-ਦੁਆਲੇ ਇਕ ਇਲੂਜ਼ਨ-ਇਕ ਤਲਿਸਮੀ ਜਾਲ ਬੁਣ ਲੈਂਦੀਆਂ ਹਨ। ਈਗੋ ਉਨ੍ਹਾਂ 'ਤੇ ਹਾਵੀ ਹੋ ਜਾਂਦੀ ਹੈ ਤੇ ਇਕ ਸਨਕ ਹਮੇਸ਼ਾ ਨਾਲ ਰਹਿੰਦੀ ਹੈ ਕਿ ਜੋ ਉਨ੍ਹਾਂ ਨੇ ਫ਼ੈਸਲਾ ਲਿਆ, ਉਹ ਹੀ ਠੀਕ। ਜੋ ਉਨ੍ਹਾਂ ਨੇ ਕਿਹਾ ਉਹ ਹੀ ਠੀਕ ਬਸ! ਇਹ ਔਰਤਾਂ ਆਪਣੀ ਜ਼ਾਤੀ ਜ਼ਿੰਦਗੀ ਵਿਚ ਬੱਚਿਆਂ ਵਾਂਗ ਲਿਲ੍ਹਕੜੀਆਂ ਕੱਢਦੀਆਂ ਨੇ ਤੇ ਪਤੀ ਅੱਗੇ-ਪਿੱਛੇ ਘੁੰਮਦੇ ਮੁਸਕਰਾਂਦੇ ਰਹਿੰਦੇ ਨੇ। ਮਨੋਵਿਗਿਆਨੀ ਤਾਹੀਓਂ ਤਾਂ ਕਹਿੰਦੇ ਨੇ ਬੱਚਿਆਂ ਤੇ ਬੁੜ੍ਹਿਆਂ 'ਚ ਕੋਈ ਫ਼ਰਕ ਨਹੀਂ।

ਵੱਡੀ ਉਮਰ 'ਚ ਨਵੀਂ-ਨਵੀਂ ਲਿਖਣ ਵਾਲੀ ਇਕ ਪ੍ਰੌੜ੍ਹ ਲੇਖਕਾ ਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਇਹ ਲੇਖਕ ਫਲਾਣੀ ਜਾਂ ਢਿਮਕਾਨੀ ਲੇਖਕਾ ਮਗਰ ਕਿਉਂ? ਉਹ ਵੀ ਲਿਖਣ ਲੱਗੀ ਹੈ ਤੇ ਉਸਦੇ ਪਿੱਛੇ ਕਿਉਂ ਨਹੀਂ ਹੈ? ਤੇ ਅਚਾਨਕ ਇਕ ਆਹਟ ਹੁੰਦੀ ਹੈ। ਉਹ ਆਪਣੇ ਦਿਲ ਦਾ ਬੂਹਾ ਖੋਲ੍ਹਦੀ ਹੈ। ਵੇਖ ਕੇ ਹੈਰਾਨ ਹੁੰਦੀ ਹੈ। 'ਹੈਂਅ' ਇਹ ਤਾਂ ਮੈਂ ਹਾਂ ਤੇ ਇਕ ਚਾਅ ਮਲੂਕ ਜਿਹਾ ਜਾਗ ਉੱਠਦਾ ਹੈ। ਜੇਕਰ ਕਿਤੇ ਭੁੱਲਾ-ਭਟਕਿਆ ਜਵਾਨ ਉਸ ਨਾਲ ਗੱਲ ਕਰਨ ਲੱਗ ਵੀ ਪਵੇ ਤਾਂ ਉਹ ਜਿਗਰਾ ਕਰਦੀ ਹੋਈ ਕਹੇਗੀ—"ਤੁਸੀਂ ਮੇਰੇ ਘਰ ਨਹੀਂ ਆਉਂਦੇ—ਕਦੇ ਘਰ ਆਓ—ਮੇਰੀ ਕਿਤਾਬ 'ਤੇ ਵੀ ਗੋਸ਼ਟੀ ਕਰਵਾਓ ਨਾ ਕਦੇ।" ਉਹ ਜਵਾਨ ਲੇਖਕ ਵਾਰ-ਵਾਰ ਕੋਸ਼ਿਸ਼ ਕਰਦਾ ਹੈ ਪਰ ਪੁਸਤਕ ਦੀ ਸ਼ਾਇਰੀ ਹੈ ਕਿ ਜਾਗਦੀ ਹੀ ਨਹੀਂ। ਉਹ ਹਾਰ ਕੇ ਉਸ ਦੀ ਉਮਰ ਦੇ ਇਕ ਲੇਖਕ ਨੂੰ ਉਸਦੇ ਘਰ ਭੇਜਦਾ ਹੈ—'ਯਾਰ—ਤੂੰ ਵੀ ਸ਼ਾਇਰ ਹੈਂ ਤੇ ਉਹ ਵੀ—ਉਸਦੀ ਸ਼ਾਇਰੀ ਸੁਣ ਆਵੀਂ....."

ਇਕ-ਦੋ ਵਾਰ ਜਾਣ ਤੋਂ ਬਾਅਦ ਉਸ ਲੇਖਕ ਤੋਂ ਹਾਲ ਪੁੱਛਿਆ। ਕਹਿੰਦਾ, "ਬਈ ਮੈਂ ਨਹੀਂ ਜੇ ਜਾਣਾ। ਪਹਿਲਾਂ ਤਾਂ ਬੂਹਾ ਖੋਲ੍ਹਦੇ-ਖੋਲ੍ਹਦੇ ਟੈਮ ਲਗਦਾ। ਫੇਰ, 'ਹਾਇ ਮੈਂ ਮਰ ਜਾਂ ਮੈਂ ਤਾਂ ਮੈਲੇ-ਕੁਚੈਲੇ ਕੱਪੜਿਆਂ 'ਚ ਬੈਠੀ ਹਾਂ—ਘੰਟੇ ਕੁ ਬਾਅਦ ਤਿਆਰ ਹੋ ਕੇ ਆਜੂ। ਫੇਰ ਉਸ ਤੋਂ ਰਸਗੁੱਲਿਆਂ ਦਾ ਡੱਬਾ ਨਹੀਂ ਜੇ ਖੁੱਲ੍ਹਦਾ। ਪਲੀਜ਼—ਖੋਲ੍ਹਿਓ ਜ਼ਰਾ। ਫੇਰ ਉਸਦੀ ਐਨਕ ਨਹੀਂ ਮਿਲਦੀ। ਫੇਰ ਮੇਰੀ ਤੌਬਾ—ਅੱਧੀ ਦਰਜਨ ਤੋਂ ਵੱਧ ਕਵਿਤਾਵਾਂ ਸੁਣਾਨ ਤੋਂ ਬਾਅਦ ਪੁੱਛੂ—ਦੱਸੋ ਖਾਂ ਜੋ ਉਹ ਫਲਾਣਾ ਲੇਖਕ ਹੈ, ਉਹ ਮੇਰੀ ਕਿਤਾਬ 'ਤੇ ਚਰਚਾ ਕਰਵਾਊ? ਉਸਨੂੰ ਕਹੋ ਨਾ ਮੇਰੀ ਕਿਤਾਬ 'ਤੇ ਚਰਚਾ ਕਰਵਾਏ? ਬੰਦਾ ਆਖੂ ਯਾਰ ਮੈਥੋਂ ਉਸਦੇ ਰਸਗੁੱਲੇ ਨਹੀਂ ਜੇ ਪਚਦੇ।" ਉਹ ਹੱਸਦਾ ਹੈ ਤੇ ਰਸ ਲੈਂਦਾ ਹੈ।

ਇਸ ਉਮਰ 'ਚ ਭਾਵੇਂ ਨਵੀਂ ਨਵੇਲੀ ਦੁਲਹਨ ਵਾਂਗ ਅੰਦਰ ਦੀ ਲੇਖਕਾ ਜਾਗ ਪੈਂਦੀ ਹੈ—ਪਰ ਇਹ ਲੰਘਦੀ ਉਮਰ, ਇਨ੍ਹਾਂ ਜਜ਼ਬਾਤਾਂ ਨਾਲ ਹੰਢਾਏ ਛਿਣਾਂ ਦੀਆਂ ਕਵਿਤਾਵਾਂ ਦਾ ਕੀ ਕਰੇ? ਇਹ ਲਾਲਸਾ ਤਾਂ ਜਾਨ ਹੀ ਕੱਢ ਦਿੰਦੀ ਹੈ ਨਾ। ਪਰ ਯਾਰ ਜੇ ਜਾਨ ਹੋਵੇ ਤਾਂਹੀਉਂ—ਭਾਵੇਂ ਜਿਸਮ 'ਚ ਤੇ ਭਾਵੇਂ ਕਵਿਤਾ 'ਚ।

**o** ਪ੍ਰੌੜ੍ਹ ਹੋਣਾ ਜਿਸਮ ਦਾ ਵੀ ਹੁੰਦਾ ਹੈ ਤੇ ਦਿਲ ਦਾ ਵੀ। ਕਈ ਔਰਤਾਂ ਜਿਸਮ ਤੋਂ ਤਾਂ ਪ੍ਰੌੜ੍ਹ ਨੇ, ਪਰ ਦਿਲ ਤੋਂ ਨਰੋਈਆਂ। ਸਮਾਜ ਕੀ ਕਰੂ? ਇਹ ਸੋਚ ਡਰ ਪੈਦਾ ਕਰੀ ਰਖਦੀ ਹੈ। ਰਿਟਾਇਰਮੈਂਟ ਉਮਰ ਦੇ ਕੰਢੇ 'ਤੇ ਪਰ ਦਿਲ ਕਾਬੂ 'ਚ ਨਹੀਂ। ਭਾਵਨਾਵਾਂ ਮਰੀਆਂ ਨਹੀਂ। ਕੀ ਕਰੇ। ਚਿਹਰੇ ਦੋ ਹੋ ਜਾਂਦੇ ਨੇ। ਘਰ ਹੋਰ-ਬਾਹਰ ਹੋਰ। ਘਰ-ਬਾਹਰ ਰਿਸ਼ਤੇਦਾਰੀ 'ਚ ਸਿੱਧੇ-ਸਾਦੇ ਕੱਪੜੇ-ਚਿਹਰੇ ਦਾ ਗੁਲਾਨਾਰੀ ਰੂਪ ਦਗ-ਦਗ ਕਰਦਾ, ਪਰ ਇੱਛਾਵਾਂ ਨਹੀਂ ਮਰਦੀਆਂ, ਉਹ ਵੀ ਟਪ-ਟਪ ਕਰਦੀਆਂ ਸੰਸਾਰ ਦੀਆਂ ਰੰਗੀਨੀਆਂ ਨੂੰ ਕੋਲੋਂ ਵੇਖਣਾ ਚਾਹੁੰਦੀਆਂ ਨੇ। ਮਹਾਨਗਰ ਵੜਦਿਆਂ ਹੀ ਕੱਪੜਿਆਂ 'ਚ ਨੂਰ ਆ ਜਾਂਦਾ ਹੈ। ਚਿਹਰੇ 'ਚ ਸਰੂਰ ਤੇ ਜਿਸਮ 'ਚ ਉਮੰਗਾਂ ਛਾਲਾਂ ਮਾਰਨ ਲੱਗ ਪੈਂਦੀਆਂ ਨੇ। ਮੇਰੀ ਜਾਣਕਾਰ ਹੈ ਇਕ। ਕਿਸੇ ਵਕਤ ਕੀਤੇ ਇਸ਼ਕ ਵਾਲਾ ਆਸ਼ਕ ਛੁਪ-ਛੁਪ ਵੇਖ ਕੇ ਹੀ ਤ੍ਰਿਪਤ ਹੋ ਜਾਂਦੀ ਹੈ।

ਮੈਂ ਬਿਊਟੀ ਪਾਰਲਰ ਕਟਿੰਗ ਕਰਵਾਉਣ ਜਾਣਾ ਸੀ, ਮੇਰੇ ਕਹਿਣ 'ਤੇ ਉਹ ਆਪਣੇ ਸਫਰ ਵਾਲਾ ਸੂਟ ਲਾਹ, ਸੋਹਣਾ ਜਿਹਾ ਸੂਟ ਪਾ ਕੇ ਤਿਆਰ ਹੋਈ। ਮੈਂ ਮੁਗਧ ਵੇਖਦੀ ਰਹਿ ਗਈ। ਉਹ ਮੇਰੇ ਨਾਲ ਗਈ। ਮੈਂ ਉਸਦੇ ਗੁਲਾਬੀ ਚਿਹਰੇ ਵੱਲ ਵੇਖ ਉਨ੍ਹਾਂ ਦੇ ਸਿਲਵਰ ਰੰਗੇ ਵਾਲਾਂ ਵੱਲ ਇਸ਼ਾਰਾ ਕਰ ਕਿਹਾ ਕਿ ਇਸਨੂੰ ਵਰਗੰਡੀ ਕਲਰ (ਚਮਕੀਲਾ ਰੰਗ) ਕਰਵਾ ਲਵੋ—ਤੁਸੀਂ ਬੜੇ ਸੋਹਣੇ ਵਿਖਾਈ ਦੇਵੋਗੇ। ਉਹ ਦੁਚਿੱਤੀ ਵਿਚ ਪੈ ਗਈ—'ਜੇ ਰੰਗ ਛੇਤੀ ਨਾ ਉਤਰਿਆ'? 'ਫੇਰ ਕੀ ਹੈ?' —'ਨਾ ਮੈਂ ਜਿੱਥੇ ਰਹਿੰਦੀ ਹਾਂ, ਜਿੱਥੇ ਨੌਕਰੀ ਕਰਦੀ ਹਾਂ—ਉੱਥੇ ਇਹ ਸਭ ਨਹੀਂ ਚਲਦਾ। ਇਥੇ ਆ ਕੇ ਹੱਸ ਬੋਲ ਕੇ ਜੀਣ ਦੀ ਲਾਲਸਾ ਵਧ ਜਾਂਦੀ ਹੈ। ਉਹ ਖੁਸ਼ ਸੀ ਜਿਵੇਂ ਕਿਸੇ ਗੁਫਾ 'ਚੋਂ ਨਿਕਲ ਖੰਭ ਫੈਲਾ ਆਪਣੀ ਆਜ਼ਾਦੀ ਮਾਣ ਰਹੀ ਹੋਵੇ। ਪਰ ਉਸਨੂੰ ਵੇਖ ਮੈਨੂੰ ਦੱਖਣ ਦੇ ਰਿਵਾਜ਼ ਯਾਦ ਆ ਜਾਂਦੇ ਨੇ ਜਿੱਥੇ ਇਕ ਵਿਧਵਾ ਕੁੜੀ ਨੂੰ ਸਫੇਦ ਸਾੜ੍ਹੀ ਹੀ ਵਲੇਟਣੀ ਪੈਂਦੀ ਹੈ—ਤਨ, ਮਨ, ਧਨ ਤੇ ਜੀਭ ਦੇ ਸੁਆਦ ਜਾਂ ਚਸਕਿਆਂ ਦਾ ਸੰਬੰਧ ਉਸ ਤੋਂ ਕੱਟ-ਵੱਢ ਦਿੱਤਾ ਜਾਂਦਾ ਹੈ। ਲੰਮੇ ਸੰਘਣੇ ਕੇਸਾਂ 'ਤੇ ਉਸਤਰਾ ਫੇਰ ਦਿੱਤਾ ਜਾਂਦਾ ਹੈ। ਇਥੇ ਤਾਂ ਉਸਨੇ ਆਪਣੀਆਂ ਅਤ੍ਰਿਪਤ ਇੱਛਾਵਾਂ 'ਤੇ ਉਸਤਰਾ ਫੇਰ ਲਿਆ ਸੀ।

ਸਵੇਰੇ ਉਹ ਵਾਪਸ ਜਾਣ ਲਈ ਤਿਆਰ ਹੋਈ। ਬਾਥਰੂਮ 'ਚੋਂ ਨਿਕਲਦੇ ਹੀ ਮੈਂ ਫੇਰ ਹੈਰਾਨ ਹੋ ਉਸਨੂੰ ਵੇਖਿਆ। ਉਸਨੇ ਸਫੈਦੀ ਆਪਣੇ ਦੁਆਲੇ ਵਲ੍ਹੇਟ ਲਈ ਸੀ। ਚਿਹਰਾ ਕੱਜਲ ਤੇ ਗੁਲਾਬੀ ਰੰਗ ਤੋਂ ਸੱਖਣਾ ਸੀ। ਇਹ ਕੀ ਹੈ?

'ਵੱਡੀ ਉਮਰ ਦੀ ਹਾਂ, ਲੋਕ ਕੀ ਕਹਿਣਗੇ, ਬੱਚੇ ਕੀ ਕਹਿਣਗੇ?' ਸੋਚ ਕੇ ਹੀ ਦੋ ਚਿਹਰੇ ਬਣਾ ਲੈਣਾ ਫਿਤਰਤ ਬਣ ਜਾਂਦੀ ਹੈ। ਇਹੋ ਫਿਤਰਤ ਕਦੇ-ਕਦੇ ਚਾਹੁੰਣ ਵਾਲੇ ਪਹਿਲੇ ਪ੍ਰੇਮੀ ਨੂੰ ਲੱਭਣ ਲਈ ਵੀ ਉਕਸਾਂਦੀ ਹੈ, ਪਰ ਮਰਦ ਤਾਂ ਸਦਾ ਜਵਾਨ ਰਹਿਣ ਵਾਲੀ ਸ਼ੈਅ ਹੈ ਨਾ। ਉਸਨੂੰ ਪਹਿਲੇ ਪਿਆਰ ਦੀ ਪ੍ਰੌੜ੍ਹ ਔਰਤ ਵਿੱਚ ਆਪਣੀ ਪ੍ਰੇਮਿਕਾ ਨਜ਼ਰ ਨਹੀਂ ਆਉਂਦੀ ਤੇ ਉਹ ਸਭ ਕਾਸੇ ਤੋਂ ਮੁਨਕਰ ਹੋ ਜਾਂਦਾ ਹੈ।

ਇਹ ਔਰਤਾਂ ਹੀ ਨੇ ਜੋ ਆਪਣੀਆਂ ਇੱਛਾਵਾਂ ਨੂੰ ਮਾਰ ਕੇ ਸਾਹ ਲੈਣਾ ਹੀ ਜ਼ਿੰਦਗੀ ਸਮਝਦੀਆਂ ਨੇ। ਕੋਈ ਕਿਸੇ ਪ੍ਰੌੜ੍ਹ ਮਰਦ ਤੋਂ ਪੁੱਛ ਤਾਂ ਵੇਖੇ?

ਵੱਡੀ ਉਮਰ ਦੀ ਸੁਹਣੀ ਲੇਖਕਾ ਨੂੰ ਕਈ ਵਾਰ ਆਪਣੇ ਭਰਮ ਦਾ ਆਪ ਹੀ ਸ਼ਿਕਾਰ ਹੋਣਾ ਪੈਂਦਾ ਹੈ। ਮੈਨੂੰ ਟੈਲੀਫੋਨ ’ਤੇ ਹੁਣ ਵੀ ਉਸਦੀਆਂ ਗੱਲਾਂ ਸੁਣਾਈ ਦਿੰਦੀਆਂ ਨੇ—‘ਲੈ ਮੈਨੂੰ ਤਾਂ ਹੁਣ ਵੀ ਕਈਆਂ ਦੀਆਂ ਆਫਰਾਂ ਆਂਦੀਆਂ ਨੇ। ਮੈਂ ਹੀ ’ਕੱਲੀ ਰਹਿਣਾ ਚਾਹੁੰਦੀ ਹਾਂ ਨਹੀਂ ਤਾਂ......” ਮੈਂ ਹੈਰਾਨ ਹੋ ਕੇ ਕਹਿੰਦੀ ਹਾਂ—‘ਹੱਛਾ’ ਤੇ ਉਸਦੇ ਚਿਹਰੇ ਦੀਆਂ ਗੁਲਾਬੀ ਲਕੀਰਾਂ ਨੂੰ ਵੇਖਦੀ ਆਪਣੀਆਂ ਅੱਖਾਂ ਆਪ ਹੀ ਬੰਦ ਕਰਕੇ ਕਬੂਤਰ ਬਣ ਜਾਂਦੀ ਹਾਂ।

**o** ਈਰਖਾ ਜ਼ਿੰਦਗੀ ਦੇ ਵਰਤਾਰੇ ਦਾ ਸਹਿਜ ਅੰਗ ਹੈ। ਇਕ ਵਾਰ ਚੰਡੀਗੜ੍ਹ ਪੁਸਤਕ ਮੇਲੇ ਵੇਲੇ ਬਾਹਰੋਂ ਆਈ ਇਕ ਸੁਹਣੀ ਪ੍ਰੌੜ੍ਹ ਲੇਖਕਾ ਸੰਪਾਦਕ ਦੇ ਨਾਲ ਢੁੱਕ ਕੇ ਖੜ੍ਹੀ ਸੀ। ਮੇਰੇ ‘ਹੈਲੋ’ ਕਹਿਣ ’ਤੇ ਸੰਪਾਦਕ ਨੇ ਮੈਨੂੰ ਮੋਢਿਆਂ ਤੋਂ ਹਲੂਣਿਆ ਤੇ ਕਿਹਾ—‘ਬੜੀ ਸੁਹਣੀ ਲੱਗ ਰਹੀ ਏਂ...’ ਉਸ ਪ੍ਰੌੜ੍ਹ ਲੇਖਕਾ ਨੇ ਹਉਕਾ ਭਰਦੇ ਕਿਹਾ, ‘ਆਹੋ ਹੁਣ ਤਾਂ ਨਵਿਆਂ ਦਾ ਜ਼ਮਾਨਾ ਹੈ’—ਕਿਉਂਕਿ ਉਸਨੂੰ ਪਤਾ ਹੈ—‘ਦਿਲ ਤੋ ਏਕ ਕਬੂਤਰਖ਼ਾਨਾ ਹੈ—ਯਹਾਂ ਤੋਂ ਬਸ ਆਣਾ ਜਾਣਾ ਹੈ ਤੇ ਸਾਰਾ ਸਮਾਂ ਉਸ ਲੇਖਕਾ ਦਾ ਇਹੋ ਯਤਨ ਰਿਹਾ ਕਿ ਕਿਤੇ ਮੈਂ ਉਸ ਸੰਪਾਦਕ ਨਾਲ ਚਿਪਟ ਨਾ ਜਾਵਾਂ ਤੇ ‘ਦਿਲ ਸੇ ਉਠਤਾ ਹੈ—ਜਾਂ ਸੇ ਉਠਤਾ ਹੈ, ਯਹ ਧੂੰਆਂ ਸਾ ਕਹਾਂ ਸੇ ਉਠਤਾ ਹੈ’—ਸੋਚਦੀ ਹੋਈ ਮੈਨੂੰ ਇਉਂ ਭੁਲੇਖਾ ਪੈਂਦਾ ਰਿਹਾ ਕਿ ਕਿਤੇ ਕੁਝ ਸੜ ਰਿਹਾ ਹੈ।

ਵਾਸਤਵ ਵਿਚ ਪ੍ਰੌੜ੍ਹ ਹੋ ਜਾਣ ’ਤੇ ਲੇਖਕਾਵਾਂ ਨੂੰ ਲਿਖਣ ਅਤੇ ਛਪਵਾਉਣ ਦੀ ਕਾਹਲ ਹੀ ਪੈ ਜਾਂਦੀ ਹੈ। ਉਨ੍ਹਾਂ ਨੂੰ ਜਾਪਦਾ ਹੈ ਉਮਰ ਵਧਦੀ ਤੇ ਲੰਘਦੀ ਜਾ ਰਹੀ ਹੈ ਤੇ ਛੇਤੀ ਤੋਂ ਛੇਤੀ ਸਭ ਕੁਝ ਛਪ ਜਾਵੇ। ਇਸੇ ਛਪਣ ਦੀ ਲਾਲਸਾ ਨਾਲ—‘ਹਾਇ ਨੀ ਅੜੀਏ’ ਜਵਾਨੀ ਵੀ ਮੁੜ ਪਰਤ ਆਉਂਦੀ ਹੈ ਤੇ ਸ਼ੁਰੂ ਹੁੰਦਾ ਹੈ ਜੁਗਾੜ ਦਾ ਦੌਰ, ਜਿਵੇਂ ਆਉਂਦੇ ਵਰ੍ਹੇ ਸ਼ਾਇਦ ਉਸਨੂੰ ਹੀ ਅਵਾਰਡ ਮਿਲ ਜਾਵੇ। ਤੇ ਇਹ ਅਵਾਰਡ ਹੈ ਕਿ ਤਿਲ੍ਹਕਦਾ ਤੇ ਖਿਸਕਦਾ ਹੀ ਜਾ ਰਿਹਾ ਹੈ। ਕੀ ਕਰੇ ਕੋਈ—ਛਾਲ ਨ੍ਹੀਂ ਨਾ ਵੱਜ ਸਕਦੀ ਫੜਨ ਲਈ—ਪ੍ਰੌੜ੍ਹਤਾ ਜੁ ਆ ਗਈ ਹੈ ਜਿਸਮ ਵਿਚ ਵੀ ਤੇ ਦਿਲ ਵਿਚ ਵੀ......।

✪

# ਪਤੀ-ਪਤਨੀ
# ਅਜੀਜ਼ ਵੀ ਨਾ-ਪਸੰਦ ਵੀ

'ਪਤੀ ਇਕ ਭੇੜੀਆ ਹੈ-ਉਹ ਹੋਰਨਾਂ ਤੋਂ ਤਾਂ ਬਚਾ ਲੈਂਦਾ ਹੈ ਪਰ ਆਪ ਖਾ ਜਾਂਦਾ ਹੈ...' ਇਹ ਔਰਤ ਦੀ ਇਕ ਪਾਸੜ ਭਾਵਨਾ ਹੋ ਸਕਦੀ ਹੈ—ਜ਼ਿੰਦਗੀ ਦੀ ਲੜਾਈ ਵਿਚ ਪਤੀ-ਪਤਨੀ ਦੇ ਨਾਜ਼ੁਕ ਰਿਸ਼ਤਿਆਂ ਦੀਆਂ ਤੰਦਾਂ ਵਿੱਚ, ਆਪਣੇ ਹਿੱਸੇ ਦੇ ਅਨੁਭਵ?

ਅਨੁਭਵ ਚੰਗੇ ਮਾੜੇ ਦੋਵੇਂ ਹੁੰਦੇ ਨੇ—ਇਨ੍ਹਾਂ 'ਚੋਂ ਕਿਸ ਤਰ੍ਹਾਂ ਦੇ ਅਨੁਭਵ ਭਾਰੂ ਹੋ ਜਾਂਦੇ ਨੇ-ਵੇਖਣ ਦੀ ਗੱਲ ਇਹ ਹੈ। ਪਤੀ-ਪਤਨੀ ਦੇ ਰੂਪ ਵਿੱਚ ਇਕ ਰੂਪ ਮਾਂ ਤੇ ਬਾਪ ਦਾ ਵੀ ਹੈ।

ਪਤੀ ਨਾਲ ਮੇਰੀ ਲੰਮੀ ਲੜਾਈ ਸੀ—ਉਦੋਂ ਮੈਂ ਰੋਪੜ ਕਾਲਜ ਤੋਂ ਡੇਰਾ ਬੱਸੀ ਕਾਲਜ ਬਦਲ ਕੇ ਹੀ ਆਈ ਸਾਂ ਤੇ ਤਿੰਨ ਵਰ੍ਹਿਆਂ ਪਿੱਛੋਂ ਦੂਜਾ ਗਰਭ ਲੈ ਚੰਡੀਗੜ੍ਹ ਰਹਿੰਦੀ ਸਾਂ। ਪਤੀ ਫੌਜੀ ਅਫਸਰਾਂ ਨਾਲ ਆਪਣੀ ਲੜਾਈ 'ਚ ਮਸ਼ਗੂਲ ਸੀ। ਮੇਰੇ ਸਹੁਰਿਆਂ ਦਾ ਪਿੰਡ ਕੁਮਾਉਂ ਇਲਾਕੇ ਵਿਚ ਪਿੰਡਾਰੀ ਗਲੇਸ਼ੀਅਰ ਕੋਲ ਸੀ। ਮੈਂ ਗਰਭਵਤੀ ਅਵਸਥਾਂ ਵਿਚ ਬਿਲਕੁਲ ਇਕੱਲੀ ਸਾਂ, ਮੇਰੇ ਕੋਲ ਮਦਦ ਲਈ ਕੋਈ ਵੀ ਨਹੀਂ ਸੀ। ਮੇਰਾ ਢਿੱਡ ਵੀ ਵਧਦਾ ਜਾਂਦਾ—ਮੈਂ ਆਪਣੀ ਨਨਾਣ ਨੂੰ ਆਉਣ ਲਈ ਕਿਹਾ—ਸੱਸ ਨੂੰ ਆਖਿਆ—ਦੋਵੇਂ ਪਹਾੜੀ ਪਿੰਡ ਤੋਂ ਸ਼ਹਿਰ ਆਉਂਦੀਆਂ ਡਰਦੀਆਂ ਸਨ— 'ਖੇਤੀਬਾੜੀ ਕਿੱਦਾਂ ਛੱਡੀਏ—ਸ਼ਹਿਰ ਦਿਲ ਨੀ ਲੱਗੂ-ਖਾਣ-ਪੀਣ, ਰਹਿਣ-ਸਹਿਣ ਦਾ ਕਿਵੇਂ ਕਰਾਂਗੇ....ਵਗੈਰਾ ਵਗੈਰਾ-' ਮੈਂ ਹਤਾਸ਼ ਹੋ ਸੋਚਾਂ ਵਿੱਚ ਡੁੱਬ ਜਾਂਦੀ।

ਹਰ ਦਿਨ ਭਾਵੇਂ ਮੈਂ ਘਬਰਾਉਂਦੀ ਪਰ ਉਪਰੋਂ ਸਖ਼ਤ ਜਾਨ ਬਣਨ ਦੀ ਕੋਸ਼ਿਸ਼ ਕਰਦੀ—ਜ਼ਿੰਦਗੀ 'ਚ ਜਿਊਣਾ ਹੈ ਤਾਂ ਸਿਰ ਚੱਕ ਕੇ ਜੀਣਾ ਹੈ- ਇਹ ਆਉਣ ਵਾਲਾ ਬੱਚਾ ਮੇਰੀ ਇੱਛਾ ਦਾ ਸਿੱਟਾ ਸੀ—ਮੇਰੀ ਆਪਣੀ ਚੋਣ....। ਗਰਭ 'ਚ ਕੀ ਹੈ ਇਸਦਾ ਕੋਈ ਇਲਮ ਨਹੀਂ ਸੀ। ਉਦੋਂ ਬੱਸ ਦਾ ਸਫ਼ਰ ਕਰਕੇ ਕਾਲਜ ਪੁੱਜਦੀ, ਬੱਸ ਦੇ ਝਟਕਿਆਂ ਤੋਂ ਡਰਦੀ—ਪਰ ਸੋਚਦੀ ਇਹੋ ਦਿਨ ਮੇਰੇ ਇਮਤਿਹਾਨ ਦੇ ਦਿਨ ਹਨ—ਪਤੀ ਨੂੰ ਵਿਖਾ ਦੇਵਾਂਗੀ ਕਿ ਔਰਤ ਦਾ ਪਤਨੀ ਰੂਪ ਜੇਕਰ ਪਿਆਰ ਦੁਲਾਰ ਦਾ ਹੈ ਤਾਂ ਮਾਂ ਰੂਪ ਵਿਚ ਅਣਖ ਵੀ ਘੱਟ ਨਹੀਂ ਹੈ। ਮੈਂ ਜਿੱਦਦੀ-ਉਸਨੂੰ ਮੇਰੇ ਕੋਲ ਹੋਣਾ ਚਾਹੀਦਾ ਹੈ, ਮੇਰੀ ਕੇਅਰ ਕਰਨੀ ਚਾਹੀਦੀ ਹੈ, ਮੈਂ ਉਸਦੇ ਬੱਚੇ ਦੀ ਮਾਂ ਬਣਨ ਜਾ ਰਹੀ ਹਾਂ—ਉਹ ਮੈਨੂੰ ਅਸਮਾਨ 'ਤੇ ਕਿਉਂ ਨਹੀਂ ਬਿਠਾ ਦਿੰਦਾ—ਤਾਰੇ ਕਿਉਂ ਨੀ ਤੋੜ ਲਿਆਉਂਦਾ। ਜਦੋਂ ਆਉਂਦਾ ਏਸੇ ਗੁੱਸੇ ਕਾਰਣ ਉਸ ਨਾਲ ਰੁੱਸ ਜਾਂਦੀ—ਧਮਕੀ ਦਿੰਦੀ, ਉਸਦੀ ਪਰਵਾਹ ਨਾ ਕਰਦੀ-ਤਕਰਾਰ ਕਰਦੀ-ਝਗੜਦੀ, ਉਹ ਅੱਕ ਕੇ ਲੜ ਪੈਂਦਾ ਤੇ ਨੌਕਰਾਣੀ ਨੂੰ ਹਦਾਇਤਾਂ ਦੇ ਫਿਰ ਚਲਾ ਜਾਂਦਾ।

ਦਿਨ ਨੇੜੇ ਆ ਰਹੇ ਸਨ-ਢਿੱਡ ਕੁੰਭ ਵਾਂਗ ਅਗਾਹ ਵਧਦਾ ਆ ਰਿਹਾ ਸੀ। ਬੇਚੈਨ ਹੁੰਦੀ ਜਾ ਰਹੀ ਸਾਂ। ਸਾਰੇ ਆਪੋ ਆਪਣੇ ਘਰੀਂ ਸੁਖੀ ਸਨ। ਕਿਸੇ ਕੋਲ ਵਕਤ ਨਹੀਂ ਸੀ। ਵੱਡੀ ਭੈਣ ਨੇ ਵੀ ਇਕ ਵਾਰ ਫੇਰਾ ਪਾਇਆ ਤੇ ਆਓਣ ਵਾਲੇ ਸਮੇਂ ਲਈ ਆਉਣ ਦਾ ਕਹਿ ਕੇ ਚਲੀ ਗਈ।

ਹੁਣ ਸੱਤ ਮਹੀਨੇ ਹੀ ਸਨ ਕਿ ਮੈਥੋਂ ਬੱਸਾਂ 'ਚ ਜਾਣਾ ਆਉਣਾ ਔਖਾ ਹੋ ਗਿਆ—ਅਠਵਾਂ ਮਹੀਨਾ ਲੱਗਦੇ ਹੀ ਮੈਂ ਕਾਲਜ ਤੋਂ ਮੈਟਰਨਿਟੀ ਲੀਵ ਤੋਂ ਹਟ ਬਿਨਾਂ ਤਨਖ਼ਾਹ ਛੁੱਟੀ ਲੈ ਲਈ। ਦਿਨ ਵੇਲੇ ਵੀ ਅਤੇ ਰਾਤ ਵੇਲੇ ਵੀ ਬਸ ਸੁਫ਼ਨੇ ਬੁਣਦੀ, ਪਤੀ ਪ੍ਰਤੀ ਗੁੱਸਾ ਅਸਮਾਨ ਤੇ ਚੜ੍ਹਿਆ ਰਹਿੰਦਾ। ਇਕ ਦਿਨ ਕਿਸੇ ਕਿਹਾ, 'ਅੱਜ ਤੇਰਾ ਕੈਪਟਨ ਕਿਸੇ ਪਹਾੜੀ ਔਰਤ ਨਾਲ ਬੱਸੋਂ ਲੱਥਿਆ ਹੈ...' ਸ਼ੱਕ ਦੀ ਸੂਈ ਘੜੀ ਵਾਂਗ ਟਿੱਕ-ਟਿੱਕ ਕਰਦੀ ਮੇਰੇ ਦਿਲ 'ਤੇ ਹਥੌੜੇ ਚਲਾਉਣ ਲੱਗੀ—ਪਤਾ ਸੀ ਉਸਨੇ ਅੱਜ ਪਿੰਡੋਂ ਆਉਣਾ ਹੈ—ਪਰ ਉਸਦੇ ਨਾਲ ਕੌਣ ਸੀ? ਸ਼ਾਮੀ ਉਹ ਘਰ ਆਇਆ, ਮੈਂ ਤੁਣਕ ਕੇ ਉਸਨੂੰ ਬਿਨਾਂ ਪੁੱਛੇ ਰਾਤ ਵੇਲੇ ਆਪਣੀ ਮਾਸੀ ਦੇ ਘਰ ਚਲੀ ਗਈ। ਉਹ ਚੰਡੀਗੜ੍ਹ ਏਅਰਪੋਰਟ 'ਤੇ ਆਪਣੇ ਬੇਟੇ ਨਾਲ ਰਹਿੰਦੇ ਸਨ। ਖ਼ੁਸ਼ ਰਹਿਣ ਦੀ ਕੋਸ਼ਿਸ਼ ਕੀਤੀ। ਜੇਕਰ ਰੋਈ ਜਾਂ ਮਨ ਵਿੱਚ ਮਾੜੇ ਵਿਚਾਰ ਪੈਦਾ ਕੀਤੇ ਤਾਂ ਬੱਚੇ 'ਤੇ ਮਾੜਾ ਅਸਰ ਪਊ। ਸਵੇਰੇ ਪਤੀ ਮਨਾਉਣ ਆਇਆ, ਮੈਂ ਉਸ ਨਾਲ ਨਹੀਂ ਗਈ। ਸੈਕਟਰ-17 ਜਾ ਕੇ ਇਧਰ-ਉਧਰ ਵੈਸੇ ਹੀ ਘੁੰਮਦੀ ਕਦੇ ਆਈਸਕਰੀਮ ਲੈ ਲਈ, ਕਦੇ ਛੱਲੀ ਤੇ ਕਦੇ ਇੰਡੀਅਨ ਕਾਫੀ ਹਾਊਸ ਤੋਂ ਡੋਸਾ ਖਾ ਆਈ। ਘਰ ਵੜਨ ਨੂੰ ਦਿਲ ਨਾ ਕੀਤਾ। ਫੈਸਲਾ ਲਿਆ ਤੇ ਆਪਣੇ ਵਾਲ ਕਟਾ ਆਈ—ਇਕ ਵਾਰ ਤਾਂ ਦਿਲ ਕੰਬਿਆ, ਮੇਰੀ ਨਨਾਣ ਨੇ ਮੈਨੂੰ ਆਖਿਆ ਸੀ—'ਨਿਮਾ, ਸਾਡੇ 'ਚ ਵਾਲ ਉਹ ਕਟਾਉਂਦੀ ਹੈ ਜਿਸ ਦਾ ਪਤੀ ਸਵਰਗਵਾਸ ਹੋ ਜਾਵੇ—' ਮੈਂ ਇਹ ਗ਼ਲਤੀ ਕਰਤੀ—ਆਪਣੇ ਆਪ ਨੂੰ

ਕਿਹੜੀ ਤੇ ਕਿਉਂ ਸਜ਼ਾ ਦੇ ਰਹੀ ਹਾਂ? ਅੱਥਰੂ ਟੱਪ-ਟੱਪ ਕਿਰਨ ਲੱਗਦੇ। ਇਹ ਕੀਮਤੀ ਮੋਤੀ ਕਾਹਤੋਂ ਡੋਲ੍ਹ ਰਹੀ ਹਾਂ—ਕਿਸ ਚੀਜ਼ ਦਾ ਗੁੱਸਾ, ਉਸ ਨਾਲ ਗੱਲ ਕਿਉਂ ਨਹੀਂ ਕਰਦੀ— ! ਨਹੀਂ-ਮੈਂ ਕੁਝ ਨਹੀਂ ਕਹਿਣਾ—ਉਹ ਆਪ ਅਪਣੀ ਸਫ਼ਾਈ ਦਵੇ। ਤੇ ਚੁੱਪ-ਚਪੀਤੇ ਨੌਂਵਾਂ ਮਹੀਨਾ ਲੱਗ ਗਿਆ।

ਪਹਿਲੇ ਬੱਚੇ ਵੇਲੇ ਜੋ ਹਦਾਇਤਾਂ ਮੇਰੀ ਮਾਂ ਮੈਨੂੰ ਦਿਆ ਕਰਦੀ ਸੀ ਉਹ ਸਭ ਕੁਝ ਚੁੱਪਚਾਪ ਕਰਦੀ-ਬੂਹੇ ਦੀ ਡਿਉਢੀ ਵਿਚ ਖਲੋ ਦੁੱਧ 'ਚ ਘਿਓ ਪਾ ਪੀਂਦੀ—ਇਕ ਸੇਬ ਜ਼ਰੂਰ ਖਾਂਦੀ—ਆਇਰਨ ਦਾ ਕੈਪਸੂਲ ਲੈਣਾ ਨਹੀਂ ਭੁੱਲਦੀ—ਨੌਕਰਾਣੀ ਦੇ ਮਨ੍ਹਾ ਕਰਨ 'ਤੇ ਵੀ ਇਕ ਕਮਰੇ 'ਚ ਪੋਚਾ ਜ਼ਰੂਰ ਲਾਉਂਦੀ। ਬੱਚੇ ਦੀਆਂ ਅੱਖਾਂ ਸੋਹਣੀਆਂ ਹੋਣਗੀਆਂ ਜੇ ਮੈਂ ਰੋਜ਼ ਕੱਚੀ ਗਿਰੀ ਖਾਵਾਂ—ਸੁਫ਼ਨੇ ਲੈਂਦੀ ਮੇਰਾ ਬੱਚਾ ਰੱਜ ਕੇ ਸੋਹਣਾ ਹੋਵੇ—ਝਗੜੇ ਦੇ ਬਾਵਜੂਦ ਅੱਖਾਂ ਮੂਹਰੇ ਪਤੀ ਦੀ ਤਸਵੀਰ ਹੀ ਹੁੰਦੀ। 'ਟੁੱਟ ਪੈਣਾ ਅੰਗਰੇਜ਼ਾ ਵਰਗੀ ਸੂਰਤ ਤੇ ਉਨ੍ਹਾਂ ਵਰਗੀ ਹੀ ਸੋਚ ਲੈ ਕੇ ਜੰਮਿਆ ਸੀ—'

'ਹੋਰਨਾਂ ਕੁੜੀਆ ਵੱਲ ਕਿਉਂ ਝਾਕਦਾ ਹੈ?' ਪੁੱਛਦੀ ਤਾਂ ਉਹ ਹਿੜਹਿੜ ਕਰਦਾ। 'ਤੈਨੂੰ ਹੋਰ ਕਿਹੜੀ ਰਾਣੀ ਮਿਲਜੂ ਜੋ ਨੱਠਦਾ ਫਿਰਦਾਂ?' ਕਹਿੰਦੀ ਹੋਈ ਕਿਸੇ ਹੋਰ ਦਾ ਤਾਹਨਾ ਦਿੰਦੀ ਤਾ ਬਾਹਾਂ 'ਚ ਭਰ ਉਹ ਕਹਿੰਦਾ-'ਮੈਡਮ ਜੀ, ਕਿਉਂ ਗੁੱਸਾ ਕਰਦੇ ਹੋ, ਜੇ ਉਹ ਰਾਣੀਆਂ ਤਾਂ ਤੁਸੀਂ ਪਟਰਾਣੀ ਜੇ।'

ਇਨ੍ਹਾਂ ਵਾਕਾਂ ਨਾਲ ਮੇਰੇ ਜ਼ਿਹਨ 'ਚ ਹੋਰ ਗੁੱਸਾ ਭੜਕਦਾ ਰਹਿੰਦਾ। ਬੱਸ ਬਿਨਾਂ ਦਲੀਲ, ਬਿਨਾਂ ਤਰਕ ਮੈਂ ਉਸ ਨਾਲ ਰੁੱਸੀ ਬੈਠੀ ਰਹਿੰਦੀ। ਜਦੋਂ ਮੈਂ ਵਾਲ ਕਟਵਾ ਕੇ ਘਰੇ ਵੜੀ ਤਾਂ ਉਹ ਮੇਰੇ ਕੱਟੇ ਵਾਲਾਂ ਨੂੰ ਵੇਖਦਾ ਹੀ ਰਹਿ ਗਿਆ ਤੇ ਅੱਖਾਂ 'ਚ ਗੁੱਸਾ ਭਰ ਉੱਠ ਕੇ ਬੂਹਾ ਖੋਲ੍ਹ ਕੇ ਬਾਹਰ ਚਲਾ ਗਿਆ।

ਰਾਤੀਂ ਘਰ ਨਹੀਂ ਵੜਿਆ। ਦੂਜੇ ਦਿਨ ਸ਼ਾਮੀ ਟੈਲੀਗ੍ਰਾਮ ਆਈ 'ਉਹ ਪਿੰਡ ਆ ਗਿਆ ਹੈ ਤੇ ਉਥੇ ਹੀ ਰਹੇਗਾ, ਜੇ ਉਸ ਆਉਣਾ ਹੈ ਤਾਂ ਪਿੰਡ ਆ ਸਕਦੀ ਹੈ।'—ਬਸ!

ਹਾਏ! ਇਹ ਕੀ ਹੋ ਗਿਆ—ਜਨੇਪੇ ਵੇਲੇ ਘਰ ਕੋਈ ਨੀ, ਕਿਸ ਤਰ੍ਹਾਂ ਹੋਊ। ਮੈਂ ਆਪਣੇ ਆਪ ਨੂੰ ਹੋਰ ਸਖ਼ਤ ਬਣਾ ਲਿਆ—ਜੋ ਹੋਵੇਗਾ ਵੇਖੀ ਜਾਊ! ਮੈਂ 'ਕੱਲੀ ਜਨੇਪਾ ਕੱਟਾਂਗੀ ਤੇ ਹੁਣ ਇਕੱਲੇ ਹੀ ਜ਼ਿੰਦਗੀ ਬਿਤਾਉਣੀ ਹੈ। ਰਾਣਾ ਨੂੰ ਹੁਣ ਘਰੇ ਨੀ ਵੜਨ ਦੇਣਾ। ਇਹ ਸੋਚ ਨਰਸਿੰਗ ਹੋਮ ਦੀ ਡਾਕਟਰ ਨੂੰ ਆਪਣਾ ਨਾਮ ਲਿਖਵਾ ਆਈ ਤੇ ਹੁਣ ਸਿਰਫ਼ ਬੱਚੇ ਦੀ ਉਡੀਕ ਕਰਨ ਲੱਗ ਪਈ। ਐਡੇ ਵੱਡੇ ਘਰ 'ਚ 'ਕਲੀ, ਸਾਰਾ ਘਰ ਭਾਂਅ-ਭਾਂਅ ਕਰਦਾ। ਚੁੱਪ ਚੁਪੀਤੇ ਉਡੀਕਦੀ ਰਾਤਾਂ ਕੱਟਦੀ।

ਮੈਂ ਸ਼ਾਮੀ ਸੈਰ ਕਰਨ ਲਈ ਤਿਆਰ ਹੋ ਰਹੀ ਸਾਂ। 21 ਸੈਕਟਰ ਵਿਚ ਦੂਜੀ ਮੰਜ਼ਿਲ ਦਾ ਘਰ—ਢਿੱਡ ਵਧਿਆ ਹੋਇਆ—ਸਹਿਜੇ-ਸਹਿਜੇ ਪੌੜੀਆਂ ਉਤਰ ਹੀ ਰਹੀ ਸਾਂ ਕਿ ਪਤੀ ਰਾਣਾ ਦਗੜ-ਦਗੜ ਪੌੜੀਆਂ ਚੜ੍ਹਦਾ ਦਿੱਸਿਆ—ਹੈਰਾਨ, ਕੁਝ ਨੀ ਬੋਲੀ। ਉਸਨੇ ਮੇਰਾ ਹੱਥ ਫੜ ਮੈਨੂੰ ਰੋਕ ਲਿਆ।

ਸਵੇਰੇ ਤਬੀਅਤ ਵਿਗੜ ਗਈ। ਜਿਵੇਂ ਬੱਚਾ ਰਾਣਾ ਦੀ ਉਡੀਕ ਹੀ ਕਰ ਰਿਹਾ ਹੋਵੇ। ਨੌਕਰਾਣੀ ਛੁੱਟੀ 'ਤੇ ਸੀ। ਉਸ ਮੈਨੂੰ ਦੁੱਧ ਗਰਮ ਕਰਕੇ ਦਿੱਤਾ, ਫਲ ਖਵਾਏ, ਮੇਰੀਆਂ ਦੋ ਮੈਕਸੀਆਂ, ਕੁਝ ਇਧਰ-ਉਧਰ ਦੇ ਲੀੜੇ, ਚਾਦਰ ਵਗੈਰਾ ਪੈਕ ਕੀਤੀਆਂ। ਗਿਆਰਾਂ ਵੱਜ ਰਹੇ ਸਨ। ਟੈਕਸੀ ਮੰਗਵਾਈ ਤੇ ਅਸੀਂ ਨਰਸਿੰਗ ਹੋਮ ਸਾਂ—ਲੇਬਰ ਰੂਮ ਤੋਂ ਬੱਚੇ ਹੋਣ ਤੱਕ ਇਸ ਦੌਰਾਨ ਰਾਣਾ ਇਕ ਪਲ ਵੀ ਮੈਥੋਂ ਉਹਲੇ ਨਹੀ ਹੋਇਆ—ਮੈਂ ਹੈਰਾਨ ਤੇ ਪਰੇਸ਼ਾਨ ਵੀ ਕਿ ਮੇਰੇ ਇੰਨੇ ਤਿਰਸਕਾਰ ਦੇ ਬਾਵਜੂਦ ਮੇਰੀ ਸੇਵਾ ਹੋ ਰਹੀ ਹੈ?

ਦੁਪਹਿਰ 1.50 ਤੇ ਮੇਰੀ ਬੇਟੀ ਮੇਰੇ ਪਤੀ ਦੀਆਂ ਬਾਹਵਾਂ ਵਿਚ ਸੀ— 'ਹਾਅ-ਇੰਨੀ ਸੁਹਣੀ!' ਇਸ ਤਰ੍ਹਾਂ ਮੇਰੇ ਜਨੇਪੇ ਦਾ ਸਾਰਾ ਭਾਰ ਮੇਰੇ ਪਤੀ ਨੇ ਆਪਣੇ ਹੱਥਾਂ 'ਤੇ ਚੁਕਿਆ। ਮੇਰੇ ਕੱਪੜੇ ਬਦਲਵਾਣਾ, ਬੱਚੇ ਨੂੰ ਨਹਾਉਣ 'ਚ ਮਦਦ ਕਰਨਾ, ਉਸਦੀ ਨੈਪੀ ਬਦਲਣਾ, ਦੁੱਧ ਗਰਮ ਕਰਕੇ ਬਾਟਲ 'ਚ ਪਾਉਣਾ, ਮੈਥੋਂ ਜੇ ਉਠ ਨਾ ਹੋਣਾ ਤਾਂ ਖੁਦ ਬਾਹਾਂ 'ਚ ਬਾਹਰ ਮੰਜੇ 'ਤੇ ਬਿਠਾਉਣਾ, ਇਥੋਂ ਤੀਕ ਜਿਸ ਦਿਨ ਮਾਲਿਸ਼ ਵਾਲੀ ਨਾ ਆਵੇ ਤਾਂ ਕਹੇ—'ਜਨੇਪੇ 'ਚ ਮਾਲਿਸ਼ ਜ਼ਰੂਰ ਹੋਣੀ ਚਾਹੀਦੀ ਹੈ— ਨਹੀਂ ਤਾਂ ਵੱਡੀ ਉਮਰ 'ਚ ਔਖੀ ਹੋਵੇਂਗੀ' ਤੇ ਆਪ ਹੀ ਮਾਲਿਸ਼ ਸ਼ੁਰੂ ਕਰ ਦੇਣੀ—ਮੈਂ ਰੋਣ-ਹਾਕੀ ਹੋ ਜਾਂਦੀ।

ਹੁਣ ਜੇ ਪਿੱਛੇ ਝਾਤੀ ਮਾਰਦੀ ਹਾਂ ਤਾਂ ਸੋਚਦੀ ਹਾਂ 'ਇਹ ਪਤੀ ਕਿਹੋ ਜਿਹਾ ਭੇੜੀਆ ਸੀ, ਜਿਸ ਮੈਨੂੰ ਉਸ ਸਮੇਂ ਦੇ ਇਕਲਾਪੇ 'ਤੋਂ ਬਚਾਇਆ?

✪

# ਸ਼ਿਕਾਰਣਾਂ

'ਮੈਂ ਤਾਂ ਉਸਦਾ ਸ਼ਿਕਾਰ ਕਰ ਰਿਹਾ ਸੀ, ਪਰ ਕੁੜੀ ਹੋ ਕੇ ਯੂ ਨੋ ਉਸ ਮੇਰਾ ਸ਼ਿਕਾਰ ਕਰਨਾ ਚਾਹਿਆ...' 'ਕਿਉਂ, ਤੂੰ ਫੰਨੇ ਖਾਂ ਹੈ-' ਮੈਂ ਹੱਸ ਕੇ ਕਿਹਾ

'ਮੈਂ ਮੁੰਡਾ ਹਾਂ।'

ਦਰਅਸਲ ਮੈਲਬਰਨ (ਆਸਟਰੇਲੀਆ) ਦੇ ਹਵਾਈ ਅੱਡੇ 'ਤੇ ਜਹਾਜ਼ ਵਿੱਚ ਬੈਠਣ ਤੋਂ ਪਹਿਲਾਂ, ਮੈ ਸੋਫੇ 'ਤੇ ਬੈਠੀ ਉਡੀਕ ਕਰ ਰਹੀ ਸਾਂ-ਨਾਲ ਹੀ ਮੋਗੇ ਦਾ ਇਕ ਜਵਾਨ ਮੁੰਡਾ ਬੈਠਾ ਸੀ, ਆਪਣੇ ਮੁਲਕ ਦਾ ਹੋਣ ਕਾਰਨ ਗੱਲਾਂ ਆਰੰਭੀਆਂ ਗਈਆਂ ਸਨ।

ਉਸ ਦੱਸਿਆ ਮੈਂ ਇਥੇ ਪੜ੍ਹਨ ਤੋਂ ਬਾਅਦ ਪੀ.ਆਰ. ਯਾਨੀ ਪੱਕੇ ਹੋਣ ਲਈ ਅਰਜ਼ੀ ਪਾਈ ਹੋਈ ਆ, ਪਰ ਕੁੜੀਆਂ ਜ਼ਿਆਦਾਤਰ ਪੀ. ਆਰ. ਵਾਲੇ ਮੁੰਡਿਆਂ ਨਾਲ ਫਸ ਜਾਂਦੀਆਂ ਨੇ, ਪੱਕੇ ਹੋਣ ਲਈ।

ਯੂ ਨੋ-ਮੈਂ ਹੁਣੇ ਪੱਕਾ ਹੋਣਾ ਹੈ-ਇਸ ਕਾਰਣ ਮੇਰੀਆਂ ਦੋ ਤਿੰਨ ਗਰਲ ਫਰੈਂਡਾਂ ਬਣੀਆਂ ਸਨ, ਪਰ ਪਤਾ ਲੱਗਣ 'ਤੇ ਉਹ ਮੈਨੂੰ ਛੱਡ ਗਈਆਂ, ਯੂ ਨੋ... ਮੇਰੇ ਨਾਲ ਸਾਰਾ ਕੁਸ਼ ਕਰ ਕੁਰਾ ਕੇ ਵੀ ਛੱਡ ਦਿੰਦੀਆਂ ਨੇ-'

'ਕਿਉਂ ਤੂੰ ਨਹੀਂ ਉਨ੍ਹਾਂ ਨਾਲ ਸਾਰਾ ਕੁਸ਼ ਕੀਤਾ-' ਮੈਂ ਉਸਦੇ ਲਹਿਜੇ 'ਚ ਕਿਹਾ।

'ਮੈਂ ਤਾਂ ਮੁੰਡਾ ਹਾਂ, ਉਹ ਕੁੜੀਆਂ ਹੋ ਕੇ ਵੀ...' ਮੇਰੇ ਵੱਲ ਉਸਨੇ ਗੁੱਸੇ ਅਤੇ ਹਿਕਾਰਤ ਭਰੀਆਂ ਅੱਖਾਂ ਨਾਲ ਵੇਖਿਆ ਤੇ ਫੇਰ ਕਿਹਾ।

'ਹੋਰ ਤਾਂ ਹੋਰ ਇਕ ਗੋਰੀ ਦੇ ਪਿਆਰ 'ਚ ਮੈਂ ਫਸ ਗਿਆ। ਉਹ ਮੇਰੇ ਨਾਲ ਇਕ ਵਰ੍ਹਾ ਰਹੀ ਫੇਰ ਮੈਨੂੰ ਛੱਡਗੀ... ਯੂ ਨੋ...ਮੈਂ, ਉਸ ਕਾਰਣ ਪੱਕੇ ਹੋ ਜਾਣਾ ਸੀ ਤੇ ਉਹ ਫਿੱਸ ਪਿਆ... ਮੈਂ ਤਾਂ ਉਸ ਨਾਲ ਮੁਹੱਬਤ ਕੀਤੀ ਸੀ...'

'ਤੂੰ ਉਸ ਨਾਲ ਮੁਹੱਬਤ ਨਹੀਂ ਕੀਤੀ, ਉਸਦਾ ਸ਼ਿਕਾਰ ਕੀਤਾ, ਪੱਕੇ ਹੋਣ ਲਈ। ਹਿਸਾਬ ਬਰਾਬਰ ਹੁਣ ਕਿਉਂ ਪਿੱਟ ਰਿਹਾ ਹੈਂ' ਗੁੱਸੇ ਹੋਣ ਦੀ ਥਾਂ ਉਹ ਹੱਸਣ ਲੱਗ ਪਿਆ।

ਵੈਸੇ ਵੇਖਿਆ ਜਾਵੇ ਤਾਂ ਭਾਰਤ ਹੀ ਨਹੀਂ, ਪੂਰਾ ਸੰਸਾਰ ਰੰਗੀਨ ਹੋ ਰਿਹਾ ਹੈ। ਬਾਹਰਲੇ ਮੁਲਕਾਂ ਦੀ ਆਪਣੀ ਤਹਿਜ਼ੀਬ ਤੇ ਆਪਣਾ ਰਹਿਣ-ਸਹਿਣ ਦਾ ਢੰਗ ਹੈ, ਆਪਣੀ ਜੀਵਨ ਸ਼ੈਲੀ ਹੈ, ਆਪਣੇ ਸਮਾਜਕ ਸਰੋਕਾਰ ਹਨ। ਔਰਤਾਂ-ਕੁੜੀਆਂ ਦੀ ਹਾਲਤ ਮਾੜੀ ਨਹੀਂ, ਔਰਤਾਂ ਨੂੰ ਪੂਰੇ ਹੱਕ ਮਿਲੇ ਨੇ, ਉਨ੍ਹਾਂ ਉੱਤੇ ਮਰਦ, ਸਮਾਜ ਖੁੱਲ੍ਹ ਕੇ ਜ਼ਿਆਦਤੀ ਨਹੀਂ ਕਰ ਸਕਦਾ। ਸਰਕਾਰ ਵੱਲੋਂ ਔਰਤਾਂ ਦੇ ਹੱਕ ਪਰੋਟੈਕਟਿਡ (ਸੁਰੱਖਿਅਤ) ਨੇ ਮਰਦ ਜ਼ਿਆਦਤੀ ਕਰਨ ਵੇਲੇ ਦਸ ਵਾਰ ਸੋਚੇਗਾ।

ਭਾਰਤ ਵਿਚ ਤਾਂ ਸਦੀਆਂ ਤੋਂ ਔਰਤ ਜ਼ਿਆਦਤੀ ਸਹਿਣ ਦੀ, ਘੁੰਡ ਕੱਢ ਜੀ ਹਜ਼ੂਰੀ ਕਰਨ ਦੀ, ਪਤੀ-ਸੱਸ ਅਤੇ ਬੱਚਿਆਂ ਦੀ ਸੇਵਾ ਕਰਨ ਦੀ ਆਦੀ ਹੋ ਚੁੱਕੀ ਸੀ।

ਪੜ੍ਹਾਈ ਤੇ ਜਾਗਰੂਕਤਾ ਕਾਰਣ ਕੁੜੀਆਂ ਵਿੱਚ ਵੀ ਜਾਗ੍ਰਤੀ ਆ ਗਈ ਹੈ। ਉਹ ਵੀ ਜੀਉਣਦੀਆਂ ਜਾਗਦੀਆਂ ਇਨਸਾਨ ਨੇ, ਹਊਮਨ ਵੀਂਗ (Human being) ਨੇ ਸਾਹ ਲੈਂਦੀਆਂ ਨੇ, ਦਰਦ ਹੁੰਦਾ ਹੈ, ਪਿਆਰ ਦਾ ਅਹਿਸਾਸ ਤੜਪਾਉਂਦਾ ਹੈ। ਮਰਦ ਦੇ ਸੁੱਖ ਦਾ ਅਹਿਸਾਸ ਨਾ ਕਰਨ ਵਾਲੀ ਅੱਜ ਦੀ ਔਰਤ ਆਪਣੇ ਸੁੱਖ ਨੂੰ ਹੰਢਾਉਂਦੀ ਹੈ।

ਸੈਕਟਰ 34 ਦੀ ਮਾਰਕੀਟ 'ਚ ਇਕ ਮੁੰਡਾ ਅਨਜਾਣ ਕੁੜੀ ਨੂੰ 'ਹਾਇ ਸੋਹਣਿਓ' ਕਹਿ ਕੇ ਛੇੜਦਾ ਹੈ। ਉਸਦੇ ਉਲਟ ਉਹ ਕੁੜੀ 'ਹਾਂ ਸੋਹਣਿਆ' ਕਹਿ ਕੇ ਅਗਾਂਹ ਲੰਘ ਜਾਂਦੀ ਹੈ। ਮੁੰਡਾ ਖੁਸ਼, ਪਰ ਨਾਲ ਹੀ ਵੱਡੀ ਉਮਰ ਦਾ ਬੰਦਾ 'ਕਿਆ ਜ਼ਮਾਨਾ ਆ ਗਿਆ' ਕਹਿ ਕੇ ਬੁੜਬੁੜਾਉਂਦਾ ਹੈ।

ਇਕੋ ਮੋਟਰ ਸਾਈਕਲ ਉੱਤੇ ਚਾਰ-ਚਾਰ ਮੁੰਡੇ ਹੁੜਦੰਗੀਆਂ ਕਰਦੇ ਮਸਤੀ ਦੀ ਲੋਰ 'ਚ ਉੱਡੇ ਫਿਰਦੇ ਨੇ ਤੇ ਅੱਜ ਕੁੜੀਆ ਵੀ ਮੋਟਰ ਬਾਈਕ ਚਲਾਉਂਦੀਆਂ, ਸਕੂਟਰ 'ਤੇ ਤਿੰਨ-ਤਿੰਨ, ਚਾਰ-ਚਾਰ ਕੁੜੀਆਂ ਬੈਠਾ ਕੇ ਮੀਂਹ ਕਣੀ ਦਾ, ਬੱਦਲਾਂ ਦਾ, ਹਵਾਵਾਂ ਦਾ ਮਜ਼ਾ

ਲੈਂਦੀਆਂ ਕਾਲਜ, ਯੂਨੀਵਰਸਿਟੀਆਂ ਦੀਆਂ ਸੜਕਾਂ ’ਤੇ ਉਡਦੀਆਂ, ਮੁੰਡਿਆਂ ਨੂੰ ਵੀ ਮਾਤ ਦੇ ਦਿੰਦੀਆਂ ਨੇ, ਕਈ ਵਾਰ ਮੁੰਡਿਆਂ ਨਾਲ ਉਹ ਟਾਕਰਾ ਕਰਦੀਆਂ ਆਪਣੀ ਜਿੱਤ ਦਾ ਖਿੜਖਿੜਾ ਕੇ ਲੁਤਫ਼ ਉਠਾਉਂਦੀਆਂ ਨੇ।

ਮੁੰਡੇ ਹੈਰਾਨ-ਪ੍ਰੇਸ਼ਾਨ ਵੇਖਦੇ ਰਹਿੰਦੇ ਨੇ ਤੇ ਬਦਤਮੀਜ਼ੀ ਤੇ ਉਤਰ ਆਉਂਦੇ ਨੇ, ਜ਼ੋਰਜ਼ਬਰ ਕਰਦੇ ਨੇ, ਕੁੜੀਆਂ ਵੀ ਹੌਲੀ-ਹੌਲੀ ਆਪਣੀ ਬਰੀਕ ਆਵਾਜ਼ ਤੋਂ ਉਚੀ ਆਵਾਜ਼ ਨੂੰ ਬੁਲੰਦ ਕਰਦੀਆ ਮੁੰਡਿਆਂ ਨੂੰ ਤਾੜਦੀਆ ਨੇ। ਸਦੀਆਂ ਤੋਂ ਗੁਲਾਮ ਔਰਤ ਜੇ ਅੱਜ ਹੱਸ ਰਹੀ ਹੈ, ਖੇਡ ਰਹੀ ਹੈ ਤਾਂ ਇਹ ਮਰਦ ਹੈਰਾਨ ਕਿਉਂ?

ਸ਼ੁਰੂ-ਸ਼ੁਰੂ ਵਿਚ ਵੱਡੇ-ਵਡੇਰੇ ਮਾਰ ਕੁੱਟ ਕਰਦੇ ਕੁੜੀਆਂ ਨੂੰ ਘਰ ਦੇ ਅੰਦਰ ਡੱਕਣ ਤੱਕ ਆਉਂਦ ਸਨ-ਅੱਜ ਸਮਾਂ ਬਦਲ ਗਿਆ ਹੈ। ਮਰਦ ਸ਼ਿਕਾਰੀ ਸਨ ਪਹਿਲਾਂ, ਹੁਣ ਔਰਤਾਂ ਨੇ ਆਪਣਾ ਰੂਪ ਬਦਲ ਲਿਆ ਹੈ।

ਟੀ. ਵੀ. ’ਚ ਮੈਂ ਇਕ ਵਿਗਿਆਪਨ ਵੇਖ ਚੌਂਕ ਗਈ ‘ਪੰਜ ਗੋਲੀਆਂ ਬਸ’ ਮਤਲਬ ਪੰਜ ਗੋਲੀਆਂ ਗਰਭਪਾਤ ਦਾ ਕੰਮ ਕਰਦੀਆਂ ਨੇ ਅਤੇ ਇਕ ਮਾਂ ਨੂੰ ਆਪਣੀ ਅਣਵਿਆਹੀ ਗਰਭਵਤੀ ਬੱਚੀ ਦੀ ਫ਼ਿਕਰ ’ਚ ਉਸ ਦੇ ਮਗਰ ਨੱਠਦੇ ਵਿਖਾਇਆ ਸੀ ਕਿਤੇ ਉਹ ਆਤਮਹੱਤਿਆ ਨਾ ਕਰ ਲਵੇ। ਕੁੜੀ ਕਹਿੰਦੀ ਹੈ ਮੈਨੂੰ ਭਵਿੱਖ ਦੀ ਚਿੰਤਾ ਸੀ। ਇਹ ਭਵਿੱਖ ਕਿਹੋ ਜਿਹਾ। ਬੱਚੇ ਦੀ ਪਾਲਣਾ ’ਚ ਇਹ ਜ਼ਿੰਮੇਦਾਰੀ ਸਿਰਫ਼ ਜਨਮ ਦੇਣ ਵਾਲੇ ਦੀ ਹੀ ਕਿਉਂ ਹੋਵੇ?

ਮੁੰਡੇ ਕੁੜੀਆਂ ਦੀ ਸਰੀਰਕ ਮੌਜ ਮਸਤੀ ਵਿੱਚ, ਇਸ ਸਭ ਦਾ ਖਮਿਆਜਾ ਕੁੜੀਆਂ ਹੀ ਕਿਉਂ ਭੁਗਤਣ? ਤੇ ਅਣਚਾਹਿਆ ਬੱਚਾ ਕੁੜੀ, ਪਰਿਵਾਰ ਅਤੇ ਸਮਾਜ ’ਤੇ ਬੋਝ ਵੀ ਕਿਉਂ ਹੋਵੇ?

ਕਿਸੇ ਨਵੇਂ ਜੀਅ ਨੂੰ ਜਨਮ ਦੇਣ ਦੀ ਕੁਦਰਤੀ ਦੇਣ ਔਰਤ ਲਈ ਸਰਾਪ ਹੋ ਜਾਂਦੀ ਹੈ, ਪਿਆਰ ਮੁਹੱਬਤ ਦੇ ਐਕਟ ਵਿੱਚ ਔਰਤ ਦੀ ਜ਼ਿੰਮੇਦਾਰੀ ਜ਼ਿਆਦਾ ਮੰਨ ਲਈ ਜਾਂਦੀ ਹੈ। ਮਰਦ ਆਨੰਦ ਮੰਨਦਾ ਨੱਠ ਜਾਂਦਾ ਹੈ, ਮੁਨਕਰ ਹੋ ਜਾਂਦਾ ਹੈ। ਔਰਤ ਦੇ ਹਿੱਸੇ ਸਿਰਫ ਦਰਦ ਰਹਿ ਜਾਂਦਾ ਹੈ। ਔਰਤ ਹੀ ਔਰਤ ਦੇ ਢਿੱਡ ਵੱਲ ਉਸਦੇ ਅਜਨਮੇ ਬੱਚੇ ਵੱਲ, ਅਣਵਿਆਹੀ ਹੋਣ ਦਾ ਤਾਅਨਾ ਦੇ ਦੇ ਮਾਰ ਦੇਣਗੀਆਂ।

ਫੇਰ ਇਹ ਪੰਜ ਗੋਲੀਆਂ ਕਿਉਂ ਨਾ ਹੋਣ? ਹੁਣ ਕਰਨ ਬਦਨਾਮ ਕੁੜੀਆਂ ਨੂੰ? ਅੱਜ ਮੁੰਡੇ ਦੀ ਹੋਂਦ ਕਿੱਥੋਂ ਤੱਕ ਸਾਰਥਕ ਹੈ? ਅੱਜ ਕੁੜੀਆਂ, ਔਰਤਾਂ ਨਹੀਂ ਜੇ ਡਰਦੀਆਂ ਖੋਖਲੇ ਬਦਨਾਮੀ ਦੇ ਨਾਂਅ ਤੋਂ, ਲੋੜ ਪਵੇ ਤਾਂ ਉਹ ਥਾਣੇ ’ਚ ਰਿਪੋਰਟ ਵੀ ਦਰਜ ਕਰਦੀ ਹੈ। ਕੋਰਟ ਕਚਹਿਰੀ ਵੀ ਜਾਂਦੀ ਹੈ। ਮੁਕੱਦਮੇ ’ਚ ਹਾਰ ਜਿੱਤ ਦਾ ਇੰਤਜ਼ਾਰ ਕਰਦੀ ਹੈ, ਮਰਦਾਂ ਵਾਂਗ ਵਿਵਹਾਰ ਕਰਨੋਂ ਵੀ ਨਹੀ ਡਰਦੀ, ਸਾਮ ਦਾਮ ਭੇਤ ਦੰਡ ਸਭ ਕੁਝ ਨਾਲ ਮਰਦ—ਸ਼ਿਕਾਰੀ ਵਾਂਗ ਆਪ ਵੀ ਸ਼ਿਕਾਰੀ ਬਣਨ ਤੋਂ ਨਹੀਂ ਕਤਰਾਂਦੀ।

ਮੁੰਡਿਆਂ ਵਾਗ ਹੱਥ ਮਿਲਾਉਂਦੀ ਤੇ ਬਲਾਤਕਾਰ ਵਰਗੀ ਲਾਹਨਤ ਨੂੰ ਉਜਾਗਰ ਕਰਨ ਤੋਂ ਨਹੀਂ ਝਿਜਕਦੀ।

ਸ਼ਰੇਆਮ ਚੈਨਲਾਂ ’ਚ ਸ਼ਰੀਰਕ ਬਣਤਰ, ਉਸਦੀ ਖੁਸ਼ਬੋ, ਕੰਡੋਮ, ਸਪਰੇ ਕਰਨ ਔਰਤ ਮਰਦ ਦੀ ਖਿੱਚ ਇਹ ਸਭ ਕੁਝ ਦੋਹਾਂ ਧਿਰਾਂ ਲਈ ਬਰਾਬਰੀ ਨੂੰ ਲੈ ਕੇ ਤੁਰਦਾ ਹੈ-ਫੇਰ ਇਹ ਸਭ ਝਿਜਕ ਕਿਉਂ? ਪਹਿਲਾਂ ਮਰਦ ਹੱਸਦਾ ਸੀ-ਹੁਣ ਔਰਤ ਵੀ ਹੱਸਦੀ ਹੈ। ਇਸ ’ਚ ਕੋਈ ਗੁਨਾਹ ਨਹੀਂ।

ਪੜ੍ਹੀਆਂ-ਲਿਖੀਆਂ ਨੌਕਰੀਆ ਕਰਦੀਆਂ ਜਾਗਰੂਕ ਔਰਤਾਂ ਆਪਣੇ ਪ੍ਰਤੀ ਸੁਚੇਤ ਹਨ।

ਮੇਰੇ ਵਰਗੀ ਅੱਜ ਦੀ ਔਰਤ ਪਿਆਰ ਮੁਹੱਬਤ ਦੇ ਜੰਜਾਲ ’ਚ ਭਾਵੁਕਤਾ ਨਹੀਂ ਪਾਲਦੀ, ਪਰ ਅਤਿਸੰਵੇਦਨਸ਼ੀਲ ਹੋਣ ਕਾਰਣ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਵੀ ਜਾਣਦੀ ਹੈ।

ਫੇਰ ਵੀ ਜ਼ਿੰਮੇਵਾਰੀ ਲੈਣ ’ਤੇ ਕੱਲੀ ਕਾਰੀ ਔਰਤ ਨੂੰ ਇਹ ਮਰਦ ਬੇਚਾਰੀ ਸਮਝ ਲੈਂਦੇ ਨੇ ਤੇ ਸੌ ਮੀਨ-ਮੇਖ ਕੱਢ ਉਸ ਨੂੰ ਨੀਵਾਂ ਵਿਖਾਉਣ ਦਾ ਯਤਨ ਕਰਨਗੇ, ਕੋਸ਼ਿਸ਼ ਕਰਨਗੇ ਉਹ ਉਨ੍ਹਾਂ ਦੀ ਮੁਹਤਾਜ ਹੋ ਜਾਵੇ, ਦੋਸਤ ਮਿੱਤਰ ਬੈਠੇ ਹੋਣ ਤੇ ਫ਼ੋਨ ਕਰਨਗੇ ਤੇ ਇਹ ਵਿਖਾਉਣਗੇ- ‘ਬਈ ਇਹ ਮੇਰੀ ਮਾਸ਼ੂਕਾ ਹੈ-’ ਭਾਵੇਂ ਉਸ ਔਰਤ ਨੂੰ ਕੁਝ ਪਤਾ ਹੀ ਨਾ ਹੋਵੇ।

ਕਾਨਾ ਸਿੰਘ ਲੇਖਿਕਾ ਮੁਤਾਬਕ ਇਹ ਮਰਦ ਦੋਸਤ ਬਣ ਘਰ ਵੀ ਆਉਣਗੇ, ਚਾਹ ਵੀ ਪੀਣਗੇ, ਹਮਦਰਦੀ ਵੀ ਪਾਲਣ ਦੇ ਵਾਸਤੇ ਦੇਣਗੇ, ਪਰ ਮੌਕਾ ਲੱਗੇ ਤਾਂ ਸ਼ਿਕਾਰ ਲਈ ਤੀਰ ਤਿਆਰ ਰੱਖਣਗੇ।

ਵੇਖੋ ਖਾਂ ਇਨ੍ਹਾਂ ਮਰਦ ਸ਼ਿਕਾਰੀਆਂ ਦਾ ਹਾਲ? ਸਿਰਫ਼ ਬੁਰਕਾ ਹੀ ਨਹੀ ਪਾ ਸਕਦੇ ਇਹ ਬੇਚਾਰੇ।

ਨੌਕਰੀ ਨਾ ਕਰਦੀ ਔਰਤ ਆਪਣੇ ਭਵਿੱਖ ਲਈ ਆਪਣੇ ਤੋਂ ਦੁੱਗਣੀ ਵੱਡੀ ਉਮਰ ਵਾਲੇ ਆਦਮੀ ਨਾਲ ਜੇ ਵਿਆਹ ਕਰਦੀ ਹੈ ਤਾਂ ਆਦਮੀ ਸਮਝਦਾ ਹੈ ਮੈਂ ਇਸ ਦਾ ਸ਼ਿਕਾਰ ਕਰ ਲਿਆ, ਚੁੱਲ੍ਹਾ ਚੌਂਕਾ ਚੱਲਣ ਦੀ ਲਾਲਸਾ ’ਚ ਮਰਦ ਆਪਣੀ ਜਿੱਤ ਮੰਨਦਾ ਹੈ ਤੇ ਸੋਚਦਾ

ਹੈ ਦੋਸਤ ਮਿੱਤਰ ਈਰਖਾ ਕਰਨਗੇ-ਦੁਸ਼ਮਣ ਸੜਨਗੇ, ਪਰ ਔਰਤ ਹੌਲੀ-ਹੌਲੀ ਸਾਰੇ ਘਰ ਦੀ ਮਾਲਕਿਨ ਬਣ ਜਾਂਦੀ ਹੈ, ਕੌਣ ਕਿਸਦਾ ਸ਼ਿਕਾਰ ਹੋਇਆ?

ਇਕ ਗੱਲ ਦੱਸਦੀ ਹਾਂ। ਸਾਡੇ ਸੈਕਟਰ 'ਚ ਥੜੀ ਉੱਤੇ ਬੈਠੇ ਇਕ ਬਜ਼ੁਰਗ ਮੋਚੀ ਨੂੰ ਲੋਕ 'ਪੰਡਿਤ ਜੀ' ਕਹਿ ਕੇ ਸੱਦਦੇ ਤੇ ਜੁੱਤੀਆਂ ਗਠਾਉਂਦੇ ਨੇ। ਮੈਂ ਇਕ ਦਿਨ ਉਸ ਨੂੰ ਪੁੱਛਿਆ- 'ਤੁਹਾਨੂੰ ਪੰਡਿਤ ਜੀ ਕਿਉਂ ਸੱਦਦੇ ਨੇ?'

'ਜੇ ਸ਼ਰਮਾ ਵਰਮਾ ਜੁੱਤੀਆਂ ਦੀਆਂ ਦੁਕਾਨਾਂ ਖੋਲ੍ਹ ਸਕਦੇ ਨੇ ਤੇ ਮੈਨੂੰ ਲੋਕ 'ਪੰਡਿਤ' ਜੀ ਕਿਉਂ ਨਹੀਂ ਕਹਿ ਸਕਦੇ?'

ਮਤਲਬ ਜੇ ਮਰਦ ਅੱਜ ਤੱਕ ਜ਼ਿਆਦਤੀਆਂ ਕਰਦਾ ਆਇਆ ਹੈ ਤਾਂ ਔਰਤ ਨੂੰ ਜੇ ਆਪਣੀ ਪਛਾਣ ਹੋ ਗਈ ਹੈ ਤਾਂ ਕੀ ਹੋਇਆ?

ਹੁਣੇ-ਹੁਣੇ ਹੀ ਟੀ ਵੀ ਸੀਰੀਅਲ ਥਾਣੀਂ ਬੜੀ ਹੀ ਮਜ਼ੇਦਾਰ ਗੱਲ ਆਈ ਹੈ ਤੇ ਗੱਲ ਹੈ ਵੀ ਪਰਵੋਕ ਕਰਨ ਵਾਲੀ, ਉਤੇਜਨਾ ਦੇਣ ਵਾਲੀ, ਕੁੜੀ ਗੁੱਸੇ ਨਾਲ ਪੈਰ ਪਟਕਦੀ ਕਹਿੰਦੀ ਹੈ 'ਬਈ ਮੈਂ ਇਨ੍ਹਾਂ ਦੋਹਾਂ ਮੁੰਡਿਆਂ ਨਾਲ ਵਿਆਹ ਕਰਾਉਣਾ'- ਮਾਂ ਬਾਪ ਮੂੰਹ ਅੱਡੀ ਉਸ ਵੱਲ ਵਿਟਰ-ਵਿਟਰ ਤੱਕਦੇ ਸਕਤੇ ਵਿੱਚ ਹਨ। ਉਹ ਫੇਰ ਦਹਾੜਦੀ ਹੈ। ਜੇ ਆਦਮੀ ਦੋ-ਦੋ ਵਿਆਹ ਕਰ ਸਕਦਾ ਹੈ ਤਾਂ ਮੈਂ ਕਿਉਂ ਨਹੀਂ?

ਇਹ ਗੱਲ ਮਰਦ ਸ਼ਿਕਾਰੀ ਦੇ ਦਿਲ 'ਤੇ ਭਾਵੇਂ ਹਥੌੜੇ ਮਾਰਦੀ ਹੋਵੇ ਪਰ ਅਜੋਕੇ ਸਮਾਜ ਦੀ, ਕੁੜੀ ਦੀ ਸੋਚ, ਉਸਦੀ ਆਜ਼ਾਦੀ ਦੀ ਅਵਸਥਾ ਵੱਲ ਵੀ ਇਸ਼ਾਰਾ ਕਰਦੀ ਹੈ। ਭਰੂਣ ਹੱਤਿਆ ਕਾਰਣ ਸਮਾਜ ਵਿਚ ਮੁੰਡੇ-ਕੁੜੀਆਂ ਦਾ ਅਨੁਪਾਤ ਡਗਮਗਾ ਗਿਆ ਹੈ ਤੇ ਸਮਾਜ ਦੇ ਠੇਕਦਾਰ ਹੁਣ ਕੀ ਗੱਲ ਕਰਨ?

ਕਿਸੇ ਮੈਨੂੰ ਕਿਹਾ ਫਲਾਨਾ ਲੇਖਕ ਸਟੇਜ ਚੜ੍ਹ ਕਹਿੰਦਾ ਬਈ ਉਸ ਨੇ ਫਲਾਨੀ ਨੂੰ ਲੇਖਿਕਾ ਬਣਾਇਆ ਤੇ ਉਸ ਨੇ ਉਸ ਦਾ ਸ਼ਿਕਾਰ ਕੀਤਾ, ਫੇਰ ਕੀ ਹੋਇਆ-ਉਹ ਸਟੇਜ 'ਤੇ ਚੜ੍ਹ ਆਸ਼ਕ ਬਣ ਗਿਆ ਤੇ ਉਹ ਲਿਖਤਾਂ 'ਚ ਆਸ਼ਕ ਬਣ ਗਈ ਸ਼ਿਕਾਰੀ ਦਾ ਜੇ ਸ਼ਿਕਾਰ ਹੋ ਗਿਆ ਤਾਂ ਕੀ?

ਕਈ ਲੇਖਕ ਤਾਂ ਔਰਤਾਂ ਨੂੰ ਬਦਨਾਮ ਕਰਨ ਲਈ ਅਫ਼ਵਾਹਾਂ ਦਾ ਬਾਜ਼ਾਰ ਗਰਮ ਕਰ ਉਸ ਪ੍ਰਤੀ ਨਫ਼ਰਤ ਪੈਦਾ ਕਰ ਦਿੰਦੇ ਨੇ, ਤੇ ਜੇ ਦਲੇਰ ਦਬੰਗ ਔਰਤ ਮੂੰਹ ਫੁੱਟ ਹੋ ਕੇ ਅਸਲੀਅਤ ਲਾ ਕੱਢ ਮਾਰਦੀ ਹੈ ਤਾਂ 'ਤੇਰਾ ਕਿਆ ਹੋਗਾ....' ਸੋਚਦੇ ਤੜਫਦੇ ਫਿਰਦੇ ਮੂੰਹ ਛੁਪਾਂਦੇ ਨੇ।

ਰਾਖੀ ਸਾਵੰਤ ਤਾਂ ਹੋਰ ਅਗਾਂਹ ਵਧਦੀ ਹੈ- 'ਮੇਰੀ ਤਨਖਾਹ ਤਾਂ ਮੇਰੀ ਹੈ ਹੀ ਅਤੇ ਮੇਰੇ ਪਤੀ ਦੀ ਤਨਖਾਹ ਵੀ ਮੇਰੀ ਹੀ ਹੈ।'

ਹੋਰ ਤਾਂ ਹੋਰ ਕੁੜੀ ਦਾ ਜਿਗਰਾ ਵੇਖੋ ਉਹ ਬਰਾਤ ਲੈ ਕੇ ਪਹੁੰਚ ਜਾਂਦੀ ਹੈ ਮੁੰਡੇ ਦੀਆਂ ਕਰਤੂਤਾਂ ਵਿਖਾਉਣ ਉਸ ਦੇ ਘਰ-ਉਸਦੇ ਸਮਾਜ ਵਿੱਚ।

ਵਿਦੇਸ਼ 'ਚ ਪੱਕੇ ਹੋਣ ਲਈ ਮਾਂ ਬਾਪ ਆਪਣੇ ਲਾਡਲੇ ਲਈ ਇਸ਼ਤਿਹਾਰ ਇਸ ਤਰ੍ਹਾਂ ਦਿੰਦੇ ਹਨ-'ਕੁੜੀ ਨੇ ਆਈਲੈਟ ਕੀਤੀ ਹੋਵੇ- ਸਾਰਾ ਖ਼ਰਚਾ ਮੁੰਡੇ ਦਾ...।'

ਹੁਣ ਜੇ ਕੁੜੀ ਵਿਦੇਸ਼ ਵਿੱਚ ਉਸ ਮੁੰਡੇ ਦਾ ਸ਼ੋਸ਼ਣ ਕਰਦੀ ਹੈ ਤਾਂ ਕੀ ਹੋਇਆ-ਸ਼ੁਰੂਆਤ ਕਿਸ ਨੇ ਕੀਤੀ?

ਦਿੱਲੀ ਦਾ ਇਕ ਮਰਹੂਮ ਲੇਖਕ ਉਸ ਕੋਲ ਠਹਿਰਦੇ ਜਾਂ ਮਿਲਣ ਜੁਲਣ ਵਾਲਿਆਂ ਨੂੰ ਵਿਅੰਗ ਕਰਦਾ ਕਹਿੰਦਾ ਹੁੰਦਾ ਸੀ 'ਯਾਰ ਫਲਾਨੀ ਦੀ ਸੁੱਥਣ ਮੇਰੇ ਕੋਲ ਪਈ ਆ-ਉਸਦੀ ਕੀ ਗੱਲ ਕਰਦੇ' ਸੋ-ਮਤਲਬ ਉਹ ਆਪਣੇ ਪ੍ਰੇਮੀ ਨਾਲ ਇਥੇ ਰਾਤ ਕੱਟ ਕੇ ਜਾਂਦੀ ਰਹੀ ਹੈ।

ਸੈਕਸ ਦਾ ਇੰਨਾ ਹਊਆ ਬਣਾ ਕੇ ਪਰੋਸਨਾ ਹੁਣ ਐਡੀ ਵੱਡੀ ਗੱਲ ਨਹੀਂ ਰਹੀ ਹੁਣ ਤਾਂ 'ਮੀਆਂ ਬੀਵੀ ਰਾਜ਼ੀ ਤੋ ਕਿਆ ਕਰੇਗਾ ਕਾਜ਼ੀ' ਕਾਰਣ ਕੋਈ ਕਿਸੇ ਦਾ ਸ਼ੋਸ਼ਣ ਨਹੀਂ ਕਰਦਾ, ਨਾ ਹੀ ਸ਼ਿਕਾਰ ਕਰ ਸਕਦਾ ਹੈ।

ਜੇਕਰ ਔਰਤ ਵੀ ਬੰਦੂਕ ਦੀ ਨੋਕ ਹੇਠਾਂ ਭੋਲੇ ਭਾਲੇ ਬੰਦੇ ਨੂੰ ਕਾਰ 'ਚ ਲਿਫਟ ਲੈਣ ਦੇ ਬਹਾਨੇ, ਕਾਰ ਖੋਹ ਲੈਂਦੀ ਹੈ ਤਾਂ ਕਦੇ ਭੋਲੀਆਂ-ਭਾਲੀਆਂ ਕੁੜੀਆਂ ਔਰਤਾਂ ਦਾ ਚਿਹਰਾ ਮੂਹਰੇ ਆਉਂਦਾ ਹੈ, ਜਿਨ੍ਹਾਂ ਦਾ ਰਾਠੌਰ ਵਰਗੇ ਅਫ਼ਸਰ ਹੀ ਕਥਿਤ ਸ਼ਿਕਾਰ ਕਰਨੋਂ ਨਹੀਂ ਹਟਦੇ।

ਹੁਣੇ-ਹੁਣੇ ਮੈਨੂੰ ਕਿਸੇ ਫੋਨ ਕੀਤਾ- 'ਨਿਰਮਲ ਤੈਨੂੰ ਪਤਾ ਉਹ ਫਲਾਣੀ ਲੇਖਕਾ ਕੀ ਕਰਦੀ ਫਿਰਦੀ ਆ......?'

ਦਰਅਸਲ ਪਤੀ ਪਰਿਵਾਰ ਦੀਆਂ ਬੰਦਿਸ਼ਾਂ ਕਾਰਨ ਲੇਖਿਕਾ, ਲੇਖਕਾਂ ਨਾਲ ਮਿਲਣ-ਜੁਲਣ ਦਾ ਕੰਮ ਲੁਕੋ ਕੇ ਰੱਖਦੀ ਸੀ, ਜੇ ਉਸਦੀ ਕੋਈ ਦੋਸਤ ਮਿੱਤਰ ਉਸ ਨੂੰ ਦੱਸੇ ਬਈ ਫਲਾਨੇ ਤੋਂ ਜ਼ਰਾ ਬਚ ਕੇ ਤਾਂ ਉਹ ਉਲਟਾ ਉਸ ਨੂੰ ਹੀ ਪੈ ਜਾਂਦੀ ਅਤੇ ਝੂਠ-ਝਾਠ ਬੋਲ ਗੱਲ ਗੁਮਰਾਹ ਕਰ ਮਤਲਬ ਕੱਢ ਲੈਣ 'ਚ ਮਾਹਿਰ ਸੀ, ਕਮਸਿਨ ਜੋ ਹੋਈ।

ਹੁਣ ਪਤੀ ਦੇ ਅਪੰਗ ਹੋਣ ਤੋਂ ਬਾਅਦ ਗੁਲਾਮੀ ਝੱਲਦੀ ਲੇਖਿਕਾ ਨੇ ਮਸਤੀ ਦੀ ਲੋਰ ਵਿਚ, ਪ੍ਰਸ਼ੰਸਾ ਲਈ ਕੁਝ ਖੱਟਣ ਲਈ ਆਪਣੀ ਨਵੀਂ ਕਿਤਾਬ ਨੂੰ ਹੁਲਾਰਾ ਦੇਣ ਲਈ ਕੁਝ ਮਰਦਾਂ ਦੀਆਂ ਪੌੜੀਆਂ ਦਾ ਇਸਤੇਮਾਲ ਕੀ ਕਰ ਲਿਆ ਕਿ ਲੇਖਕ ਵਰਗ ਵਿਚ ਤਰਥੱਲੀ ਮਚ ਗਈ, ਉਸ ਦਾ ਨਾਂ ਪਹਿਲਾਂ ਕਿਸੇ ਹੋਰ ਲੇਖਕ ਨੇ ਰੌਸ਼ਨ ਕੀਤਾ ਸੀ-ਉਸ ਲੇਖਕ ਨੂੰ ਪਹਿਲਾਂ ਤਾਂ ਈਰਖਾ ਹੋਈ, ਹੈਰਾਨ ਹੋਇਆ, ਫੇਰ ਉੱਚੀ ਜਿਹੇ ਹੱਸ ਕੇ ਕਿਹਾ- 'ਬੜੀ ਤੇਜ਼ ਸ਼ਿਕਾਰਨ ਆ....ਕੋਈ ਗੱਲ ਨਹੀਂ ਜੇ ਉਸ ਮੈਨੂੰ ਯੂਜ਼ ਕੀਤਾ, ਹੁਣ ਉਸਦੀ ਗੁੱਡੀ ਚੜ੍ਹਾਉਣ ਵਾਲੇ ਕੀ ਕਰ ਲੈਣਗੇ....?'

ਇਹ ਤਾਂ ਬਾਅਦ ਦੀਆਂ ਗੱਲਾਂ ਨੇ ਲੇਖਕ ਜੀ, ਅਜੇ ਤਾਂ ਦੋਹੇ ਪਾਸੇ ਮੌਜ ਮਸਤੀ ਦੀ ਜੰਗ ਛਿੜੀ ਆ...ਤੇ ਸਾਨੂੰ ਕੀ?

...ਸਾਨੂੰ ਕੀ, ਇਹ ਸਮਾਜ ਹੈ ਕਦੇ ਤੂੰ ਤੇ ਕਦੇ ਮੈਂ। ਇਥੇ ਸਭ ਕੁਝ ਜਾਇਜ਼ ਹੈ-ਸ਼ਿਕਾਰ ਕਰਨਾ ਵੀ ਤੇ ਸ਼ਿਕਾਰ ਹੋਣਾ ਵੀ।

✪

# ਮੇਰੇ ਪਿਆਰ ਦੇ ਰੰਗ

ਪਿਆਰ ਸੱਚਮੁੱਚ ਸਤਰੰਗੀ ਪੀਂਘ ਵਾਂਗ ਹੁੰਦਾ ਹੈ, ਜਿਸਨੂੰ ਪਿਆਰ ਹੋਇਆ— ਉਹੀਓ ਇਸਦੇ ਮੋਹ, ਮੁਹੱਬਤ, ਨਫ਼ਰਤ ਅਤੇ ਬਦਲੇ ਦੀ ਭਾਵਨਾ ਨੂੰ ਮਹਿਸੂਸ ਕਰ ਸਕਦਾ ਹੈ। ਵੈਸੇ ਇਸ਼ਕ ਹਕੀਕੀ ਵਿਚ ਨਫ਼ਰਤ ਤੇ ਬਦਲੇ ਦੀ ਭਾਵਨਾ ਕਦੇ ਵੀ ਨਹੀਂ ਹੋਈ—ਤੇ ਅੱਜ ਮੇਰੇ ਜ਼ਹਿਨ ’ਚ ਤਾਂ ਪਿਆਰ ਦੇ ਕਿਸੇ ਵੱਖਰੇ ਅਹਿਸਾਸ ਨੇ ਜਨਮ ਲਿਆ ਹੈ। ਇਸ ਦੇ ਅਹਿਸਾਸ ਨੂੰ ਭਾਵੇਂ ਕੋਈ ਅਜੀਬ ਸਮਝੇ ਜਾਂ ਪਾਗਲਪਨ।

ਲੁਧਿਆਣਾ ’ਚ ਸਾਡੇ ਘਰ ਖੁੱਲ੍ਹੀ ਥਾਂ ਹੋਣ ਕਾਰਨ ਚੂਜ਼ੇ ਤੇ ਕੁੱਕੜ-ਕੁੱਕੜੀਆਂ ਦੀ ਭਰਮਾਰ ਹੁੰਦੀ ਸੀ, ਤਾਂ ਜੋ ਅੰਡੇ ਹਰ ਸਮੇਂ ਘਰ ’ਚ ਮੌਜੂਦ ਹੋਣ। ਅਸੀਂ ਸਾਰੇ ਬੱਚੇ ਉਨ੍ਹਾਂ ਨੂੰ ਛਿੱਲੜਾਂ ਸਣੇ ਚੌਲ ਤੇ ਟੋਟੇ ਖੁਆਇਆ ਕਰਦੇ ਸਾਂ, ਕਿਉਂਕਿ ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਛਿੱਲੜ ਸਣੇ ਚੌਲ ਖਾਣ ਨਾਲ ਮੁਰਗੀਆਂ ਦੇ ਅੰਡਿਆਂ ਦੀ ਜ਼ਰਦੀ ਪੀਲੀ ਭੂਕ ਹੁੰਦੀ ਹੈ, ਜੋ ਸਾਡੀ ਸਿਹਤ ਲਈ ਚੰਗੀ ਹੁੰਦੀ ਹੈ ਤੇ ਚੂਜ਼ੇ ਵੀ ਤਕੜੇ ਪਹਿਲਵਾਨਾਂ ਵਾਂਗ ਵੱਧਦੇ ਫੁੱਲਦੇ ਨੇ।

ਮੇਰੇ ਚਾਚੇ ਦੇ ਮੈਥੋਂ ਦੋ ਛੋਟੇ ਨਿਆਣੇ ਉਨ੍ਹਾਂ ਕੁੱਕੜ-ਕੁੱਕੜੀਆਂ ਨੂੰ ਦੌੜਾਈ ਰੱਖਦੇ ਤੇ ਉਹ ਵੀ ਕਦੇ ਛੇਤੀ ਕੀਤਿਆਂ ਨਿਆਣਿਆਂ ਦੇ ਹੱਥੋਂ ਨਹੀਂ ਸੀ ਫੜੇ ਜਾਂਦੇ। ਇਨ੍ਹਾਂ ਵਿਚੋਂ ਹੀ ਇਕ ਸ਼ਹਿਤੂਤ ਦੀ ਛਿਟੀ ਵਰਗਾ ਕਮਜ਼ੋਰ, ਪਤਲੀਆਂ- ਪਤਲੀਆਂ, ਲੰਮੀਆਂ ਟੰਗਾਂ ਅਤੇ ਲੰਮੀ ਜਿਹੀ ਗਰਦਨ ਵਾਲਾ ਨਿੱਕਾ ਕੁੱਕੜ ਸੀ, ਜੋ ਮੇਰੇ ਬੁਲਾਉਣ ਤੇ ਆਪਣੇ ਖੰਭ ਫੜਫੜਾਉਂਦਾ, ਆਵਾਜ਼ਾਂ ਦਿੰਦਾ ਤੇ ਮੇਰੀਆਂ ਤਲੀਆਂ ’ਤੇ ਪਏ ਉਹ ਟੋਟੇ ਜਾਂ ਛਿੱਲੜ ਸਣੇ ਚੌਲ ਖਾਣ ਲਈ ਨੱਠਦਾ ਆਉਂਦਾ, ਜਿਵੇਂ ਮੇਰੀ ਹੀ ਉਡੀਕ ਕਰ ਰਿਹਾ ਹੋਵੇ। ਚੰਗੀ ਖੁਰਾਕ ਦੇ ਬਾਵਜੂਦ ਉਹ ਕਦੇ ਵੀ ਤਕੜਾ ਨਹੀਂ ਸੀ ਹੋਇਆ। ਉਹ ਛਿਟੀ ਵਰਗਾ ਲਚੀਲਾ ਤੇ ਫੁਰਤੀਲਾ ਸੀ। ਸਾਡੇ ਨਾਲ ਦੇ ਪੜੌਸੀ ਨਿਆਣੇ ਜੇ ਉਸਨੂੰ ਛੇੜਦੇ ਤਾਂ ਉਹ ਉਨ੍ਹਾਂ ਪਿੱਛੇ ਦੌੜਦਾ ਉਨ੍ਹਾਂ ਨੂੰ ਜ਼ਖ਼ਮੀ ਵੀ ਕਰ ਦਿੰਦਾ। ਕੋਈ ਵੀ ਨਿਆਣਾ ਉਸਨੂੰ ਦੌੜਦੇ ਨੂੰ ਫੜ ਨਹੀਂ ਸੀ ਸਕਿਆ। ਮੇਰੇ ਟਹਿਣੀ ਕਹਿਣ ਤੇ ਉਹ ਦੌੜਿਆ ਆਉਂਦਾ। ਇਹ ਸਿਲਸਿਲਾ ਕਾਫੀ ਦੇਰ ਤੱਕ ਚੱਲਦਾ ਰਿਹਾ। ਮੈਨੂੰ ਉਸਦੀ ਆਦਤ ਹੀ ਪੈ ਚੁੱਕੀ ਸੀ ਤੇ ਸਾਰੇ ਨਿਆਣੇ ਵੀ ਉਸਦਾ ਖਿਆਲ ਰੱਖਦੇ। ਉਸਨੂੰ ਚੋਗਾ ਪਾਉਂਦੇ ਰਹਿੰਦੇ।

ਆਪਣੀ ਫੁਰਤੀ ਤੇ ਛਿਟੀ ਵਰਗਾ ਸੁੱਕਾ ਲੰਮਾ ਹੋਣ ਕਾਰਣ ਉਸਦਾ ਨਾਂ ਹੀ ‘ਟਹਿਣੀ ਮੁਰਗਾ’ ਪੈ ਚੁੱਕਾ ਸੀ।

ਮੇਰਾ ਪਿਆਰ ਉਸ ਛੋਟੇ ਨਿੱਕੇ ਬੱਚੇ ਕੁੱਕੜ ਪ੍ਰਤੀ ਸ਼ਾਇਦ ਕਿਸੇ ਨੂੰ ਚੁੱਭ ਰਿਹਾ ਸੀ। ਇਸ ਲਗਾਅ ਨੂੰ ਪੜੌਸ ਦਾ ਇਕ ਬਦਤਮੀਜ਼ ਮੁੰਡਾ ਤਾੜਦਾ ਹੁੰਦਾ ਸੀ। ਨਿਆਣਿਆਂ ਨੇ ਕਈ ਵਾਰ ਸ਼ਿਕਾਇਤ ਵੀ ਕੀਤੀ ਸੀ ਕਿ ਇਹ ਮੁੰਡਾ ਕਹਿੰਦਾ ਹੁੰਦਾ ਹੈ- ‘ ਮੈਂ ਟਹਿਣੀ ਦੀਆਂ ਲੱਤਾਂ ਭੰਨ ਦੇਵਾਂਗਾ’।

ਓਹੀਓ ਹੋਇਆ—ਇਕ ਦਿਨ ਮੈਂ ਸਕੂਲ ਤੋਂ ਵਾਪਸ ਆਈ ਤਾਂ ਟਹਿਣੀ ਆਪਣੇ ਦੜਬੇ ’ਚ ਪੱਥਰਾਂ ਨਾਲ ਫੱਟੜ ਢਹਿ- ਢੇਰੀ ਹੋਇਆ ਪਿਆ ਸੀ। ਕੋਹਰਾਮ ਮਚ ਗਿਆ। ਨਿਆਣੇ ਰੋਣ ਲੱਗ ਪਏ ਅਤੇ ਮੇਰੇ ’ਤੇ ਚੁੱਪ ਹੀ ਪਸਰ ਗਈ। ਨਫ਼ਰਤ ਦੀ ਲੰਮੀ ਲੀਕ ਉਸ ਪੜੌਸ ਦੇ ਮੁੰਡੇ ਵੱਲ ਖਿੱਚੀ ਗਈ। ਦਸਵੀਂ ’ਚ ਆਉਂਦੇ-ਆਉਂਦੇ ਉਹ ਟਹਿਣੀ ਮੁਰਗਾ ਮੇਰੇ ਜ਼ਿਹਨ ’ਚੋਂ ਨਹੀਂ ਨਿਕਲਿਆ, ਧੁਰ ਅੰਦਰ ਉਹ ਘਰ ਕਰ ਗਿਆ ਸੀ। ਉਸ ਤੋਂ ਬਾਅਦ ਮੈਂ ਕਦੇ ਕਿਸੇ ਕੁੱਕੜ ਕੁੱਕੜੀ ਵੱਲ ਮੂੰਹ ਨਹੀਂ ਕੀਤਾ। ਅੰਡੇ ਖਾਣੇ ਹੀ ਛੱਡ ਦਿੱਤੇ।

ਇਸ ਘਟਨਾ ਦੇ ਦੋ ਸਾਲ ਬਾਅਦ ਜਦੋਂ ਦਸਵੀਂ ਦੇ ਮੇਰੇ ਪੇਪਰ ਹੋਣ ਵਾਲੇ ਹੀ ਸਨ, ਉਦੋਂ ਮੇਰੀ ਚਾਚੀ ਨੇ ਆਪਣੇ ਦੂਜੇ ਬੇਟੇ ਨੂੰ ਜਨਮ ਦਿੱਤਾ। ਸਾਡਾ ਸਾਰਾ ਟੱਬਰ ’ਕੱਠਾ ਹੀ ਰਹਿੰਦਾ ਹੁੰਦਾ ਸੀ। ਮੇਰੀਆਂ ਅੱਖਾਂ ਉਸ ਬੱਚੇ ’ਤੇ ਜਿਵੇਂ ਖੁੱਭ ਗਈਆਂ। ਉਹ ਹੂਬਹੂ ‘ਟਹਿਣੀ ਮੁਰਗੇ’ ਵਰਗਾ ਪਤਲਾ ਤੇ ਲੰਮੀਆਂ ਟੰਗਾਂ ਵਾਲਾ ਕਮਜ਼ੋਰ ਪੈਦਾ ਹੋਇਆ ਸੀ। ਮੇਰੇ ਮੂੰਹੋਂ ਨਿਕਲਿਆ—‘ਟਹਿਣੀ ਤੂੰ ਆ ਗਿਆ’—ਤੇ ਖੁਸ਼ੀ ਮੇਰੇ ਮੂੰਹ ’ਤੇ ਝਲਕ ਪਈ। ਮੇਰੀ ਮਾਂ ਕਹੇ— ਇਹ ਕਮਲੀ ਹੋ ਗਈ ਆ, ਕਦੇ ਜਾਨਵਰ ਵੀ ਇਨਸਾਨ ਰੂਪ ’ਚ ਆਉਂਦੈ ?

ਅੱਜ ਉਹ ਚਚੇਰਾ ਭਰਾ ਵੱਡਾ ਜਵਾਨ ਹੋ ਗਿਆ ਹੈ, ਪਰ ਮੈਂ ਉਸਨੂੰ ਟਹਿਣੀ ਕਹਿ ਕੇ ਹੀ ਸੱਦਦੀ ਹਾਂ ਅਤੇ ਉਹ ਉਸੇ ਤਰ੍ਹਾਂ ਫੁਰਤੀਲਾ ਨੱਠਿਆ ਫਿਰਦਾ ਹੈ।

ਸੱਚ ਇਹ ਤਾਂ ਪਿਆਰ ਦੀ ਇੰਤਹਾ ਹੀ ਹੋਈ ਨਾ! ਜੋ ਜਨੌਰ ਅਤੇ ਇਨਸਾਨ ’ਚ ਫ਼ਰਕ ਹੀ ਨਹੀਂ ਕਰ ਸਕੀ।

***

ਮੇਰੇ ਘਰ ਮੇਰੀ ਇਕ ਪਾਲਤੂ ਪਾਮੇਰੀਅਨ ਕਤੂਰੀ ਹੈ। ਇਸਦੇ ਪਿਆਰ ਦੀ ਵੀ ਵੱਖਰੀ ਤੇ ਨਿਵੇਕਲੀ ਕਹਾਣੀ ਹੈ।

ਮੈਂ ਚੰਡੀਗੜ੍ਹ ਤੋਂ ਲੁਧਿਆਣਾ ਆਪਣੀ ਕਜ਼ਿਨ ਦੇ ਘਰ ਗਈ ਹੋਈ ਸਾਂ। ਮੇਰੇ ਨਾਲ ਮੇਰੀ ਬੇਟੀ ਤੇ ਭਤੀਜਾ ਸਨ। ਗਰਮੀਆਂ ਦੇ ਦਿਨ ਸਨ। ਉਥੇ ਹੀ ਪਿਛਲੇ ਵਿਹੜੇ ਵਿਚ ਇਕ ਕਮਜ਼ੋਰ ਕਾਲੀ ਪਾਮੇਰੀਅਨ ਕੁੱਤੀ ਨੇ ਤਿੰਨ ਬੱਚੇ ਦਿੱਤੇ ਹੋਏ ਸਨ, ਜੋ ਮਿੱਟੀ 'ਚ ਲਥ-ਪਥ ਇਕ ਦੂਜੇ ਉਤੇ ਪਏ ਹੋਏ ਸਨ। ਸਾਨੂੰ ਵੇਖਦੇ ਹੀ ਆਪਣੀ ਮਾਂ ਦੇ ਮਗਰ- ਮਗਰ ਉਹ ਤਿੰਨੇ ਹੌਲੀ-ਹੌਲੀ ਆ ਗਏ। ਦੋ ਕਤੂਰੀਆਂ ਤੇ ਇਕ ਕਤੂਰਾ ਸੀ। ਮੈਂ ਕਾਲੀ ਕਤੂਰੀ ਨੂੰ ਪਸੰਦ ਕੀਤਾ। ਮੇਰੀ ਬੇਟੀ ਵੀ ਕਹਿੰਦੀ ਕਿ ਇਹ ਠੀਕ ਹੈ—ਪਰ ਪਤਾ ਨਹੀਂ ਕਿਵੇਂ ਦੂਜੀ ਚਿੱਟੀ ਕਤੂਰੀ ਨੇ ਆਪਣਾ ਮੂੰਹ ਮੇਰੇ ਪੈਰਾਂ ਤੇ ਰੱਖ ਦਿੱਤਾ ਅਤੇ ਉਥੇ ਬੈਠੇ ਰਹਿਣ ਦੇ ਦੋ-ਤਿੰਨ ਘੰਟਿਆਂ ਵਿਚ ਉਹ ਡਿਗਦੀ-ਢਹਿੰਦੀ ਮੇਰੇ ਮਗਰ ਹੀ ਮਗਰ ਰਹੀ। ਉਸਦੀ ਮਾਂ ਵੀ ਉਸਨੂੰ ਆਪਣੇ ਕੋਲ ਨਾ ਆਉਣ ਦੇਵੇ, ਉਸ ਨੂੰ ਵਗਾਹ-ਵਗਾਹ ਮਾਰੇ। ਕਾਲੀ ਵਾਲੀ ਨੂੰ ਜੇ ਮੈਂ ਫੜਾਂ ਉਹ ਚੂੰ-ਚੂੰ ਕਰਦੀ ਆਪਣੀ ਮਾਂ ਕੋਲ ਚਲੀ ਜਾਵੇ। ਕਤੂਰਾ ਉਹਨਾਂ ਕਿਸੇ ਹੋਰ ਨੂੰ ਦੇਣ ਦਾ ਵਾਅਦਾ ਕਰ ਛੱਡਿਆ ਸੀ। ਮੈਂ ਫੈਸਲਾ ਕਰ ਲਿਆ ਕਿ ਇਹ ਚਿੱਟੀ ਕਤੂਰੀ ਹੀ ਸਾਡੇ ਨਾਲ ਜਾਵੇਗੀ। ਇੱਕੀ ਦਿਨਾਂ ਦੀ ਇਸ ਕਤੂਰੀ ਨੂੰ ਭਰੀ ਗਰਮੀ ਵਿਚ ਅਸੀਂ ਏ. ਸੀ. ਗੱਡੀ 'ਚ ਚੰਡੀਗੜ ਘਰ ਤੱਕ ਮਸਾਂ ਲਿਆ ਸਕੇ।

ਹੌਲੀ-ਹੌਲੀ ਉਹ ਮੇਰੀ ਬੇਟੀ ਤੇ ਭਤੀਜੇ ਨਾਲ ਖੇਡਦੀ, ਦੰਦੀਆਂ ਵੱਢਦੀ ਵੱਡੀ ਹੋਈ।

ਇਕ ਦਿਨ ਅਚਾਨਕ ਮੈਨੂੰ ਮਹਿਸੂਸ ਹੋਇਆ, ਜਿਵੇਂ ਇਹ ਚਿੱਟੀ ਕਤੂਰੀ ਮੇਰੇ ਕਿਸੇ ਪੂਰਵਜਾਂ 'ਚੋਂ ਹੈ ਤੇ ਸਾਡੇ ਪਰਿਵਾਰ ਦਾ ਹਿੱਸਾ ਹੈ, ਜੋ ਮੇਰੇ ਕੋਲ-ਕੋਲ ਆਉਂਦੀ ਮੇਰੇ ਨਾਲ ਖਹਿੰਦੀ, ਚਿੰਬੜਦੀ ਜਾ ਰਹੀ ਹੈ। ਮੈਂ ਆਪਣੀ ਮਾਂ ਨਾਲ ਬਹੁਤ ਪਿਆਰ ਕਰਦੀ ਸਾਂ। ਜ਼ਿੰਦਗੀ 'ਚ ਉਹ ਮੇਰੀ ਸਭ ਕੁਝ ਸੀ। ਉਸਦੇ ਚਲੇ ਜਾਣ 'ਤੇ ਮੈਨੂੰ ਮਾਨਸਿਕ ਤੌਰ 'ਤੇ ਬੜਾ ਧੱਕਾ ਲੱਗਾ ਸੀ। ਮੈਂ ਉਸਨੂੰ ਥਾਂ-ਥਾਂ ਕਿਸੇ ਨਾ ਕਿਸੇ ਜੂਨ 'ਚ ਲੱਭਦੀ ਰਹੀ ਸਾਂ। ਕਦੇ ਕਿਸੇ ਪੀਰ ਤੋਂ, ਕਦੇ ਪੰਡਿਤ ਤੋਂ ਜਾਂ ਕਿਸੇ ਤਾਂਤ੍ਰਿਕ ਤੋਂ। ਮੈਨੂੰ ਜਿਗਿਆਸਾ ਰਹਿੰਦੀ ਕਿ ਉਹ ਕਿੱਥੇ ਹੋਵੇਗੀ? ਕਿਸ ਜੂਨ 'ਚ ਹੋਵੇਗੀ? ਪਿਆਰ 'ਚ ਤਾਂ ਖਿੱਚ ਹੀ ਬੜੀ ਹੁੰਦੀ ਹੈ। ਕਾਸ਼! ਪੁਨਰ ਜਨਮ ਹੋਵੇ।

ਇਕ ਦਿਨ ਮੇਰੇ ਬੁਖਾਰ ਕਾਰਨ, ਮੈਨੂੰ ਬੈੱਡ 'ਤੇ ਲੰਮੇ ਪਏ ਰਹਿਣ 'ਤੇ ਉਸ ਮੇਰੇ ਸਿਰ 'ਤੇ ਆਪਣੇ ਦੋਹੇਂ ਪੰਜੇ ਰੱਖੇ, ਉਹ ਮੂਕ ਦ੍ਰਿਸ਼ਟੀ 'ਚ ਕੁਝ ਪੁੱਛ ਰਹੀ ਸੀ। ਜਦੋਂ ਤਕ ਮੈਂ ਠੀਕ ਉੱਠ ਕੇ ਤੰਦਰੁਸਤ ਨਾ ਹੋ ਗਈ, ਉਹ ਮੇਰੇ ਕੋਲੋਂ ਨਾ ਹਿੱਲੀ। ਉਦਾਸ ਮੇਰੇ ਆਲੇ-ਦੁਆਲੇ ਹੀ ਤੁਰਦੀ-ਫਿਰਦੀ ਰਹੀ। ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੇ ਆਲੇ-ਦੁਆਲੇ ਮੇਰੀ ਮਾਂ ਦਾ ਸਾਇਆ ਤੁਰ ਰਿਹਾ ਹੈ। ਇਕ ਬਿਜਲੀ ਜਿਹੀ ਕਿਤੇ ਤਿੜਕੀ—ਇਸ ਕਤੂਰੀ ਦੀ ਜਾਨ 'ਚ ਕਿਤੇ ਮੇਰੀ ਮਾਂ ਹੀ ਤਾਂ ਨਹੀਂ?

ਇਸ ਦਾ ਨਾਂ ਹੈ ਕੈਂਡੀ—ਚੰਡੀਗੜ੍ਹ ਦੀ 'ਮਿਸ ਕੈਂਡੀ'। ਹੁਣ ਸਾਡੇ ਸਾਰਿਆਂ ਦੀ ਉਹ ਜਾਨ ਹੈ। ਸਾਡੇ ਘਰ ਕੋਈ ਵੀ ਓਪਰਾ ਬੰਦਾ ਵੜ ਨਹੀਂ ਸਕਦਾ। ਜਦੋਂ ਅਸੀਂ ਸਾਰੇ ਸਵੇਰ ਨੂੰ ਆਪਣੇ-ਆਪਣੇ ਕੰਮਾਂ ਤੇ ਜਾਂਦੇ ਹਾਂ ਤਾਂ ਉਹ ਇਵੇਂ ਸੌਣ ਲਈ ਚਲੀ ਜਾਂਦੀ ਹੈ, ਜਿਵੇਂ ਸਾਡੇ ਨਾਲ ਕੋਈ ਵਾਸਤਾ ਹੀ ਨਹੀਂ। ਜੇ ਆਪਣੇ ਸਮੇਂ 'ਤੇ ਘਰ ਨਾ ਪਰਤੀਏ ਤਾਂ ਉਹ ਪੌੜੀਆਂ ਹੇਠਾਂ ਆ ਕੇ ਵੇਖਣ ਲੱਗਦੀ ਹੈ ਤੇ ਜਵਾਬ ਤਲਬ ਕਰਦੀ ਹੈ।

ਮੈਨੂੰ ਕਈ ਵਾਰ ਭੁਲੇਖਾ ਹੀ ਨਹੀਂ, ਪੱਕਾ ਵਿਸ਼ਵਾਸ ਵੀ ਹੋ ਜਾਂਦਾ ਹੈ ਕਿ ਇਹ ਮੇਰੀ ਮਾਂ ਹੀ ਹੈ, ਜੋ ਇਸ ਜੂਨ 'ਚ ਮੇਰੇ ਕੋਲ ਆਈ ਹੈ, ਪਿਆਰ ਦੇ ਨਵੇਂ ਰੰਗ ਨੂੰ ਲੈ ਕੇ। ਜਦੋਂ ਵੀ ਮੈਂ ਆਪਣੀ ਬੇਟੀ ਨੂੰ ਕਹਾਂ, ' ਆਫਤਾਬਪ੍ਰੀਤ ਇਹ ਤੇਰੀ ਨਾਨੀ ਹੈ,' ਤਾਂ ਉਹ ਵਿਅੰਗ ਕਰਦੀ ਹੱਸਦੀ ਹੈ— 'ਮਮਾ, ਇਸ ਜਾਨਵਰ 'ਚ ਨਾਨੀ? ਉਹ ਤਾਂ ਇਨਸਾਨ ਸੀ!'

ਇਹ ਕੈਂਡੀ ਜਿਸਨੂੰ ਪਿਆਰ ਕਰਦੀ ਹੈ, ਉਸਨੂੰ ਮਧੋਲ ਕੇ ਰੱਖ ਦਿੰਦੀ ਹੈ। ਪ੍ਰੋਫੈਸਰ ਕੁਲਵੰਤ ਤੇ ਰਾਜ ਜਦੋਂ ਮੇਰੇ ਘਰ ਆਉਂਦੇ ਹਨ ਤਾਂ ਉਹਨਾਂ ਨੂੰ ਛੂਹਣ ਲਈ ਉਹ ਨੱਚ-ਨੱਚ, ਟੱਪ-ਟੱਪ ਪੈਂਦੀ ਹੈ।—ਕਈ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਕੇ ਉਹਨਾਂ 'ਤੇ ਆਪਣੇ ਪਿਆਰ ਦਾ ਇਜ਼ਹਾਰ ਕਰਦੀ ਡੁੱਲ੍ਹ-ਡੁੱਲ੍ਹ ਪੈਂਦੀ ਹੈ।

***

ਇਨਸਾਨੀ ਪਿਆਰ ਇਸ ਤੋਂ ਉਲਟ ਹੈ।—ਇਨਸਾਨ ਪਿਆਰ ਦਾ ਮੁੱਲ ਚਾਹੁੰਦਾ ਹੈ। ਜੇ ਮੁੱਲ ਨਾ ਮਿਲੇ ਤਾਂ ਬਦਲੇ ਦੀ ਭਾਵਨਾ 'ਚ ਉਸਦੀ ਬਦਖੋਈ ਕਰਕੇ, ਲਤਾੜ ਕੇ, ਖਵਾਰ ਕਰ ਕੇ ਜਤਾਉਣਾ ਚਾਹੁੰਦਾ ਹੈ— 'ਵੇਖ ਲੈ, ਜੇ ਮੇਰੀ ਜਾਂ ਮੇਰਾ ਨਹੀਂ ਤਾਂ ਕਿਸੇ ਹੋਰ ਲਈ ਵੀ ਨਹੀਂ ਛੱਡੂੰ।'

ਪਰੰਤੂ ਜਾਨਵਰ ਪਿਆਰ ਦਾ ਜਵਾਬ 'ਪਿਆਰ ਦੀ ਚੁੱਪ' ਨਾਲ ਹੀ ਦੇਂਦਾ ਹੈ ਤੇ ਸੰਸਾਰ ਦੇ ਪਿਆਰ ਦੀ ਨਕਲ 'ਚ ਹਿੱਸੇਦਾਰੀ ਨਹੀਂ ਕਰਦਾ।

# ਔਰਤ ਦੀ ਕੋਈ ਜਾਤ ਨਹੀਂ

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਦੂਜਾ ਦਰਜਾ ਦਿੱਤਾ ਗਿਆ ਹੈ ਉਸਦਾ ਸਫਰ ਪਿਤਾ ਦੇ ਘਰ ਤੋਂ ਸ਼ੁਰੂ ਹੋ ਕੇ ਦੂਜੀ ਦੁਨੀਆ ਵਿੱਚ ਵੀ ਮਰਦ ਦੇ ਨਾਲ ਹੀ ਜੁੜਿਆ ਰਹਿੰਦਾ ਹੈ।

ਜਿਵੇਂ ਪਾਣੀ ਨੂੰ ਜਿਸ ਵੀ ਭਾਂਡੇ 'ਚ ਪਾ ਦਿਓ, ਉਸਦਾ ਆਕਾਰ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ ਇਸੇ ਤਰ੍ਹਾਂ ਔਰਤ ਜਿਸ ਘਰ 'ਚ ਜਾਂਦੀ ਹੈ, ਉਵੇਂ ਹੀ ਢਲ ਜਾਂਦੀ ਹੈ। 'ਜਲ ਮੇ ਕੁੰਭ-ਕੁੰਭ ਮੇਂ ਜਲ' ਵਾਂਗ ਹੈ ਉਹ। ਵੈਸੇ ਔਰਤ ਹੈ ਕੀ-? ਜਨਮ ਦੇਣ ਦਾ ਕਾਰਨ ਬਸ।

ਸੋਚਦੀ ਹਾਂ ਤਾਂ ਔਰਤ ਦੀ ਇਹ ਤਸਵੀਰ ਹੁਣ ਅੱਖਾਂ 'ਚ ਰੜਕਦੀ ਹੈ-ਕੀ ਔਰਤ ਸਿਰਫ ਘਰ-ਗ੍ਰਹਿਸਥੀ ਲਈ ਜਾਂ ਅੱਖਾਂ 'ਚ ਪਾਣੀ ਲੈ ਹੁਬਕੀਆਂ ਲੈਣ ਵਾਲੀ ਹੀ ਹੈ?

ਔਰਤ ਦੀ ਹਿੱਸੇਦਾਰੀ ਮਰਦ ਦੀ ਵੰਸ਼-ਬੇਲ ਵਧਾਉਣ ਦੀ ਹੀ ਹੈ-ਉਸਦੀ ਕੋਈ ਵੱਖਰੀ ਜਾਤ ਨਹੀਂ ਜੋ ਆਪਣੇ ਬੱਚੇ ਨੂੰ ਪੈਦਾ ਕਰਕੇ ਉਸਨੂੰ ਆਪਣਾ ਨਾਂ ਦੇ ਸਕੇ। ਹੋਵੇ ਵੀ ਕਿਸ ਤਰ੍ਹਾਂ-ਔਰਤ ਕੋਈ ਬੰਦਾ ਥੋੜੇ ਨਾ-ਔਰਤ ਤਾਂ ਸਿਰਫ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਜੁ ਹੋਈ।

ਢੋਰ ਗਵਾਰ ਸ਼ੂਦਰ ਔਰ ਨਾਰੀ

ਯਹ ਸਭ ਤਾੜਨ ਕੇ ਅਧਿਕਾਰੀ ਤੇ ਮਰਦਾਂ ਨੇ ਉਸਨੂੰ ਤਾੜ ਕੇ ਰੱਖ ਲਿਆ-ਕਦੇ ਚਾਰ ਦੀਵਾਰੀ 'ਚ ਤੇ ਕਦੇ ਬੁਰਕੇ 'ਚ ਲਪੇਟ ਕੇ ਜਾਂ ਉਸਨੂੰ ਲਾਡ ਨਾਲ ਆਪਣਾ ਨਾਂ ਦੇ ਕੇ ਪਿਛਲੱਗੂ ਬਣਾ ਲਿਆ ਜੇ ਉਹ ਵੰਸ਼ ਵੇਲ 'ਚ ਵਾਧਾ ਨਾ ਕਰ ਸਕੇ ਤਾਂ ਦੂਜੀ ਹੋਰ ਔਰਤ ਵਿਆਹ ਲੈ ਆਏ।

ਪਰ ਜੇ ਇਤਿਹਾਸ ਫਰੋਲੀਏ ਤਾਂ ਕਈ ਕਬੀਲਿਆਂ 'ਚ ਔਰਤ ਦੀ ਜਾਤ ਦੇ, ਉਸਦੇ ਆਪਣੇ ਨਾਂ ਦੇ ਨਾਲ ਮਰਦ ਦੇ ਵੰਸ਼ ਚਲਦੇ ਸਨ-ਦਰਾਵਿੜ 'ਚ ਕਈ ਐਸੇ ਵੰਸ਼ ਮਿਲਦੇ ਹਨ, ਜਿਨ੍ਹਾਂ ਦੇ ਕੁਝ ਗੋਤ ਔਰਤ ਦੇ ਵੰਸ਼ ਨਾਲ ਪਰਖੇ ਜਾਂਦੇ ਸਨ। ਮੁਗਲਾਂ ਤੇ ਅਫਗਾਨਾਂ ਦੇ ਰਲ ਜਾਣ ਨਾਲ ਔਰਤਾਂ ਦਾ ਵਜੂਦ ਖੋ ਗਿਆ।

ਹੁਣ ਵੀ ਪਿੰਡਾਂ ਜਾਂ ਸ਼ਹਿਰਾਂ 'ਚ ਗਰੀਬ-ਮਹਾਤੜ ਕਿਤੋਂ ਵੀ ਯੂ.ਪੀ. ਜਾਂ ਬਿਹਾਰ ਤੋਂ ਕੁੜੀ ਵਿਆਹ ਕੇ ਜਾਂ ਖਰੀਦ ਕੇ ਲੈ ਆਉਂਦੇ ਨੇ-ਉਹ ਵਿਚਾਰੀ ਆਪਣਾ ਸਾਰਾ ਕੁਝ ਪਿੱਛਾ ਭੁੱਲ ਕੇ ਅਗਾਂਹ ਵੰਸ਼ ਵੇਲ ਬਣ ਕੇ ਰਹਿ ਜਾਂਦੀ ਹੈ ਤੇ ਉਸੇ 'ਚ ਖੁਸ਼ ਰਹਿੰਦੀ ਹੈ। ਉਸਦੀ ਜਾਤ ਨੂੰ ਫੇਰ ਕਿਹੜਾ ਪੁੱਛਦਾ ਹੈ-ਉਹ ਭਾਈਆਣੀ ਜਾਂ ਬਿਹਾਰਣੀ ਤਾਂ ਨਹੀਂ ਨਾ ਰਹਿ ਜਾਂਦੀ। ਇਹ ਗੱਲ ਵੱਖਰੀ ਹੈ। ਇਹ ਸਮਾਜਿਕ ਸਰੋਕਾਰਾਂ 'ਚ ਉਸ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਹੁੰਦਾ ਹੈ। ਫੇਰ ਵੀ ਪਿੰਡ ਦੇ ਜਵਾਨ 'ਬਾਈ-ਭਾਬੀ ਲੈ ਆਇਆਂ ਘਰ'-ਕਹਿ ਕੇ ਟਕੋਰ ਜ਼ਰੂਰ ਲਾਉਂਦੇ ਨੇ।- ਉਨ੍ਹਾਂ ਨੂੰ ਕੋਈ ਮਤਲਬ ਨਹੀਂ ਕਿ ਇਹ ਔਰਤ ਕਿੱਥੋਂ ਦੀ ਹੈ-ਕਿਸ ਜਾਤ ਦੀ ਹੈ—ਉਨ੍ਹਾਂ ਦਾ ਤਾਂ ਚੁੱਲ੍ਹਾ ਚੌਂਕਾ ਚੱਲਣਾ ਚਾਹੀਦਾ ਹੈ, ਬਸ।

ਜੇ ਅੱਜਕਲ੍ਹ ਦੇ ਸਮੇਂ 'ਚ ਵੇਖੀਏ ਤਾਂ ਬਹੁਤ ਕੁਝ ਬਦਲ ਗਿਆ ਹੈ ਤੇ ਬਦਲ ਰਿਹਾ ਹੈ। ਸਾਡੀ ਪੀੜ੍ਹੀ ਤੋਂ ਗਾਂਹ ਅੱਜਕੱਲ੍ਹ ਦੀ ਪੀੜ੍ਹੀ ਨੂੰ ਸਾਹ ਆ ਰਿਹਾ ਹੈ।

ਮੈਂ ਆਪਣੀ ਗੱਲ ਦੱਸਦੀ ਹਾਂ- ਮੈਂ ਆਪਣੇ ਨਾਲ ਜਸਵਾਲ ਲਗਾਉਂਦੀ ਹਾਂ। ਵਿਆਹ ਤੋਂ ਬਾਅਦ ਮੇਰਾ ਪਤੀ ਰਾਣਾ ਤੋਂ ਜਸਵਾਲ ਨਹੀਂ ਹੋਇਆ-ਮੈਂ ਹੀ ਮਿਸ ਜਸਵਾਲ ਤੋਂ ਮਿਸਿਜ਼ ਰਾਣਾ ਹੋ ਗਈ ਸੀ। ਨੌਕਰੀ 'ਚ ਖੁਸ਼ੀ-ਖੁਸ਼ੀ ਲਿਖ ਕੇ ਵੀ ਦਿੱਤਾ-ਬਈ ਹੁਣ ਤੋਂ ਮੈਨੂੰ ਰਾਣਾ ਸੱਦਿਆ ਜਾਵੇ-ਪਰ ਕੁਝ ਟੈਕਨੀਕਲ ਉਲਝਣਾਂ ਕਾਰਨ-ਪਾਸਪੋਰਟ 'ਤੇ ਜਸਵਾਲ ਹੀ ਲਿਖਿਆ ਗਿਆ। ਮੈਂ ਸੋਚਿਆ ਮੇਰੀ ਮਾਂ ਪਹਿਲਾਂ ਰਾਠੌਰ ਸੀ, ਫੇਰ ਜਸਵਾਲ ਹੋ ਗਈ-ਮੇਰਾ ਨਾਂ ਪਹਿਲਾਂ ਮੇਰੇ ਪਿਤਾ ਦਾ ਸੀ, ਬਾਅਦ 'ਚ ਪਤੀ ਦਾ।-ਮੈਂ ਇੱਥੇ ਕਿੱਥੇ ਹਾਂ? ਤੇ ਮੈਂ ਆਪਣੀ ਮਾਂ ਨਾਲ ਜੁੜ ਗਈ ਤੇ ਜਸਵਾਲ ਹੀ ਰਹੀ।

ਹੁਣ ਸਮਾਂ ਹੋਰ ਬਦਲ ਰਿਹਾ ਹੈ, ਅੱਜਕੱਲ੍ਹ ਸਕੂਲਾਂ-ਕਾਲਜਾਂ 'ਚ ਬੱਚਿਆਂ ਦੇ ਸਰਟੀਫਿਕੇਟਾਂ 'ਚ ਪਿਤਾ ਦੇ ਨਾਂ ਦੇ ਨਾਲ ਮਾਂ ਦਾ ਨਾਂ ਵੀ ਜ਼ਰੂਰ ਹੁੰਦਾ ਹੈ। ਕਿਉਂਕਿ ਵਿਆਹ-ਸ਼ਾਦੀਆਂ ਦੇ ਅਰਥ ਬਦਲ ਰਹੇ ਹਨ। ਸਰੋਕਾਰਾਂ 'ਚ ਤਬਦੀਲੀ ਆ ਰਹੀ ਹੈ। ਨਾ ਮਰਦ ਇਕੱਲਾ ਜ਼ਿੰਦਗੀ ਜੀਣਾ ਚਾਹੁੰਦਾ ਹੈ ਤੇ ਨਾ ਹੀ ਔਰਤ। ਸਮਾਂ ਤੇ ਜ਼ਰੂਰਤ ਅਨੁਸਾਰ ਜੀਵਨ- ਸਾਥੀ ਬਦਲ ਜਾਂਦੇ ਨੇ ਪਰ ਬੱਚਿਆਂ ਦੇ ਮਾਤਾ-ਪਿਤਾ ਦਾ ਨਾਂ ਨਹੀਂ ਬਦਲਦਾ। ਕਿਉਂ ਬਦਲੇ? ਕੁਦਰਤ ਵੀ ਤਾਂ ਇਹੋ ਚਾਹੁੰਦੀ ਹੈ।

ਵੈਸੇ ਅਸੀਂ ਔਰਤਾਂ ਚਾਹੀਏ ਤਾਂ ਆਪਣੇ ਬੱਚਿਆਂ ਨੂੰ ਆਪਣਾ ਨਾਂ ਦੇ ਸਕਦੀਆਂ ਹਨ। ਮਰਦ ਪ੍ਰਧਾਨ ਸਮਾਜ 'ਚ ਆਪਣੇ ਪਿਤਾ ਜਾਂ ਪਤੀ ਦੀ ਮਰਜ਼ੀ ਵਗੈਰ ਇਹ ਕੰਮ ਬਹੁਤ ਔਖਾ ਹੈ। ਤੇ ਸ਼ੁਰੂਆਤ ਤਾਂ ਕਿਸੇ ਕਰਨੀ ਹੀ ਹੈ। ਕਿਸ 'ਚ ਹੈ ਹਿੰਮਤ? ਜਾਂ ਬੱਚਿਆਂ 'ਤੇ ਛੱਡ ਦਈਏ ਉਹ ਕੀ ਲਾਉਣਾ ਚਾਹੁੰਦੇ ਹਨ। ਅਸੀਂ ਔਰਤਾਂ 'ਪ' ਲਫਜ਼ ਦੇ ਮੋਹ ਨਾਲ ਜਨਮ ਤੋਂ ਹੀ ਜੁੜੀਆਂ ਹੋਈਆਂ ਹਾਂ। ਪਹਿਲਾਂ ਪਿਤਾ ਫੇਰ ਪਤੀ ਤੇ ਉਸ ਤੋਂ ਬਾਅਦ ਪੁੱਤਰ। ਮੇਰੀ ਇੱਕ ਵਿਦਿਆਰਥਣ ਮੈਥੋਂ ਪੁੱਛਦੀ ਹੈ ਕੀ ਕੁੜੀਆਂ ਦੀ ਪਹਿਚਾਣ ਪਤੀ ਤੋਂ ਹੀ ਹੁੰਦੀ ਹੈ? ਸ਼ਾਇਦ ਹਾਂ ਵੀ ਤੇ ਨਾਂਹ ਵੀ। ਪੜ੍ਹੀਆਂ ਲਿਖੀਆਂ ਉੱਚੇ ਅਹੁਦੇ 'ਤੇ ਪੁੱਜੀਆਂ ਔਰਤਾਂ ਜ਼ਿਆਦਾਤਰ ਆਪਣੇ ਪਤੀ ਦੀ ਜਾਤ ਤੇ ਉਨ੍ਹਾਂ ਦੇ ਉੱਚੇ ਅਹੁਦੇ ਨੂੰ ਦੱਸ ਕੇ ਜ਼ਿਆਦਾ 'ਮਾਣ' ਮਹਿਸੂਸ ਕਰਦੀਆਂ ਨੇ।

ਪਰ ਕਈ ਕੁੜੀਆਂ ਬੜੀਆਂ ਖੁਦਦਾਰ ਨੇ। ਉਹ ਆਪਣੀ ਆਈਡੈਂਇਟੀ ਨੂੰ ਗੁਆਚਣ ਨਹੀਂ ਦੇਣਾ ਚਾਹੁੰਦੀਆਂ ਤੇ ਕੁਦਰਤ ਤੋਂ ਉਲਟ, ਮਰਦ ਦੀ ਗੁਲਾਮੀ ਨੂੰ ਨਕਾਰ ਕੇ ਕੁਆਰੀਆਂ ਰਹਿਣਾ ਜ਼ਿਆਦਾ ਪਸੰਦ ਕਰਦੀਆਂ ਨੇ, ਭਾਵੇਂ ਉਨ੍ਹਾਂ 'ਤੇ Chronic bachelor ਦਾ ਲੇਬਲ ਹੀ ਕਿਉਂ ਨਾ ਲੱਗ ਜਾਵੇ, ਪਰ ਫੇਰ ਵੀ ਪਿਤਾ ਦਾ ਨਾਂ ਤਾਂ ਲੱਗਾ ਹੁੰਦਾ ਹੀ ਹੈ ਨਾ-ਉਨ੍ਹਾਂ ਦੀ ਆਪਣੀ ਤਾਂ ਕੋਈ ਜਾਤ ਨਹੀਂ।

ਮੇਰੀ ਬੇਟੀ ਆਪਣੇ ਨਾਂ ਨਾਲ ਆਪਣੇ ਪਿਤਾ ਦਾ ਨਾਂ ਜੋੜਦੀ ਹੈ। ਇੱਕ ਦਿਨ ਉਸ ਕਿਹਾ, ਮਾਂ ਮੈਨੂੰ ਮੇਰੇ ਪ੍ਰੋਫੈਸਰ ਕਹਿੰਦੇ ਤੂੰ ਰਾਣਾ-ਤੇਰੀ ਮੰਮੀ ਜਸਵਾਲ-ਇਹ ਕਿਵੇਂ? ਤੇ ਉਸਨੇ ਹੁਣ ਮੇਰੇ ਨਾਂ ਨਾਲ ਨਿਰਮਲ ਜਸਵਾਲ ਰਾਣਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਮੈਂ ਹੱਸਦੀ ਹਾਂ, ਪਿਤਾ ਤੇ ਪਤੀ ਤੋਂ ਪਹਿਲਾਂ, ਮੈਂ ਨਿਰਮਲ ਹਾਂ ਤੇ ਮੇਰੀ ਇਹੋ ਪਛਾਣ ਹੈ।

✪

# ਔਰਤ ਤੇ ਮਰਦ ਤੋਂ ਬਿਨਾਂ-
# ਸੰਸਾਰ ਦੀ ਕੋਈ ਹੋਂਦ ਨਹੀਂ

ਮੈਂ ਕਿਸੇ ਤੋਂ ਪੁੱਛਿਆ ਸੀ ਬਈ ਇਹ ਬੰਦੇ (ਮਰਦ) ਮੈਥੋਂ ਕਿਉਂ ਜਰਕਦੇ ਨੇ—ਉਸ ਜਵਾਬ ਦਿੱਤਾ ਸੀ, ਤੂੰ ਮਰਦਾਂ ਵਾਂਗ ਬਿਹੇਵ ਕਰਦੀ ਹੈਂ। ਇਸ ਵਾਕ 'ਚ ਬੜਾ ਕੁਝ ਸ਼ਾਮਿਲ ਹੈ—ਮੈਂ ਸੋਚਣ ਲਈ ਮਜਬੂਰ ਹੋ ਗਈ, ਕੀ ਮੇਰੇ 'ਚ ਸਚਮੁੱਚ ਮਰਦਾਂ ਵਾਲੇ ਗੁਣ ਨੇ—ਨਹੀਂ ਔਗੁਣ ਜ਼ਿਆਦਾ ਨੇ ਤਾਂਹੀਓਂ ਤਾਂ ਬਹੁਤੇ ਲੇਖਕ ਮੈਥੋਂ ਖਿਝਦੇ ਨੇ—ਔਰਤ ਹਾਂ ਔਰਤਾਂ ਵਾਂਗ ਦੱਬੂ ਤੇ ਪਿਛਲੱਗੂ ਬਣ ਕੇ ਕਿਉਂ ਨਹੀਂ ਰਹਿੰਦੀ—ਤੇ ਜੇ ਮੈਂ ਸਚਮੁਚ ਪੈਦਾ ਮੁੰਡਾ ਹੀ ਹੁੰਦੀ ਤਾਂ? ਕੀ ਮੈਂ ਵੀ ਇਨ੍ਹਾਂ ਵਾਂਗ ਹੀ ਸੋਚਣਾ ਸੀ?

ਜਦੋਂ ਮੈਨੂੰ ਇਹ ਪ੍ਰਸ਼ਨ ਪੁੱਛਿਆ ਗਿਆ 'ਜੇ ਮੈਂ ਮੁੰਡਾ ਹੁੰਦੀ ਮਤਲਬ ਮਰਦ ਹੁੰਦੀ ਤਾਂ ਕੀ ਕਰਦੀ। ਤਾਂ ਮੇਰੇ ਮੂਹਰੇ ਟੈਲੀਵਿਜ਼ਨ ਅਤੇ ਅਖ਼ਬਾਰਾਂ 'ਚ ਫੈਲੀਆਂ ਢੇਰਾਂ ਇਹੋ ਜਿਹੀਆਂ ਤਸਵੀਰਾਂ ਤੇ ਖਬਰਾਂ ਸਨ ਕਿ ਮੈਨੂੰ ਇਹ ਜਵਾਬ ਲੱਭਣ 'ਚ ਕੁਰਲਾਹਟ ਜਿਹੀ ਮਹਿਸੂਸ ਹੋਈ—ਮਰਦ ਹੋਣ ਦਾ ਮਤਲਬ ਜਿਸਮਾਨੀ ਤਾਕਤ, ਬਲਾਤਕਾਰ, ਜ਼ੋਰ ਜਬਰ, ਠੱਗੀ ਯਾਰੀ ਆਦਿ....

ਜਦੋਂ ਛੋਟੀ ਸਾਂ ਘਰ 'ਚ ਮਰਦਾਂ ਨੂੰ ਰੋਟੀ ਖੁਆ ਕੇ ਫੇਰ ਬੱਚਿਆਂ ਦੀ ਵਾਰੀ ਆਉਂਦੀ ਸੀ ਤੇ ਸਾਰਿਆਂ ਤੋਂ ਪਿੱਛੇ ਘਰ ਦੀਆਂ ਸੁਆਣੀਆਂ ਦੀ, ਮਤਲਬ ਮਰਦ ਨੂੰ ਪਹਿਲ ਦਿਤੀ ਜਾਂਦੀ—'ਹੇ ਰੱਬਾ! ਮੈਂ ਕੁੜੀ ਕਿਉਂ ਹੋਈ? ' ਸੋਚਦੀ ਵੱਡੀ ਹੋਈ ਤਾਂ ਕੁੜੀ ਹਾਂ। ਸਿਲਾਈ ਕਢਾਈ ਜਾਂ ਰਸੋਈ ਦਾ ਕੰਮ ਸਿੱਖੇ। ਮੈਨੂੰ ਪੜ੍ਹਨਾ ਚੰਗਾ ਲੱਗਦਾ ਸੀ। ਮਾਂ ਦੀ ਸਾੜ੍ਹੀ ਦੇ ਪੱਲੂ 'ਚ ਮੂੰਹ ਲੁਕੋ ਕੇ ਉਸਨੂੰ ਕਹਿੰਦੀ—ਮੈਂ ਅਫ਼ਸਰ ਬਣਨਾ ਜਾਂ ਕਾਲਜ ਪੜ੍ਹਾਉਣਾ। ਮਾਂ ਔਰਤ ਸੀ। ਉਸਨੇ ਔਰਤ ਜਾਤ ਦਾ ਪੱਖ ਲਿਆ। ਹਾਂ ਤੂੰ ਜ਼ਰੂਰ ਕਾਲਜ ਤੱਕ ਪੜ੍ਹਾਈ ਕਰੇਂਗੀ। ਪਿਓ ਨਹੀਂ ਸੀ ਪਰ ਚਾਚੇ ਨੇ ਕਹਿਣਾ—'ਪੜ੍ਹ ਕੇ ਇਹਨੇ ਇੰਦਰਾ ਗਾਂਧੀ ਬਣਨਾ? ' ਇੰਦਰਾ ਗਾਂਧੀ ਮਤਲਬ—ਮਰਦ ਵਾਂਗ ਸੀਨਾ ਠੋਕ ਕੇ ਲੋਕਾਂ 'ਤੇ ਰਾਜ ਕਰਨਾ।

1998 'ਚ ਅਮਰੀਕਾ ਗਈ ਸਾਂ। ਬੌਸਟਨ ਯੂਨੀਵਰਸਿਟੀ 'ਚ ਆਪਣੀ ਇੰਟਰਵਿਊ ਦੇਣ ਤੋਂ ਬਾਅਦ ਵਾਪਿਸ ਘਰ ਪਰਤਣ 'ਤੇ ਮੈਂ ਰੇਲ ਤੋਂ 15 ਮਿੰਟ ਦਾ ਸਫਰ ਤੈਅ ਕਰ ਚੁੱਕੀ ਸਾਂ । ਤੇ ਬੱਸ ਦੀ ਉਡੀਕ ਕਰ ਰਹੀ ਸਾਂ, ਜੇ ਬੱਸ ਨਹੀਂ ਆਈ ਤਾਂ ਅਗਲੀ ਬੱਸ ਮਿਸ ਹੋ ਜੁਗੀ। ਕਤਾਰ 'ਚ ਖੜ੍ਹੀ ਇਕ ਗੋਰੀ ਨੇ ਮੈਨੂੰ ਕਿਹਾ—ਇਹ ਜੌਹਨ ਉਸੇ ਪਾਸੇ ਜਾਵੇਗਾ। ਅਗਲੀ ਬੱਸ 'ਤੇ ਜਾਣ ਦੀ ਥਾਂ ਇਸੇ ਨਾਲ ਹੀ ਚਲੀ ਜਾਵੀਂ। ਮੈਂ ਜੌਹਨ ਨਾਲ ਉਸਦੀ ਕਾਰ 'ਚ ਘਰ ਤੱਕ ਆਈ। ਸ਼ੀਸ਼ਿਆਂ 'ਚੋ ਮੇਰੇ ਰਿਸ਼ਤੇਦਾਰਾਂ ਨੇ ਮੈਨੂੰ ਜੌਹਨ ਦੀ ਕਾਰ ਤੋਂ ਉਤਰਦੇ ਵੇਖਿਆ—'ਤੁਸੀਂ ਗੋਰੇ ਦੀ ਕਾਰ 'ਚ ਆਏ ਹੋ? ' ਹਾਂ—ਕੱਲ੍ਹ ਭਾਜੀ ਵੀ ਤਾਂ ਕਿਸੇ ਤੋਂ ਲਿਫ਼ਟ ਲੈ ਕੇ ਆਏ ਸੀ? 'ਉਸਦੀ ਗੱਲ ਹੋਰ ਆ। ਤੂੰ ਔਰਤ ਹੈਂ ਗੋਰੇ ਨਾਲ ਫੇਰ ਨਾ ਆਵੀਂ' ਮੈਂ ਉਦੋਂ ਸੋਚਿਆ— ਰੱਬ ਜੀ ਮੈਨੂੰ ਮੁੰਡਾ ਕਿਉਂ ਨਹੀਂ ਬਣਾਇਆ? ਪਰ ਇਹ ਅਮਰੀਕਾ ਸੀ। ਇਥੇ ਮੁੰਡੇ-ਕੁੜੀਆਂ ਦਾ ਇੰਨਾ ਫਰਕ ਨਹੀਂ। ਫੇਰ ਵੀ ਜੇ ਮੈਂ ਇਥੇ ਮਰਦ ਦੇ ਤੌਰ 'ਤੇ ਆਈ ਹੁੰਦੀ ਤਾਂ ਕਈ ਗੋਰੀਆਂ ਨਾਲ ਯਾਰੀ ਹੁੰਦੀ। ਪੰਜਾਬੀ ਮੁੰਡਿਆਂ ਵਾਂਗ। ਤੂੰ ਨਹੀਂ ਤਾਂ ਹੋਰ ਸਹੀ ਕਰਦੀ ਤੇ ਮੁਰਗੇ ਦੇ ਰੂਪ 'ਚ ਘਰ ਦੀ ਦਾਲ। ਰੋਟੀ ਤਾਂ ਹਾਜ਼ਰ ਹੋਣੀ ਹੀ ਸੀ। ਪਰ ਔਰਤ ਹੋਣ ਦੇ ਨਾਤੇ। 'ਗੋਰੇ ਨਾਲ ਨਾ ਆਵੀਂ।' ਭਾਵੇਂ ਬੱਸ ਦੀ ਉਡੀਕ 'ਚ ਰਾਤ ਪੈ ਜਾਵੇ ਜਾਂ ਰੇਲਵੇ ਸਟੇਸ਼ਨ 'ਤੇ ਸਾਰੀ ਰਾਤ ਕੱਟਣੀ ਪਵੇ।

ਮੈਂ ਇੰਗਲੈਂਡ ਕਿੰਨੀ ਵਾਰ ਹੀ ਜਾ ਆਈ ਹਾਂ। ਯੂ. ਕੇ. ਸੈਰ ਸਪਾਟੇ ਤੋਂ ਵੱਖ ਇਕ ਵਾਰ ਪੰਜਾਬੀ ਵਰਲਡ ਕਾਨਫਰੈਂਸ ਲੈਸਟਰ ਤੇ ਇਕ ਵਾਰ ਵੁਲਵਰਹੈਂਪਟਨ ਵਿਚ ਵੀ। ਉਥੇ ਰਹਿੰਦੇ ਆਪਣੇ ਲੇਖਕ ਉਥੋਂ ਦੇ ਕਲਚਰ 'ਚ ਢਲੇ ਹੋਣਗੇ ਸੋਚਦੀ ਸਾਂ। ਪਰ ਨਹੀਂ ਉਹ ਇਕ ਮਿੰਨੀ ਇੰਡੀਆ ਜਾਂ ਮਿੰਨੀ ਪੰਜਾਬ ਹੀ ਹੈ। ਫੰਕਸ਼ਨ ਤੋਂ ਬਾਅਦ ਦੋਸਤ ਮਿੱਤਰ ਇਕੱਠੇ ਹੋ ਬੈਠੇ। ਪੀ ਤਾਂ ਫੰਕਸ਼ਨ 'ਚ ਹੀ ਰਹੇ ਸਨ ਤੇ ਨਸ਼ੇ ਦੀ ਲੋਰ 'ਚ ਜੋ ਉਨ੍ਹਾਂ ਮੋਟੀਆਂ-ਮੋਟੀਆਂ ਗਾਲ੍ਹਾਂ ਆਪਸ 'ਚ ਕੱਢੀਆਂ ਕਿ (ਤੀਵੀਆਂ ਇਕ ਪਾਸੇ ਬੈਠੀਆਂ ਗੱਲਾਂ ਕਰ ਰਹੀਆਂ ਸਨ)। ਮੇਰਾ ਚਿੱਤ ਕੀਤਾ ਜੇ ਮੈਂ ਮਰਦ ਹੁੰਦੀ ਤਾਂ ਮੈਂ ਵੀ ਇਨ੍ਹਾਂ ਵਾਂਗ ਪੀ ਕੇ ਗਾਲ੍ਹਾਂ ਕੱਢਣ ਜਾਂ ਸਾਰਿਆਂ ਦੀ ਆਜ਼ਾਦੀ ਮਾਣਦੀ. ਦੇਸ਼-ਵਿਦੇਸ਼ ਘੁੰਮੀ ਹਾਂ, ਪਰ ਦੱਬੀ ਘੁੱਟੀ। ਜੇ ਮਰਦ ਹੁੰਦੀ ਤਾਂ ਮੈਂ ਵੀ ਮੋਢਿਆਂ 'ਤੇ ਬੈਗ ਪਾ ਇਧਰ-ਉਧਰ ਜਿੱਥੇ ਮਰਜੀ ਘੁੰਮਦੀ। ਕੁਦਰਤ ਦੀ ਖੂਬਸੂਰਤੀ ਦਾ ਲੁਤਫ਼ ਲੈਂਦੀ।

ਆਪਣੇ ਇੱਕ ਮਿੱਤਰ ਨਾਲ ਗੱਲ ਕਰ ਰਹੀ ਸਾਂ। ਉਹ ਕਹਿੰਦਾ ਤੁਹਾਨੂੰ ਪਤਾ। ਜਿੰਨੇ ਸ਼ਾਸਤਰ ਲਿਖੇ ਨੇ ਸਾਰੇ ਮਰਦਾਂ ਨੇ ਲਿਖੇ ਨੇ ਜੇ ਕੋਈ ਤੀਵੀਂ ਹੁੰਦੀ ਤਾਂ ਸ਼ਾਇਦ ਔਰਤਾਂ ਉਤੇ ਹੋਰ ਰੱਸਾ ਕੱਸ ਦਿੰਦੀ—ਆਦਮੀ ਨੇ ਫੇਰ ਵੀ ਕਾਫੀ ਖੁੱਲ੍ਹ ਦਿੱਤੀ ਹੋਈ ਆ। ਮੇਰੇ ਮੂਹਰੇ—ਢੋਰ ਗੰਵਾਰ, ਸ਼ੂਦਰ ਔਰ ਨਾਰੀ, ਯੇ ਸਭ ਤਾੜਨ ਕੇ ਅਧਿਕਾਰੀ—ਦੇ ਵਾਕ ਆ ਜਾਂਦੇ ਨੇ। ਸੱਚ ਇੰਨੀ ਖੁੱਲ੍ਹ ਤਾਂ ਦਿੱਤੀ ਹੋਈ ਹੈ ਕਿ ਔਰਤ ਬੁਰਕੇ ਦੀਆਂ ਝੀਥੀਆਂ ਥਾਣੀਂ ਸੰਸਾਰ ਵੇਖ ਸਕੇ ਤੇ ਪਸ਼ੂਆਂ ਵਾਂਗ ਸਾਹ ਲੈ ਸਕੇ?

ਪਰ ਪ੍ਰੇਮ ਪ੍ਰਕਾਸ਼ ਦੇ ਪੁੱਛੇ ਗਏ ਪ੍ਰਸ਼ਨ ’ਤੇ ਮੇਰੀ ਤੀਜੀ ਅੱਖ ਖੁੱਲ੍ਹ ਜਾਂਦੀ ਹੈ ਕਿ ਮਰਦ Human being ਦੀ ਉੱਤਮ ਜਾਤੀ ਹੈ। ਮੈਂ ਮਰਦ ਹੁੰਦੀ ਤਾਂ ਇਹ ਕਰਦੀ ਤੇ ਔਹ ਕਰਦੀ। ਇਹ ਤਾਂ ਸਾਡੇ ਦੇਸ਼ ਦੇ ਸਮਾਜ ਦਾ ਨੈਗੇਟਿਵ ਸਿਸਟਮ ਹੈ ਜਿਸਨੇ ਮੈਨੂੰ ਖੁੱਲ੍ਹਾਂ ਲੈਣ ਲਈ ਮਰਦ ਹੋਣ ਦੀ ਇੱਛਾ ਪੈਦਾ ਕੀਤੀ ਪਰ ਮੈਂ ਕਿਉਂ ਮਰਦ ਹੋਵਾਂ? ਕਿਉਂ, ਮਰਦ ਹੁੰਦੀ ਤਾਂ ਹੀ ਖੁਸ਼ ਹੋ ਸਕਦੀ?

ਕੀ ਮੈਂ ਪੰਜਾਬੀ ਮੁੰਡਾ ਹੋ ਕੇ ਠੱਗੀ ਠੋਰੀ ਕਰਾਂ? ਯੂ.ਪੀ. ਦਾ ਹੋ ਕੇ ਆਲਸੀ ਰਹਾਂ। ਇੰਗਲੈਂਡ, ਅਮਰੀਕਾ ਰਹਿ ਕੇ ਵੀ ਔਰਤ ਨੂੰ ਔਰਤ ਨਾ ਸਮਝਾਂ। ਕਾਲੇ ਗੋਰੇ ਭੇਤ ਨੂੰ ਆਪਣੇ ਜ਼ਿਹਨ ’ਚ ਲੁਕੋਈ ਰੱਖਾਂ। ਪੜ੍ਹੇ ਲਿਖੇ ਹੋ ਕੇ ਵੀ ਔਰਤ ਦੀ ਅਫਸਰੀ ਨੂੰ ਨਾ ਸਹਾਰ ਸਕਾਂ। ਸਾਰੀ ਉਮਰ ਪ੍ਰੋਫੈਸਰੀ ਕੀਤੀ ਆ। ਕੋ-ਐਜੂਕੇਸ਼ਨ ਕਾਲਜ ’ਚ ਹੀ ਪੜ੍ਹਦੀ ਰਹੀ ਤੇ ਪੜ੍ਹਾਉਂਦੀ ਰਹੀ—ਜਿਸ ਕਾਲਜ ਵਿਚ ਵੀ ਰਹੀ ਮਰਦ ਪ੍ਰੋਫੈਸਰ ਔਰਤ ਪ੍ਰੋਫੈਸਰ ਦੀ ਲਿਆਕਤ, ਉਸਦੀ ਪੜ੍ਹਾਈ, ਉਸਦਾ ਤਰਕ, ਉਸਦੀ ਮਿਹਨਤ ਤੇ ਉਸਦੇ ਰੁਤਬੇ ਨੂੰ ਸਹਾਰ ਹੀ ਨਹੀਂ ਸਕਦੇ । ਕਿਸੇ ਨਾ ਕਿਸੇ ਆਨੇ-ਬਹਾਨੇ ਉਸਨੂੰ ਪਿੱਛਲਗੂ ਬਣਾਉਣਾ। ਛੋਟੇ ਤੋਂ ਛੋਟਾ ਕੰਮ ਕਰਕੇ ਉਸਨੂੰ ਆਪਣੇ ਅੰਡਰ ਕਰਨ ਦੀਆਂ ਤਰਕੀਬਾਂ ਈ ਲੜਾਈ ਰੱਖਦੇ ਰਹਿਣਾ। ਗੁੱਟਾਂ ’ਚ ਵੰਡ ਜਾਂਦੇ ਨੇ। ਕੋਈ ਸੋਹਣੀ-ਸੁਨੱਖੀ, ਨਜ਼ਾਕਤ ਵਾਲੀ। ਅੰਗ੍ਰੇਜ਼ੀ ’ਚ ਅਦਾਵਾਂ ਵਿਖਾਉਣ ਵਾਲੀ ਹੋਵੇ ਤਾਂ ਅੰਗ੍ਰੇਜ਼ੀ ’ਚ ਹੱਥ ਤੰਗ ਹੋਣ ਵਾਲੇ ਅਤੇ ਪੰਜਾਬੀ ਪੜ੍ਹਾਉਣ ਵਾਲੇ ਤਾਂ ਮਰ-ਮਰ ਜਾਂਦੇ ਨੇ। ਜ਼ਿਆਦਾਤਰ ਮਰਦ ਲਯੂਕੋਡਰਮਾ ਰੰਗ ਦੇ ਸ਼ਿਕਾਰ ਹੋ ਜਾਂਦੇ ਨੇ। ਸੈਕੰਡਾਂ ’ਚ ਰੰਗ ਬਦਲਣ ਲਗਦੇ ਨੇ। ਸਮਝਦੇ ਨੇ ਔਰਤ ਸਾਡੇ ਬਿਨਾਂ ਤਾਂ ਕੀ, ਸਗੋਂ ਕੰਮ ਕਰ ਹੀ ਨਹੀਂ ਸਕਦੀ।

ਅਫਵਾਹਾਂ ਤੇ ਬਦਨਾਮੀ ਫੈਲਾਉਣ ’ਚ ਮਾਹਿਰ ਮਰਦਾਂ ਵਰਗੇ ਡੀਲ ਡੌਲ ਵਾਲੀਆਂ ਔਰਤਾਂ ਅਤੇ ਮਰਦ ਵੀ ਨੈਗੇਟਿਵ ਬਿਰਤੀ ਵਾਲੀ ਆਪਣੀਆਂ ਸਾਥਣਾਂ ਨੂੰ ਨਾਲ ਮਿਲਾਉਣ ਦੀ ਤਿਕੜਮ ’ਚ ਹੀ ਛਿੱਥੇ ਪੈ ਜਾਂਦੇ ਨੇ। ਇਨ੍ਹਾਂ ਮਰਦਾਂ ਨਾਲ ਔਰਤਾਂ ਵੀ ਕੋਈ ਜੱਟਵਾਦ, ਕੋਈ ਬ੍ਰਾਹਮਣਵਾਦ, ਕੋਈ ਦਲਿਤਵਾਦ ਲਈ ਤੁਰਿਆ ਫਿਰਦਾ ਹੈ....ਔਰਤਵਾਦ ਕੋਈ ਨਹੀਂ ਆਖਦਾ— ਇਨ੍ਹਾਂ ਦੀ ਤਿਕੜਮ ਇਸ ਤਰ੍ਹਾਂ ਦੀ ਕਿ ਚੰਗੀਆਂ ਭਲੀਆਂ ਤਕੜੇ ਜਿਸਮ ਵਾਲੀਆਂ ਔਰਤਾਂ ਵੀ ਚਲਾਕ ਲੂੰਬੜੀ ਵਾਂਗ ਵਰਤਾਰੇ ਕਰਨ ਲੱਗ ਪੈਂਦੀਆਂ ਨੇ, ਅਤੇ ਭਲੀ ਚੰਗੀ ਰੋਅਬ ਦਾਅਬੇ ਵਾਲੀ ਔਰਤ ਅਫਸਰ ਵੀ ਇਨ੍ਹਾਂ ਦੇ ਡਰੈੱਸ ਕੋਡ ’ਤੇ ਆਕਰਸ਼ਿਤ ਹੋ ਜਾਂਦੀ ਹੈ, ਫੇਰ ਤਾਂ ਮੌਜਾਂ ਹੀ ਮੌਜਾਂ.....ਤੇ ਔਰਤ ਵਿਚਾਰੀ ਕੀ ਕਰੇ—ਠੰਡਾ ਪਾਣੀ ਪੀ ਮਰੇ।

ਨਹੀਂ—ਮੈਂ ਠੰਡਾ ਪਾਣੀ ਜ਼ਰੂਰ ਪੀਵਾਂਗੀ ਪਰ ਮਰਾਂਗੀ ਨਹੀਂ। ਮਰਦ ਬਣਨ ਦੀ ਇਸ ਸੋਚ ਨੂੰ ਜ਼ਰੂਰ ਮਾਰ ਲਵਾਂਗੀ।

ਕਿਉਂਕਿ ਮੈਂ ਕਈ ਐਸੇ ਲੇਖਕ, ਪ੍ਰੋਫੈਸਰਾਂ ਦੀਆਂ ਗੱਲਾਂ ਸੁਣੀਆ ਹਨ ਜੋ ਐਮ.ਫਿਲ. ਜਾਂ ਪੀ.ਐਚ.ਡੀ. ਥੀਸਿਜ਼ ਬਹਾਨੇ ਵੀ ਐਕਸਪਲਾਇਟ ਕਰਦੇ ਨੇ, ਦਾਰੂ ਕਬਾਬ ਤਾਂ ਛੱਕਦੇ ਹੀ ਨੇ ਪਰ ਸ਼ਬਾਬ ਲੋਚਦੇ ਹਨ ਤੇ ਕੁੜੀਆਂ ਜਾਂ ਤਾਂ ਸ਼ਿਕਾਰ ਹੋ ਜਾਂਦੀਆਂ ਨੇ ਜਾਂ ਥੀਸਿਜ਼ ਛੱਡ ਜਾਂਦੀਆਂ ਨੇ। ਪਤਾ ਨ੍ਹੀ ਕਿਉਂ ਮੈਨੂੰ ਕਿਸੇ ਵੀ ਤਬਕੇ ਦੇ ਬਹੁਤੇ ਮਰਦ ਅਫਸਰ ਤੋਂ ਲੈ ਕੇ ਡਰਾਇਵਰ ਤੱਕ ਬਹੁਤੇ ਵਧੀਆ ਨਹੀਂ ਜਾਪੇ। ਇਹ ਔਰਤ ਨੂੰ ਕੁਝ ਸਮਝਦੇ ਹੀ ਨਹੀਂ।

ਇਕ ਵਾਰ ਮੇਰੇ ਨਾਲ ਪ੍ਰੋ. ਕੁਲਵੰਤ ਦੀ ਬੀਵੀ ਰਾਜ ਰੋਪੜ ਪ੍ਰਿੰਸੀਪਲ ਦੇ ਬੇਟੇ ਦੇ ਵਿਆਹ ’ਤੇ ਜਾ ਰਹੇ ਸਨ। ਕਾਰ ਮੈਂ ਡਰਾਈਵ ਕਰ ਰਹੀ ਸਾਂ। ਰੇਲਵੇ ਫਾਟਕ ਬੰਦ ਹੋਣ ਕਾਰਨ ਕਾਰਾਂ ਦੀਆਂ ਕਤਾਰਾਂ ਸਨ। ਮੈਂ ਕਾਰ ਨੂੰ ਦੂਜੀ ਕਾਰ ਦੀ ਸਾਈਡ ਤੋਂ ਅੱਗੇ ਲੰਘਾ ਕੇ ਲੈ ਗਈ। ਦੂਜੀ ਕਾਰ ਵਿਚ ਮਰਦ ਡਰਾਈਵਰ ਸੀ। ਜਦੋਂ ਉਸ ਵੇਖਿਆ ਕਿ ਇਕ ਤੀਵੀਂ ਕਾਰ ਅਗਾਂਹ ਕੱਢ ਕੇ ਲੈ ਗਈ ਹੈ। ਉਸਨੂੰ ਸੱਤੇ ਕੱਪੜੀਂ ਜਿਵੇਂ ਅੱਗ ਲੱਗ ਗਈ ਹੋਵੇ। ਉਹ ਕਾਰ ਤੋਂ ਹੇਠਾਂ ਆ ਕੇ ਗਾਲ੍ਹਾਂ ਕੱਢਦਾ ਕਹਿ ਰਿਹਾ ਸੀ, ‘ਤੂੰ ਥੱਲੇ ਆ—ਤੈਨੂੰ ਵੇਖਾਂਗਾ।’ ਮੈਂ ਤੇ ਰਾਜ ਹੈਰਾਨ ਕਿ ਇਹ ਜਾਨਵਰ ਵਾਂਗ ਕਿਉਂ ਬੋਲ ਰਿਹਾ ਹੈ। ਨਹੀਂ ਉਥੇ ਮਰਦ ਦੀ ਹਉਮੈ ਗਾਲ੍ਹਾਂ ਕੱਢਵਾ ਰਹੀ ਸੀ। ਕੀ ਮੈਂ ਮਰਦ ਹੋਣਾ ਸੋਚਾਂ। ਤਹਿਜ਼ੀਬ ਸਭ ਤੋਂ ਪਹਿਲਾਂ ਮਾਂ ਦੇ ਪੇਟ ਤੋਂ ਜਨਮ ਲੈਂਦੀ ਹੈ। ਮਰਦ ਬਲਦ ਵਾਂਗ ਸਿੰਗ ਫਸਾਉਂਦਾ ਚਲਦਾ ਹੈ।

ਕਦੇ-ਕਦੇ ਸਚਮੁੱਚ ਮੈਂ ਉਦੋਂ ਸੋਚਦੀ ਹਾਂ ਕਿ ਕਾਸ਼! ਮੈਂ ਮਰਦ ਹੁੰਦੀ ਜਦੋਂ ਮਾਹਵਾਰੀ ਕਾਰਨ ਜਿਸਮ ’ਚ ਖੂਨ ਨਾ ਹੁੰਦਾ। ਮਰਦ ਕੁਦਰਤ ਦੀ ਇਸ ਜੁਗਤ ਦੇ ਦਰਦ ਤੋਂ ਕਿੰਨਾ ਸੱਖਣਾ ਹੈ। ਸਭ ਕੁਝ ਕਰਕੇ ਵੀ ਭੋਲੀ ਸੂਰਤ ਬਣਾ ਲੈਣਗੇ। ਕਾਸ਼! ਮੈਨੂੰ ਔਰਤ ਹੋਣ ਕਰਕੇ ਇੰਨਾ ਕੁਝ ਨਾ ਝੱਲਣਾ ਪੈਂਦਾ। ਸਾਰੀਆਂ ਹੀ ਔਰਤਾਂ ਕੁਦਰਤ ਦੇ ਇਸ ਕਾਰੇ ਤੋਂ ਨਾਖੁਸ਼ ਨੇ ਤੇ ਕੁਦਰਤ ਨੂੰ ਜਨਮ ਦੇਣ ਦੀ ਪੀੜਾ ਸਿਰਫ ਤੇ ਸਿਰਫ ਔਰਤ ਨੂੰ ਦੇ ਕੇ ਮਰਦ ਨੂੰ ਤਾਨਾਸ਼ਾਹੀ ਬਣਾ ਦਿੱਤਾ ਹੈ।

ਮੇਰੀ ਬੇਟੀ ਗੋਰੀ ਚਿੱਟੀ ਉੱਚੀ-ਲੰਮੀ, ਪੰਜਾਬੀ ਕਲਚਰ ਨੂੰ ਤਰਜੀਹ ਦੇਣ ਵਾਲੀ ਪੰਜਾਬੀ ਮੁਟਿਆਰ ਹੈ। ਪਰ ਜਦੋਂ ਗੱਲ ਪੰਜਾਬੀ ਮੁੰਡਿਆਂ 'ਤੇ ਆਉਂਦੀ ਹੈ ਤਾਂ ਉਹ ਆਖੇਗੀ, 'ਮੈਂ ਕਦੇ ਵੀ ਮੁੰਡਾ ਨਹੀਂ ਹੋਣਾ ਚਾਹੁੰਦੀ। ਖਾਸ ਕਰਕੇ ਪੰਜਾਬੀ। ਇਹ ਗੱਲ ਤਾਂ ਕਿਸੇ ਨਾਲ ਕਰਦੇ ਨੇ। ਕਾਰ 'ਚ ਕਿਸੇ ਹੋਰ ਨੂੰ ਲੈ ਜਾਂਦੇ ਨੇ। ਪਾਰਟੀ 'ਚ ਕੋਈ ਹੋਰ ਤੇ ਵਿਆਹ ਵੇਲੇ- ਮੇਰੇ ਮਾਂ ਪਿਉ ਦੀ ਪਸੰਦ, ਉਹ ਹੌਲੀ ਜਿਹੀ ਕਹਿ ਕੇ ਇੰਝ ਹੱਸ ਪੈਂਦੀ ਹੈ।

ਮੇਰੀ ਹਰ ਤਬਕੇ ਦੀਆਂ ਔਰਤਾਂ ਨਾਲ ਦੋਸਤੀ ਹੈ ਕੁਝ ਆਪਣੇ ਪ੍ਰੋਫੈਸ਼ਨ ਕਰਕੇ ਤੇ ਕੁਝ ਲੇਖਕ ਹੋਣ ਦੇ ਨਾਤੇ। ਫੌਜ ਦੇ ਜਨਰਲ, ਕਰਨਲ ਤੋਂ ਲੈ ਕੇ ਕਲਰਕ ਦੀ ਵਹੁਟੀ ਵੀ ਕਹੇਗੀ—ਇਹ ਮਰਦ ਜਾਤ ਹੀ ਐਸੀ ਹੈ। ਕਦੇ ਵਿਸ਼ਵਾਸ ਨਾ ਕਰੋ। ਸਾਰੀਆਂ ਚਾਹੁਣਗੀਆਂ, 'ਹਾਏ ਰੱਬਾ! ਸਾਨੂੰ ਮਰਦ ਨਹੀਂ ਸੀ ਬਣਾ ਸਕਦਾ?'

ਪਰ ਜਦੋਂ ਮਰਦ ਦੀ ਸੋਚ, ਬੱਚੀ ਨੂੰ ਢਿੱਡ 'ਚ ਹੀ ਨਾ ਰਹਿਣ ਦਿਉ, ਬਲਾਤਕਾਰ, ਵੇਸ਼ਵਾਵਿਰਤੀ, ਕੁੱਟਮਾਰ, ਹੋਮੋ ਸੈਕਸੂਐਲਿਟੀ, ਦਹੇਜ, ਸਾੜਨਾ, ਵਰਗਲਾਣਾ ਆਦਿ ਜਿੰਨੇ ਵੀ ਐਂਟੀ ਕੁਦਰਤੀ ਤੌਰ ਤਰੀਕੇ ਹਨ ਉਨ੍ਹਾਂ ਦੀ ਸ਼ੁਰੂਆਤ ਮਰਦ ਤੋਂ ਹੀ ਤਾਂ ਹੈ ਤਾਂ ਕੰਨਾਂ ਨੂੰ ਹੱਥ ਲਾਉਣਗੀਆਂ। ਨਾ ਅਸੀਂ ਔਰਤ ਹੀ ਠੀਕ ਹਾਂ। ਘਰ ਗ੍ਰਹਿਸਥੀ ਚਲਾਉ ਤੇ ਸੁਖ ਸਾਂਦ ਰਹੋ।

ਵੈਸੇ ਮਰਦ ਸੰਬੰਧ ਦੀ ਸ਼ੁਰੂਆਤ ਸੈਕਸ ਤੋਂ ਕਰਨਾ ਚਾਹੁੰਦਾ ਹੈ। ਉਸਨੂੰ ਦੋਸਤੀ ਦਾ ਅਰਥ ਨਹੀਂ ਜੇ ਪਤਾ। ਉਸਦੇ ਲਈ ਔਰਤ ਤੇ ਮਰਦ ਦਾ ਇਕੋ ਇਕ ਨਿਵੇਕਲਾ ਸੰਬੰਧ ਸੈਕਸ ਹੀ ਹੁੰਦਾ ਹੈ ਦੋਸਤੀ-ਦਾਸਤੀ ਕੁਝ ਨਹੀਂ ਹੁੰਦੀ ਤੇ ਮਰਦ ਵੀ ਆਪਣੇ ਦੂਜੇ ਸਾਥੀਆਂ ਨੂੰ ਫਖ਼ਰ ਨਾਲ ਦੱਸਦੇ ਨੇ, 'ਬਈ ਫਲਾਣੀ ਨਾਲ ਮੇਰੀ ਯਾਰੀ ਹੈ' ਮਤਲਬ ਸੈਕਸ ਸੰਬੰਧ ਨੇ। ਤੇ ਔਰਤ ਦੋਸਤੀ ਦੇ ਭੁਲੇਖੇ 'ਚ ਆਪਣਾ ਮਾਣ ਤੇ ਧੰਨ ਵੀ ਗੁਆ ਚੁੱਕੀ ਹੁੰਦੀ ਹੈ—ਰੱਬ ਨੇ ਔਰਤ ਨੂੰ ਜਨਮ ਦੇਣ ਦੀ ਸ਼ਕਤੀ ਦੇ ਕੇ ਜ਼ੁਲਮ ਹੰਢਾਉਣ ਦੀ ਸ਼ਕਤੀ ਵੀ ਦੇ ਦਿੱਤੀ ਹੈ ਇਸੇ ਕਰਕੇ ਸਮਾਜ ਦੇ ਵਰਤਾਰੇ ਵੀ ਉਸੇ ਤਰ੍ਹਾਂ ਹੀ ਰਿਐਕਟ ਕਰਨ ਲੱਗ ਪਏ ਹਨ—ਟੀ. ਵੀ. ਮੀਡੀਆ ਆਦਿ 'ਚ ਇਸ਼ਤਿਹਾਰ ਵੀ 'ਔਰਤ ਪ੍ਰੈਗਨੈਂਸੀ ਤੋਂ ਕਿਵੇਂ ਬਚ ਸਕਦੀ ਹੈ'? ਇਸ ਦੀ ਜਾਣਕਾਰੀ ਭਰਪੂਰ ਦਿੱਤੀ ਜਾਂਦੀ ਹੈ। ਕਈ ਵਾਰ ਸ਼ਰਮ ਵੀ ਆਉਂਦੀ ਹੈ ਪਰੰਤੂ ਮਰਦ ਕਿਵੇਂ ਤਾਕਤਵਰ ਬਣ ਸਕਦਾ ਹੈ ਇਸ ਦਾ ਵੀ ਖੂਬ ਢਿੰਢੋਰਾ ਪਿੱਟਿਆ ਜਾਂਦਾ ਹੈ।

ਮਰਦ ਆਪਣੇ ਮਤਲਬ ਲਈ ਕੀ ਕੁਝ ਨਹੀਂ ਕਰਦਾ। ਇਕ ਵਾਰ ਕੋਈ ਲੇਖਕ 70 ਕੁ ਵਰ੍ਹਿਆਂ ਦੀ ਔਰਤ ਲੇਖਿਕਾ ਨਾਲ ਕਿਸੇ ਸੰਪਾਦਕ ਕੋਲ ਆਪਣੇ ਕੰਮ ਲਈ ਗਿਆ। ਉਸ ਸੰਪਾਦਕ ਨੇ ਉਸਦੇ ਕੰਮ ਲਈ ਆਪਣੀ ਅਸਮਰਥਾ ਦੱਸੀ ਤਾਂ ਲੇਖਕ ਕਹਿੰਦਾ, 'ਸਰ, ਮੇਰੇ ਨਾਲ ਦੀ ਲੇਖਿਕਾ ਤੁਹਾਡੇ ਕੰਮ ਆਉ'। ਉਸ ਸੰਪਾਦਕ ਨੇ ਉਸ 70 ਵਰਿਆਂ ਦੀ ਲੇਖਿਕਾ ਨੂੰ ਸਿਰ ਤੋਂ ਪੈਰ ਤੱਕ ਵੇਖਿਆ ਤੇ ਉਸ ਲੇਖਕ ਨੂੰ ਹੌਲੀ ਜਿਹੇ ਕਿਹਾ,'ਇਸ ਰੂੰ ਦੀ ਪੰਡ ਨੂੰ ਮੈਂ ਕੀ ਕਰਾਂਗਾ'? ਤੇ ਮੈਨੂੰ ਪੱਕਾ ਵਿਸ਼ਵਾਸ ਹੈ ਉਸ ਲੇਡੀ ਨੂੰ ਇਸ ਦਾ ਕੁਝ ਵੀ ਨਹੀਂ ਜੇ ਪਤਾ ਹੋਣਾ। ਜੇ ਇਹੋ ਜਿਹਾ ਹੀ ਹੈ ਮਰਦ ਹੋਣ ਦਾ ਜਜ਼ਬਾ, ਹੇ ਰੱਬਾ! ਮੈਂ ਨਹੀਂ ਜੇ ਮਰਦ ਬਣਨਾ। ਅੱਜ ਕੱਲ ਟੀ. ਵੀ. ਚੈਨਲਾਂ 'ਚ ਰਾਜਸਥਾਨੀ ਤੌਰ ਤਰੀਕਿਆਂ ਦੇ ਸੀਰੀਅਲ ਆ ਰਹੇ ਹਨ। ਹਰ ਸੀਰੀਅਲ 'ਚ ਮਰਦ ਦੀ ਬੁਲੰਦ ਗਰਜਵੀਂ ਅਵਾਜ਼, ਜੋ ਮਰਦ ਨੇ ਕਹਿ ਦਿੱਤਾ ਉਹ ਪੱਥਰ ਦੀ ਲਕੀਰ—ਗਹਿਣਿਆਂ ਅਤੇ ਗੋਟੇ ਕਿਨਾਰੀ ਦੇ ਭਾਰੀ ਭਰਕਮ ਕੱਪੜਿਆਂ 'ਚ ਲੱਦੀ-ਫੱਬੀ ਤੀਵੀਂ ਆਪਣੀ ਕਮਰ ਨੂੰ ਹੀ ਉੱਚਾ ਨਹੀਂ ਚੱਕ ਸਕਦੀ। ਆਪਣੀ ਅਵਾਜ਼ ਕਿਵੇਂ ਉੱਚੀ ਕਰੇ। ਸਾਰੇ ਸੀਰੀਅਲ ਮਰਦਾਂ ਦੇ ਜ਼ੁਲਮ ਦੀ ਦਾਸਤਾਂ ਕਹਿ ਰਹੇ ਹਨ (ਕਿਸੇ ਇੱਕ ਦੋ ਨੂੰ ਛੱਡ ਕੇ) ਸੱਚ ਮੈਂ ਤਾਂ ਮਰਦ ਹੋਣਾ ਨਹੀਂ ਲੋਚਦੀ। ਜ਼ੁਲਮ ਬਰਦਾਸ਼ਤ ਕਰਨ ਦੀ ਵੀ ਇਕ ਹੱਦ ਹੁੰਦੀ ਹੈ। ਮੈਂ ਨਾਰੀ ਸ਼ਕਤੀ ਨੂੰ ਤਰਜੀਹ ਦਿੰਦੀ ਹਾਂ। ਸਲਾਮ ਕਰਦੀ ਹਾਂ। ਆਪਣੇ ਹੱਕ ਅਤੇ ਔਰਤ ਹੱਕ ਲਈ ਅਵਾਜ ਬੁਲੰਦ ਕਰਦੀ ਹਾਂ, ਹੇ ਰੱਬਾ! ਕੁਰਤੁਲ ਹੈਦਰ ਵਾਂਗ ਮੈਂ ਨਹੀਂ ਚਾਹੁੰਦੀ। ਮੈਂ ਤਾਂ ਚਾਹਾਂਗੀ— **ਅਗਲੇ ਜਨਮ ਮੋਹੇ ਬਿਟੀਆ ਹੀ ਕੀਜੋ।**

ਵੈਸੇ ਮਰਦ ਹੋਣ ਦਾ ਗਰੂਰ ਉਨ੍ਹਾਂ ਮਰਦਾਂ ਨੂੰ ਜ਼ਿਆਦਾ ਹੁੰਦਾ ਹੈ ਜਿਨ੍ਹਾਂ ਕੋਲ ਧੀ-ਧਿਆਣੀ ਨਹੀਂ—ਆਧੁਨਿਕ ਸਾਇੰਸ ਪੜ੍ਹੇ ਲਿਖੇ ਤੇ ਸਾਇੰਟਿਸਟ ਪ੍ਰੋਫੇਸਰ ਹਨ ਮੈਥੋਂ ਪੁੱਛਿਆ—ਤੁਸੀਂ ਸਾਰੀਆਂ ਪ੍ਰੋਫ਼ੈਸਰਜ਼ ਦੀਆਂ ਧੀਆਂ ਬਾਹਰਲੇ ਮੁਲਕ 'ਚ 'ਕੱਲੀਆਂ ਪੜ੍ਹਦੀਆਂ ਰਹਿੰਦੀਆਂ ਨੇ—ਕੀ ਉਨ੍ਹਾਂ ਦੇ live-in-relations ਨੇ—ਇਹ ਉਹ ਸਨ ਜਿਸਦੇ ਆਪਣੀ ਕੋਈ ਧੀ ਨਹੀਂ—ਉਸਦੇ ਆਪਣੀ ਬੀਵੀ ਨਾਲ ਚੰਗੇ ਸੰਬੰਧ ਵੀ ਨਹੀਂ—ਤੇ ਉਸ ਦੀਆਂ ਆਪਣੀਆਂ ਲਲਚਾਈਆਂ ਨਜ਼ਰਾਂ ਤਿਲਕਦੀਆਂ ਹੀ ਰਹਿੰਦੀਆਂ ਨੇ—ਮੈਂ ਵੀ ਉਸਨੂੰ ਪੁੱਛਿਆ—ਤੁਹਾਡੇ ਦੋਹੇਂ ਬੇਟਿਆਂ ਦੀਆਂ ਕੋਈ ਸਹੇਲੀਆਂ ਨੇ—? 'ਨਹੀਂ' ਉਸ ਜਵਾਬ ਦਿੱਤਾ—ਤਾਂ ਕੀ ਉਹ 'ਗੇ' ਨੇ? ਉਹ ਹੱਕਾ ਬੱਕਾ ਹੋ ਕੇ ਚੁੱਪ ਰਹਿ ਗਿਆ—ਸੱਚ ਮੈਂ ਨਹੀਂ ਜੇ ਇਸ ਤਰ੍ਹਾਂ ਦੀ ਸੋਚ ਦਾ ਵਿਕਾਸ ਕਰਨਾ—ਮੈਨੂੰ ਪਰਵੋਕ ਕਰਕੇ ਹੀ ਉਸ ਪੜ੍ਹੇ ਲਿਖੇ ਮਰਦ ਨੇ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਜਨਮ ਲੈਣ ਲਈ ਮਜਬੂਰ ਕੀਤਾ—

ਸੱਚ ਮੈਂ ਕਿਉਂ ਮਰਦ ਹੁੰਦੀ।

ਵੈਸੇ ਮੇਰੇ ਇਕ ਕਰਨਲ ਮਿੱਤਰ ਨੇ, ਉਹ ਹਮੇਸ਼ਾ ਸੋਹਣੀ ਤੀਵੀਂ ਨੂੰ ਵੇਖ ਆਹਾਂ ਭਰਨਗੇ—ਤੁਸੀਂ ਔਰਤਾਂ ਪੈਦਾ ਹੋਈਆਂ ਚੰਗੇ ਕਰਮ ਕੀਤੇ ਜੇ—ਸਵੀਟ ਹਾਰਟ ਮੈਂ ਤਾਂ ਤੀਵੀਂ ਹੁੰਦਾ ਤਾਂ ਚੰਗਾ—ਤੇ ਕਾਸ਼ ਮੇਰੇ ਕੋਲ ਐਨੇ ਪੈਸੇ ਹੋਣ ਤੇ ਮੈਂ ਖੂਬ ਅਮੀਰ ਹੁੰਦਾ—ਮੇਰੇ ਪੁੱਛਣ ਤੇ—ਅਮੀਰ ਹੁੰਦੇ ਤਾਂ ਫੇਰ ਕੀ ਕਰਦੇ?

'ਫੇਰ ਕੀ ਕਰਦਾ—ਮੈਂ ਆਪਣੇ ਪੁੱਤ ਦੇ ਵਿਆਹ ਤੇ ਕੰਜਰੀਆਂ ਨਚਵਾਉਂਦਾ...' ਇਹ ਹੈ ਮਰਦ ਹੋਣ ਦੀ ਫਿਤਰਤ ਰੱਬ ਜੀ—ਮੈਨੂੰ ਕਦੇ ਮਰਦ ਦੀ ਜੂਨ 'ਚ ਪੈਦਾ ਨਾ ਕਰੀਂ।

ਜੇ ਕਰੀਂ ਵੀ ਤਾਂ ਫਰਾਂਸ ਦੇ ਉਸ ਰਾਸ਼ਟਰਪਤੀ ਸਾਰਕੋਜੀ ਦੀ ਸੋਚ ਵਾਂਗ ਜਿਸਨੇ ਔਰਤ ਨੂੰ ਬੁਰਕਾ ਪ੍ਰਸਤੀ ਤੋਂ ਨਿਜਾਦ ਦਿਲਵਾਉਣ ਲਈ ਔਰਤ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ ਹੈ—ਔਰਤ ਇਕ ਇਨਸਾਨ ਹੈ ਇਸਦਾ ਅਹਿਸਾਸ ਦਵਾਇਆ ਹੈ ਜਾਂ ਉਸ ਬੁੱਧੀਜੀਵੀ ਵਾਂਗ ਜਿਸਨੇ ਔਰਤ ਦੀ ਅੱਖਾਂ 'ਚ ਸਮੁੰਦਰ ਦੀ ਡੂੰਘਾਈ ਵੇਖੀ ਹੈ ਤੇ ਔਰਤ ਨੂੰ ਪਿਆਰ 'ਤੇ ਇੱਜ਼ਤ ਬਖ਼ਸ਼ੀ ਹੈ—

ਸਿਰਜਣਕਰਤਾ ਨੇ ਸੰਸਾਰ ਦੇ ਜੜ੍ਹ-ਚੇਤਨ ਵਿੱਚ ਭਾਵੇਂ ਕਿੰਨੇ ਹੀ ਦਿਲਕਸ਼ ਨਜ਼ਾਰੇ ਪੈਦਾ ਕੀਤੇ ਹੋਣ, ਪਰੰਤੂ ਔਰਤ ਨੂੰ ਐਨਾ ਦਿਲਕਸ਼, ਖੂਬਸੂਰਤ ਤੇ ਆਕਰਸ਼ਕ ਬਣਾਇਆ ਹੈ ਕਿ ਵੇਖਣ ਵਾਲਾ ਜੜ੍ਹ ਹੋ ਰਹਿੰਦਾ ਹੈ। ਔਰਤ ਜੇ....ਹੈ ਤਾਂ ਇਸਦਾ ਕਾਰਨ ਵੀ ਮਰਦ ਹੀ ਹੈ—ਫੇਰ ਵੀ ਔਰਤ ਦੇ ਭਾਵੇਂ ਸੈਂਕੜੇ ਨੈਗੇਟਿਵ ਪੱਖ ਹੋਣ ਮੈਂ ਤਾਂ ਵੀ ਔਰਤ ਹੋਣਾ ਮਾਣ ਸਮਝਦੀ ਹਾਂ—ਆਮੀਨ।

✪

# ਮੇਰੇ ਪਾਤਰ

ਮੇਰੀਆਂ ਕਹਾਣੀਆਂ 'ਚ ਅੱਜ ਦੇ ਸਮਾਜ ਦੀ ਝਲਕ ਹੈ ਸਿਰਫ ਝਲਕ ਹੀ ਨਹੀਂ ਉਹਨਾਂ ਦੇ ਪਾਤਰ ਹੂਬਹੂ ਇਸੇ ਸਮਾਜ ਦੇ ਪਾਤਰ ਨੇ। ਮੇਰੀਆਂ ਕਹਾਣੀਆਂ 'ਚ ਅਸ਼ਲੀਲਤਾ ਦਾ ਆਰੋਪ ਵੀ ਹੈ, ਫੇਰ ਤਾਂ ਸੰਸਾਰ ਵਿੱਚ ਸੰਤਾਨ ਆਉਣਾ ਜਾਂ ਸੰਸਾਰ ਦਾ ਪਰਸਾਰ ਹੋਣਾ ਵੀ ਅਸ਼ਲੀਲ ਮੰਨਿਆ ਜਾਵੇਗਾ-ਸ਼ਲੀਲ ਅਤੇ ਅਸ਼ਲੀਲ ਤਰਕ ਦੀ ਗੱਲ ਹੋ ਸਕਦੀ ਹੈ-ਅਹਿਸਾਸ ਦੀ ਗੱਲ ਨਹੀਂ। ਮੇਰੇ ਪਾਤਰ ਪੂਰੇ ਭੋਗਵਾਦੀ ਨੇ ਅਤੇ ਅਤਿਸੰਵੇਦਨਸ਼ੀਲ ਵੀ।

1998 'ਚ ਮੇਰੀ ਪੰਜਾਬੀ 'ਚ ਪਹਿਲੀ ਕਹਾਣੀ 'ਖਿੰਡਿਆ ਆਦਮੀ' ਲਕੀਰ 'ਚ ਛੱਪੀ ਸੀ। ਉਸਦਾ ਮੁੱਖ ਪਾਤਰ ਪੜ੍ਹਿਆ-ਲਿਖਿਆ ਉੱਚ ਵਿੱਦਿਆ ਪ੍ਰਾਪਤ ਇਕ ਪ੍ਰੋਫੈਸਰ ਸੀ ਤੇ ਉਹ ਜਨੂੰਨ ਦੀ ਹੱਦ ਤੱਕ ਇਕ ਪ੍ਰੋਫੈਸਰ ਲੜਕੀ ਨੂੰ ਪਿਆਰ ਕਰਦਾ ਸੀ। ਵਿਆਹਿਆ ਹੋਣ ਦੇ ਬਾਵਜੂਦ, ਬੇਟੀ ਹੋਣ ਦੇ ਬਾਅਦ ਵੀ ਉਹ ਪਤਾ ਨੀ ਕਿਉਂ ਉਸ ਕੁੜੀ ਪਿੱਛੇ ਹੀ ਲਗਿਆ ਰਹਿੰਦਾ ਸੀ। ਕਾਲਜ 'ਚ ਉਨ੍ਹਾਂ ਦੋਹਾਂ ਦੇ ਨਾਂ ਖੂਬ ਉਛਲੇ। ਇਮਤਿਹਾਨਾਂ ਦੀਆਂ ਡਿਊਟੀਆਂ ਤੇ ਉਹ ਇਕ ਦੂਜੇ ਨੂੰ ਵੇਖਦੇ ਕਵਿਤਾ ਦੇ ਟੋਟੇ ਸਾਂਝੇ ਕਰਿਆ ਕਰਦੇ ਸਨ-ਮੈਂ ਵੀ ਇਸ ਸਭ ਦਾ ਹਿੱਸਾ ਸੀ ਤੇ ਉਨ੍ਹਾਂ ਦੋਹਾਂ ਦੇ ਜਜ਼ਬਾਤਾਂ ਦਾ ਜਾਂ ਉਨ੍ਹਾਂ ਦੀਆਂ ਖੇਡਾਂ ਨੂੰ ਅੱਖੋ ਓਹਲੇ ਨਹੀਂ ਸੀ ਕਰ ਸਕਦੀ-ਪਰ ਅਚਾਨਕ ਉਹ ਦੋਹੇ ਅੱਡ ਹੋ ਗਏ। ਉਸ ਪ੍ਰੋਫੈਸਰ ਨੇ ਆਪਣੀ ਬੀਵੀ ਤੋਂ ਤਲਾਕ ਲੈ ਲਿਆ ਸੀ ਫੇਰ ਵੀ ਕਿਉਂ ਛੱਡਿਆ ਪੁੱਛਣ ਤੇ ਉਸ ਕੁੜੀ ਨੇ ਦੱਸਿਆ-ਇਹ ਪਿਆਰ ਨਹੀਂ-ਸੈਕਸ ਦੀ ਖੇਡ ਸੀ-ਤੇ ਪਿਆਰ ਲਈ ਕੁਰਬਾਨੀ ਨਹੀਂ ਦੇ ਸਕਦਾ-ਬਸ। ਇੱਥੋਂ ਹੀ ਸਿਰਜੀ ਮੇਰੀ ਕਹਾਣੀ-ਦੋਹਾਂ ਦੇ ਖਿੰਡੇ-ਪੁੰਡੇ ਮਨਾਂ ਦੀ, ਤਨਾਂ ਦੀ ਤੇ ਮਾਨਸਿਕਤਾ ਦੀ।

ਇਸ ਕਹਾਣੀ ਨੇ ਭਰਪੂਰ ਪ੍ਰਸ਼ੰਸਾ ਹੀ ਨਹੀਂ ਖੱਟੀ ਸਗੋਂ ਇਸ ਤੋਂ ਬਾਅਦ ਮੇਰੀ ਕਲਮ ਤੋਂ ਔਰਤ-ਮਰਦ ਦੀ ਮਾਨਸਿਕਤਾ ਉਨ੍ਹਾਂ ਦੇ ਰਿਸ਼ਤੇ ਦਾ ਮਨੋਵਿਗਿਆਨਕ ਅਧਾਰ ਕਈ ਕਹਾਣੀਆਂ ਤੋਂ ਉੱਭਰਿਆ ਤੇ ਪੰਜਾਬੀ ਜਗਤ ਨੇ ਸਵੀਕਾਰ ਕੀਤਾ। 'ਸੰਨਾਟਾ' ਦੀ ਪਾਤਰ ਰਤੀ ਵੀ ਯੂਨੀਵਰਸਿਟੀ ਪੜ੍ਹਦੀ ਅਲਹੜ ਕੁੜੀ ਦੀ ਕਹਾਣੀ ਹੈ ਜੋ ਆਪਣੇ ਮਰਦ-ਦੋਸਤਾਂ ਵਿੱਚ ਘਿਰੀ ਪਿਆਰ ਨੂੰ ਉਪਰੀ ਸਤ੍ਹਾ 'ਤੇ ਹੀ ਵੇਖ ਸਕੀ ਸੀ-ਉਹ ਇਕ ਦੋਸਤ ਨਾਲੋਂ ਟੁੱਟ ਕੇ ਜਦੋਂ ਦੂਜੇ ਨਾਲ ਜੁੜਦੀ ਹੈ ਤਾਂ ਮਨ 'ਚ ਉਥਲ-ਪੁਥਲ ਹੋ ਜਾਂਦੀ ਹੈ। ਉਹ ਫੈਸਲਾ ਨਹੀਂ ਕਰ ਪਾਉਂਦੀ ਕਿ ਕਿਹੜਾ ਦੋਸਤ ਉਸ ਨੂੰ ਸਹੀ ਤੌਰ 'ਤੇ ਪਿਆਰ ਕਰਦਾ ਹੈ-ਦਰਅਸਲ ਯੂਨੀਵਰਸਿਟੀਆਂ 'ਚ ਪੜ੍ਹਦੇ ਮੁੰਡੇ-ਕੁੜੀਆਂ, ਪਤੀ ਜਾਂ ਪਤਨੀ ਦੀ ਭਾਲ ਕਰਦੇ-ਕਰਦੇ ਭਟਕ ਜਾਂਦੇ ਨੇ ਤੇ ਸਹੀ ਤਲਾਸ਼ 'ਚ ਜ਼ਿਸਮਾਨੀ ਖੇਡਾਂ 'ਚੋਂ ਵੀ ਲੰਘ ਜਾਂਦੇ ਨੇ-ਫੇਰ ਉਸ ਸਭ ਨੂੰ ਫਰੋਲਣ ਪਿੱਛੋਂ ਔਰਤ ਆਪਣੇ ਆਪ ਨੂੰ 'ਕਲੀ ਮਹਿਸੂਸ ਕਰਦੀ ਹੋਈ ਕਿਸੇ ਵੀ ਸਿੱਟੇ 'ਤੇ ਨਹੀਂ ਪਹੁੰਚਦੀ ਤੇ ਮਨ ਵਿੱਚ ਸ਼ੰਕਾ ਦਾ ਬੀਅ ਉਠ ਹੀ ਪੈਂਦਾ ਹੈ-ਜੇ ਮੈਂ ਤੁਹਾਡੇ ਸਾਹਮਣੇ ਨਗਨ ਹੋ ਜਾਵਾਂ...ਪੂਰੀ ਤਰ੍ਹਾਂ ਨਿਰਵਸਤਰ...ਪਰ ਸਵੀਕਾਰ ਨਾ ਕਰਾਂ ਤੁਹਾਡੀ ਹਲਕੀ ਜਿਹੀ ਛੋਹ ਨੂੰ ਵੀ ਤਾਂ? ਰਤੀ ਇੰਨਾ ਹੀ ਨਹੀਂ ਸੋਚਦੀ ਸਗੋਂ ਆਪਣੇ ਦੋਸਤ ਅਭਿਜਾਤ ਦੇ ਵਾਰ-ਵਾਰ 'ਪਿਆਰ' ਪ੍ਰਤੀ ਭਰੋਸਾ ਦੇਣ ਪਿੱਛੋਂ ਵੀ ਉਲਝੀ ਰਹਿੰਦੀ ਹੈ-ਉਸਦੇ 'ਇਅਰ ਰਿੰਗ' ਖਰੀਦਣ 'ਤੇ ਉਹ ਉਸ 'ਤੇ ਸ਼ੱਕ ਕਰਦੀ ਹੈ ਕਿ ਇਹ ਕਿਸੇ ਹੋਰ ਗਰਲਫਰੈਂਡ ਲਈ ਖਰੀਦ ਰਿਹਾ ਹੈ-ਦੋਹਾਂ ਦੀ ਈਗੋ ਇਕ-ਦੂਜੇ ਨੂੰ ਇਕ ਨਹੀਂ ਹੋਣ ਦਿੰਦੀ ਤੇ ਉਸਦੀ ਅੰਦਰਲੀ ਔਰਤ ਉਸ ਤੋਂ ਪੂਰੇ ਹੱਕ ਲੈਣ ਦੀ ਮੰਗ ਕਰ ਬੈਠਦੀ ਹੈ।

'ਅੱਧੀ ਕੰਧ' ਚ ਇਕ ਵਿਆਹੇ ਮਰਦ ਦੇ ਮਨ ਦੀ ਤ੍ਰਾਸਦੀ ਹੈ-ਜੋ ਪੂਰਾ ਭੋਗਵਾਦੀ ਹੈ। ਅੱਜ ਦੇ ਸਮੇਂ 'ਚ ਮੌਜ-ਮਸਤੀ ਨੂੰ ਤਰਜ਼ੀਹ ਦੇਣ ਵਾਲੇ ਔਰਤ-ਮਰਦ ਵਿਆਹ ਵਰਗੀ ਸੰਸਥਾ ਲਈ ਇਕ ਪ੍ਰਸ਼ਨ ਚਿੰਨ ਲਾ ਦਿੰਦੇ ਹਨ-ਘਰ ਦੀ ਬੀਵੀ ਘਰ ਸੰਭਾਲ ਰਹੀ ਹੈ ਤੇ ਪਿਆਰ ਮੁਹਬਤ ਬਿਨ੍ਹਾ ਸ਼ਰਤ, ਬਿਨਾਂ ਜ਼ਿੰਮੇਵਾਰੀ, ਬਿਨਾਂ ਬੰਧਨ ਤੋਂ ਬਾਹਰ ਭਾਲਦਾ ਸਿਰਫ ਜਿਸਮਾਨੀ ਭੁੱਖ ਦੀ ਹੋਂਦ ਤੱਕ ਰੱਖਦਾ ਹੈ-ਪਰ ਔਰਤ ਭਾਵੇਂ ਮੌਜ-ਮਸਤੀ ਲਈ ਹੀ ਉਸਦਾ ਸਾਥ ਦਿੰਦੀ ਹੈ, ਪਰ ਉਹ ਔਰਤ ਹੈ ਨਾ-ਆਪਣੀ ਹੋਂਦ ਨੂੰ ਮਰਦ ਵਾਂਗ ਨਹੀਂ ਲੈ ਸਕਦੀ-ਭਾਵੁਕਤਾ ਉਸ 'ਤੇ ਹਾਵੀ ਹੋ ਜਾਂਦੀ ਹੈ-ਇਹੋ ਸਭ ਕੁਝ ਲੈ ਕੇ ਮੈਂ ਇਹ ਛੋਟੀ ਕਹਾਣੀ ਦੇ ਦੋ ਪਾਤਰ ਸਿਰਜੇ ਸਨ-

'ਰੇਤ ਦਾ ਰਿਸ਼ਤਾ' ਵਿੱਚ ਮੇਰੇ ਨਿਵੇਕਲੇ ਜਿਹੇ ਪਾਤਰ ਨੇ। ਸਹਿਜ ਰਿਸ਼ਤੇ ਕਦੋਂ ਕੀ ਰੂਪ ਧਾਰ ਲੈਂਦੇ ਹਨ-ਕਿ ਰੋਂਗਟੇ ਖੜੇ ਹੋ ਜਾਂਦੇ ਨੇ। ਦੋ ਸਹੇਲੀਆਂ ਇਕ ਦੂਜੇ ਨਾਲ ਮਿਲਦੀਆਂ ਨੇ, ਹੱਸਦੀਆਂ-ਖੇਡਦੀਆਂ ਨੇ ਤੇ ਕਦੋਂ ਉਨ੍ਹਾਂ ਵਿੱਚ ਇਕ ਦੂਜੇ ਦੀ ਛੋਹ ਵਿਚ ਮਰਦ ਤੇ ਔਰਤ ਦੇ ਹਿੱਸੇ ਦੀ ਛੋਹ ਆ ਜਾਂਦੀ ਹੈ-ਉਨ੍ਹਾਂ ਨੂੰ ਨਹੀਂ ਪਤਾ ਚਲਦਾ-ਸਾਡੇ ਇਥੇ ਮੁੰਡੇ ਆਪਸ 'ਚ ਜੱਫੀਆਂ ਪਾ ਟੁਰਦੇ ਨੇ ਤੇ ਕੁੜੀਆਂ

ਵੀ ਹੱਥ ਫੜ ਤੁਰਦੀਆਂ ਨੇ ਇਹ ਸੁਭਾਵਿਕ ਹੈ। ਪਰ ਬਾਹਰਲੇ ਮੁਲਕ 'ਚ ਕੁੜੀਆਂ ਨੂੰ ਲੈਸਬੀਅਨ ਅਤੇ ਮੁੰਡਿਆਂ ਨੂੰ ਹੋਮੋ ਕਹਿ ਕੇ ਬਹੁਤਾਂ ਰੌਲਾਂ ਨਹੀਂ ਪਾਉਂਦੇ।

ਮੇਰੇ ਪਾਤਰ ਸੰਗੀਤ ਅਤੇ ਅੰਮ੍ਰਿਤ ਵੀ ਦੋ ਸਹੇਲੀਆਂ ਨੇ-ਗੂੜ੍ਹੀ ਦੋਸਤੀ ਹੈ ਪਰ ਅਚਾਨਕ ਅੰਮ੍ਰਿਤ ਦੀ ਮੁਹੱਬਤ ਦਾ ਪਤਾ ਹੋਣ ਤੇ ਸੰਗੀਤ ਨੂੰ ਈਰਖਾ ਹੁੰਦੀ ਹੈ-ਤੇ ਉਹ ਚਾਹੁੰਦੀ ਹੈ ਇਸ ਦੀ ਮੁਹੱਬਤ ਤੇ ਵਿਆਹ ਟੁੱਟ ਜਾਵੇ ਤੇ ਮੇਰੇ ਕੋਲ ਹੀ ਰਹੇ।

ਇਹ ਪਾਤਰ ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ 'ਚੋਂ ਲੱਭੇ-ਘੰਟੇ ਬੱਧੀ ਇਕ ਦੋਸਤ ਕੁੜੀ-ਆਪਣੀ ਸਹੇਲੀ ਬਾਰੇ ਰੋ-ਰੋ ਕੇ ਗੱਲਾਂ ਦਸਦੀ ਤੇ ਅਸਮਰੱਥ ਹੋ ਜਾਂਦੀ ਉਹ ਵਿਆਹ ਕਿਉਂ ਕਰ ਰਹੀ ਹੈ-ਮੈਂ ਤਾਂ ਵਿਆਹ ਨਹੀਂ ਕਰਾ ਰਹੀ-ਮੈਂ ਉਸਦੇ ਅੱਥਰੂ ਪੂੰਜੇ ਨੇ-ਹੁਣ ਵੀ ਉਹ ਕੁੜੀ ਮੇਰੇ ਮੂਹਰੇ ਆ ਜਾਂਦੀ ਹੈ। ਕਹਾਣੀ ਦੀ ਪਾਤਰ ਭਾਵੇਂ ਲੁਧਿਆਣਾ ਦੀ ਹੈ ਪਰ ਫਿਲੌਰ ਨਾਂ ਦੇਣ ਤੇ ਮੈਂ ਕਈਆਂ ਦਾ ਰੋਸਾ ਝੱਲਿਆ ਹੈ-ਮੈਂ ਤਾਂ ਸਿਰਫ ਛੋਟੀਆਂ-ਛੋਟੀਆਂ ਇੱਟਾਂ ਦੇ ਘਰ ਤੋਂ ਆਕਰਸਤ ਹੋਈ ਸਾਂ ਤੇ ਉਹ ਮੁਗਲਾਂ ਦੇ ਜ਼ਮਾਨੇ ਦੀਆਂ ਇੱਟਾਂ ਵੀ ਮੇਰੇ ਪਾਤਰ ਵਾਂਗ ਹੀ ਹੈ।

ਇਹ ਕਹਾਣੀ ਇੰਨੀ ਜਜਬਾਤੀ ਹੋ ਨਿਬੜੀ ਕਿ ਆਤਮਜੀਤ ਨੇ ਮੈਂ ਸਾਰੰਗੀ ਹਾਂ-ਨਾਟਕ ਇਸੇ ਕਹਾਣੀ 'ਤੇ ਅਧਾਰਿਤ ਲਿਖਿਆ ਤੇ ਖੇਡਿਆ। ਇਹ ਗੱਲ ਹੋਰ ਹੈ ਕਿ ਉਨ੍ਹਾਂ ਮੇਰੀ ਕਹਾਣੀ ਦਾ ਜ਼ਿਕਰ ਕਿਤੇ ਨਹੀਂ ਕੀਤਾ। ਕਿਸੇ ਕਿਹਾ ਉਨ੍ਹਾਂ ਨੇ 'ਟੋਬਾ ਟੇਕ ਸਿੰਘ' ਕਹਾਣੀ 'ਤੇ ਨਾਟਕ ਬਣਾ ਕੇ ਆਪਣਾ ਕਹਿ ਲਿਆ ਤਾਂ ਤੂੰ ਕਿਹੜੇ ਖੇਤ ਦੀ ਮੂਲੀ ਆ।

ਮੇਰੀ ਕਹਾਣੀਆਂ 'ਚ ਔਰਤ ਪਾਤਰ ਮੇਰੇ ਆਲੇ-ਦੁਆਲੇ ਹੀ ਘੁੰਮਦੀਆਂ ਨੇ। ਲੁਧਿਆਣਾ ਮੁੰਡਿਆਂ ਦੇ ਕਾਲਜ ਪੜ੍ਹ ਉੱਥੋਂ ਦੀ ਮੇਰੀ ਇਕ ਸੀਨੀਅਰ ਕੁੜੀ ਨੇ ਦੱਸਿਆ 'ਬਈ ਉਹ ਮੇਰਾ ਦੋਸਤ ਭੋਗ ਨੂੰ ਸਿਰਫ ਐਕਸਪੀਰੀਅੰਸ ਵਜੋਂ ਲੈਣਾ ਚਾਹੁੰਦਾ ਹੈ-' ਜੇ ਬੱਚਾ ਠਹਿਰ ਗਿਆ ਤਾਂ? ਮੈ ਉਸ ਨੂੰ ਪੁੱਛਿਆ ਉਹ ਕਹਿੰਦਾ ਹੈ ਅਬੋਰਸ਼ਨ ਕਰ ਲਈਂ। ਵਿਆਹ ਦੀ ਗੱਲ ਨਹੀਂ ਕਰਦਾ-ਨਹੀਂ-ਫੇਰ-ਫੇਰ ਕੀ ਉਸਨੂੰ ਲਤਾੜ ਕੇ ਆ ਗਈ ਹਾਂ-ਇਹ ਪਾਤਰ 'ਇਕੱਲੀ ਕਹਾਣੀ ਦੀ ਦਲੇਰ ਕੁੜੀ ਸੀ ਜੋ ਦੋਸਤੀ ਅਤੇ ਪਿਆਰ ਦੀ ਪਰਿਭਾਸ਼ਾ ਨੂੰ ਅੱਡ-ਅੱਡ ਲੈਂਦੀ ਸੀ।

ਨਹੀਂ ਤਾਂ 'ਨਮੋਲੀਆਂ' ਦੀ ਇਕ ਪ੍ਰੋਫੈਸਰ ਜੀਤ ਕੌਰ ਵਰਗੀ ਲੇਡੀ ਫਾਤਿਮਾ ਆਪਣੇ ਅਸਤਿਤਵ ਨੂੰ ਲੱਭਦੀ-ਲੱਭਦੀ ਸਿਰਫ ਭੋਗ ਦੀ ਵਸਤੂ ਬਣ ਕੇ ਰਹਿ ਜਾਂਦੀ ਹੈ। ਪੜ੍ਹੇ-ਲਿਖੇ ਵਰਗ ਵਿੱਚ ਇਕੱਲੇ ਰਹਿ ਕੇ ਸੰਤਾਪ ਨੂੰ ਭੋਗਦੀਆਂ ਜੀਤ ਕੌਰ ਵਰਗੀਆਂ ਨਾਰੀਆਂ ਆਮ ਮਿਲ ਜਾਣਗੀਆਂ।

'ਮੇਰੀ ਕਹਾਣੀ ਕਾਕਟੇਲ ਦੀ ਸੁੱਖ ਜਾਂ ਤਜਿੰਦਰ, ਜਸ਼ਨ ਕਹਾਣੀ ਦੀ ਰੀਨਾ, ਪਾਪ ਬੋਧ ਦੀ ਨਵਨੀਤ ਅਤੇ ਮੱਛੀਆਂ' ਦੀ ਉਦਾਸੀਨ ਔਰਤ ਜਾਂ ਰਿਸਰਚ-ਸਕਾਲਰ ਵੀ ਇਸੇ ਦਾਇਰੇ 'ਚ ਆਉਂਦੀਆਂ ਨੇ।

ਮੈਂ ਗੱਲ 'ਕਾਕਟੇਲ' ਕਹਾਣੀ ਦੇ ਦੋ ਪ੍ਰੋੜ ਮਰਦਾਂ ਦੀ ਕਰਦੀ ਹਾਂ-ਇਹ ਦੋਹੇ ਪ੍ਰੋੜ੍ਹ ਮਰਦ ਫੌਜੀ ਅਫਸਰ ਰਿਟਾਇਰ ਹੋਣ ਵਾਲੇ ਨੇ। ਪਰ ਉਮਰ ਵਧ ਰਹੀ ਹੈ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਇਸੇ ਕਾਰਨ ਸਸੋਪਸ਼ 'ਚ ਬੰਨੇ ਹੋਏ ਹੋਰ ਔਰਤਾਂ ਨਾਲ ਸੰਬੰਧ ਰੱਖ ਕੇ ਆਪਣੀ ਮਾਨਸਿਕ ਤੇ ਜਿਸਮਾਨੀ ਤਾਕਤ ਨੂੰ ਪਛਾਣਨ ਦਾ ਉਪਰਾਲਾ ਕਰਦੇ ਨੇ। ਮਰਦ ਆਪਣੀ ਮਰਦਾਨਗੀ ਉਮਰ ਦੇ ਅਖੀਰਲੇ ਪੜਾਅ ਤੱਕ ਰੱਖਣਾ ਚਾਹੁੰਦਾ ਹੈ ਪਰ ਜਦੋਂ ਅਹਿਸਾਸ ਹੋਵੇ ਕਿ ਪਤਨੀ ਵੀ ਕਿਸੇ ਹੋਰ ਮਰਦ ਵੱਲ ਆਕਰਸ਼ਿਤ ਹੋ ਸਕਦੀ ਹੈ ਤਾਂ ਉਹ ਸਕਤੇ 'ਚ ਆ ਜਾਂਦੇ ਨੇ ਤੇ ਮੰਨਣਾ ਹੀ ਨਹੀਂ ਚਾਹੁੰਦੇ-ਇਹ ਸਭ ਕੁਝ ਮੈਂ ਆਪਣੇ ਪਾਲਤੂ ਪਾਮੇਰੀਅਨ ਕੁੱਤੇ ਦੀਆਂ ਅੱਖਾਂ ਦੇ ਜ਼ਰੀਏ ਵਿਖਾਉਣ ਦਾ ਉਪਰਾਲਾ ਕੀਤਾ ਹੈ ਤੇ ਆਪਣੇ ਇਕ ਫੌਜੀ ਮਿੱਤਰ ਰਾਹੀਂ ਮਰਦਾਂ ਦੀ ਫ਼ਿਤਰਤ ਬਾਰੇ ਡਿਸਕਸ ਕਰਕੇ ਆਪਣੇ ਨਾਲ ਵੀ ਕੁਝ-ਕੁਝ ਵਾਪਰਿਆ ਹੋਇਆ ਕਰਕੇ ਹੀ ਸਿਖ ਸਕੀ ਹਾਂ।

ਮਨ ਦੀਆਂ ਅਜੀਬ ਤਰੰਗਾਂ ਨੂੰ ਫੜ ਕੇ ਉਨ੍ਹਾਂ ਸਭ ਚੀਜ਼ਾਂ ਦਾ ਸਹਿਜ ਵਿਸ਼ਲੇਸ਼ਣ ਕਰਨਾ ਵੈਸੇ ਤਾਂ ਅਸਹਿਜ ਹੀ ਹੈ, ਜੇਕਰ ਫਰਾਇਡ ਯੁੰਗ, ਐਡਲਰ ਨੂੰ ਪੜ੍ਹਿਆ ਤੇ ਸਮਝਿਆ ਹੋਵੇ ਤਾਂ ਮਨ ਦੀਆਂ ਤੰਦਾ ਨੂੰ ਫਰੋਲਿਆ ਜਾ ਸਕਦਾ ਹੈ। 'ਜਸ਼ਨ' ਕਹਾਣੀ ਵਿੱਚ ਮੈਂ ਸ਼ਹਿਰੀ ਤਬਕੇ ਦੇ ਕਲਰਕ ਤੋਂ ਲੈ ਕੇ ਅਫਸਰਾਂ ਦੀਆਂ ਪਾਰਟੀਆਂ ਦੇ ਰੰਗਾਂ ਨੂੰ ਅਤੇ ਉਨ੍ਹਾਂ ਸ਼ਹਿਰੀ ਪਾਤਰਾਂ ਦੀ ਪਾਠਕਾਂ ਮੂਹਰੇ ਹਾਜ਼ਰੀ ਲਗਵਾਈ ਹੈ।

ਵੈਸੇ ਨਜ਼ਰਾਂ 'ਚ ਮੈਲ ਆ ਜਾਂਦੀ ਹੈ-ਵਾਕ ਪ੍ਰੇਮ ਪ੍ਰਕਾਸ਼ ਦੇ ਮਸ਼ਕਰੀ ਕਰਦੇ ਲਫ਼ਜ਼ ਨੇ। ਮੈਂ ਪਾਤਰ ਘੜਦੇ ਹੋਏ ਸਮਾਜ ਦੇ ਕਿਸੇ ਵੀ ਤਬਕੇ ਦੇ ਪਾਤਰ ਤੋਂ ਪ੍ਰੇਰਨਾ ਲੈ ਉਸਨੂੰ ਹੂਬਹੂ ਪੇਸ਼ ਕਰਨ ਦਾ ਯਤਨ ਕਰਦੀ ਹਾਂ।

ਮੇਰੀ ਹਰ ਕਹਾਣੀ ’ਚ ਲਾਂਗ ਡਰਾਈਵ ਦਾ ਚਸਕਾ ਜ਼ਰੂਰ ਹੈ। ਜਦੋਂ ਤਕ ਲਹੂ ’ਚ ਗਰਮੀ ਹੈ ਬੰਦਾ ਦੌੜ ਲਾਈ ਰਖਦਾ ਹੈ ਤਾਂ ਉਹ ਲਾਂਗ ਡਰਾਈਵ ਨੂੰ ਤਰਜੀਹ ਦੇ ਕੇ ਆਨੰਦ ਮਾਣਦਾ ਹੈ। ਇਹ ਆਨੰਦ ਦੋਗੁਣਾ ਹੋ ਜਾਂਦਾ ਹੈ ਜੇਕਰ ਉਸਦੇ ਨਾਲ ਉਸਦਾ ਹਮਸਫਰ ਕੋਈ ਔਰਤ ਹੋਵੇ-ਉਸਦੀ ਸੋਚ ’ਚ ਫਿੱਟ ਹੋਣ ਵਾਲੀ। ‘ਗਾਰਸਾ’ ਦੇ ਮੇਜਰ ਸੰਧਾ ਦੀ ਇਹੋ ਸੋਚ ਹੈ। ਉਹ ਤਾਂ ਕੀ ਅੱਜ ਦੇ ਕੋਈ ਵੀ ਪੜ੍ਹੇ-ਲਿਖੇ ਰੱਜੇ-ਪੁੱਜੇ ਮਰਦ ਵਿਆਹ ਵਰਗੀ ਸੰਸਥਾ ਨੂੰ ਨਹੀਂ ਮੰਨਣਾ ਚਾਹੁੰਦਾ। ਵਿਆਹ ਕਰਕੇ, ਬੱਚੇ ਪੈਦਾ ਕਰ ਸਮਾਜ ਨੂੰ ਆਪਣਾ ਸਹਿਯੋਗ ਦੇ ਹਵਾ ’ਚ ਉਡਦੇ ਰਹਿਣਾ ਮੌਜ-ਮਸਤੀ ’ਚ ਹੀ ਗੁਆਚੇ ਰਹਿਣਾ ਲੋਚਦੇ ਨੇ। ਉਹ ਕਹਿੰਦਾ ਵੀ ਹੈ ‘ਪਤੀ ਤਾਂ ਇਕ ਇੰਸਟੀਚਿਊਟ ਹੈ। ਪਿਆਰ ਤਾਂ ਨਿਰੰਤਰ ਹੈ....।’

ਵੈਸੇ ਇਹ ਮੇਜਰ ਸੰਧਾ ਸਾਡੇ ਪਰਿਵਾਰਿਕ ਘੇਰੇ ਦਾ ਇਕ ਕਰਨਲ ਹੈ ਜਿਸਦੀ ਸੋਚ ਇਹੋ ਜਿਹੀ ਹੈ। ਮੈਂ ਉਸ ਨਾਲ ਕਈ ਵਾਰ ਲੜ ਵੀ ਪਈ ਹਾਂ ਤੇ ਖਿੱਝਦੀ ਵੀ ਰਹੀ ਹਾਂ-ਪਰ ਉਸਦੇ ਤਰਕ ਦਾ ਮੇਰੇ ਕੋਲ ਹੁਣ ਵੀ ਕੋਈ ਜਵਾਬ ਨਹੀਂ।

‘ਗੰਧ’ ਕਹਾਣੀ ਦੀ ਇਕ ਪਾਤਰ ਹੈ ਜੋ ਅੱਜ ਦੇ ਜ਼ਮਾਨੇ ’ਚ ਆਪਣੇ ਬੁਆਏ-ਫਰੈਂਡ ਤੋਂ ਛਲੀ ਜਾਦੀ ਹੈ-ਇਕੱਲੀ ਹੋਣ ਕਾਰਣ ਉਹ ਘਰ ਲੱਭਣ ਲਈ ਮੇਰੀ ਵੀ ਮਦਦ ਲੈਂਦੀ ਹੈ। ਉਸਨੇ ਹੀ ਮੈਨੂੰ ਰੋਪੜ ਦੇ ਇਕ ਮੈਜਿਸਟਰੇਟ ਦੀ ਗੱਲ ਦੱਸੀ ਸੀ ਜੋ ਵਾਰ-ਵਾਰ ਉਸਨੂੰ ਸੱਦਦਾ ਸੀ-ਅਸੀਂ ਦੋਹੇਂ ਬਹੁਤ ਹੱਸਦੀਆਂ ਸਾਂ ਜਦੋਂ ਉਹ ਵੀ ਉਸਨੂੰ ਚਕਮਾ ਦੇ ਆਉਂਦੀ ਸੀ-ਅਲਸੈਸ਼ੀਅਨ ਕੁੱਤੇ ਦੀ ‘ਗੰਧ’ ਮੇਰੇ ਜ਼ਹਿਨ ਦੀ ਕਲਪਨਿਕ ਸੋਚ ਹੈ।

ਵੈਸੇ ਤਾਂ ਇਕ ਤੰਦ ਦੇ ਦੁਆਲੇ ਹੀ ਸਾਰੀ ਦੀ ਸਾਰੀ ਕਲਪਨਿਕ ਕਹਾਣੀ ਬੁਣੀ ਜਾਂਦੀ ਹੈ। ਮੈਂ ਸਮਝਦੀ ਹਾਂ ਕਲਪਨਾ ’ਚ ਉਸਾਰੀ ਕਹਾਣੀ ਹੀ ਬੇਹਤਰੀਨ ਕਹਾਣੀ ਮੰਨੀ ਜਾਂਦੀ ਹੈ।

ਵੈਸੇ ‘ਮਿੱਤਰ ਪਿਆਰੇ’ ਦੇ ਦੋਹੇਂ ਪਾਤਰ ਮੇਰੇ ਜਾਣੇ-ਪਛਾਣੇ ਮਿੱਤਰ ਨੇ। ਉਨ੍ਹਾਂ ਦੋਹਾ ਵਿੱਚ ਇਕ ਵਾਰ ਲੜਾਈ ਹੋ ਗਈ-ਦੋਹੇਂ ਅੱਡ ਹੋ ਗਏ। ਮੈਂ ਉਨ੍ਹਾਂ ਦੋਹਾਂ ਦੀਆਂ ਬਾਰੀਕ ਤੋਂ ਬਾਰੀਕ ਹਰਕਤਾਂ, ਮਨੋਭਾਵਾਂ ਨੂੰ ਪੜ੍ਹ ਕੇ ਕਹਾਣੀ ਲਿਖੀ ਸੀ। ਕਹਾਣੀ ਛਪਣ ਤੱਕ ਉਹ ਫੇਰ ਮਿਲ ਗਏ ਸਨ।

ਇਕ ਵਾਰ ਡਲਹੌਜ਼ੀ ਜਾਣ ਤੇ ਉੱਥੇ ਮੈਨੂੰ ਅੰਮ੍ਰਿਤਸਰੀ ਇਹੋ ਜਿਹਾ ਪਾਤਰ ਮਿਲਿਆ ਜੋ ਮੈਨੂੰ ‘ਤਿਲਕਣ’ ਕਹਾਣੀ ਦੇ ਗਿਆ। ਉਸਦੇ ਵਾਰ-ਵਾਰ ਬੈਠਕਾਂ ਕੱਢਦੇ ਨੂੰ ਵੇਖ ਮੈਨੂੰ ਇਕ ਪਲਾਟ ਮਿਲਿਆ-ਮੈਂ ਉਸਨੂੰ ਕੁੜੀਆਂ, ਔਰਤਾਂ ਨੂੰ ਸੈਰ ਕਰਦੇ ਰੋਕਦੇ ਵੀ ਵੇਖ ਚੁੱਕੀ ਸਾਂ। ਉਹ ਲੰਗੜਾ ਕੇ ਚੱਲ ਰਿਹਾ ਸੀ ਤੇ ਲੋਕਾਂ ਦੀ ਹਮਦਰਦੀ ਵੀ ਸਮੇਟ ਰਿਹਾ ਸੀ ਪਰ ਨਜ਼ਰਾਂ ’ਚ ਕੁਝ ਹੋਰ ਹੀ ਸੀ।

ਆਪਣੇ ਕਾਲਜ ਪੜ੍ਹਾਉਣ ਦੌਰਾਨ ਮੈਂ ਕਈ ਹਾਈ-ਫਾਈ ਲੇਡੀ ਪ੍ਰੋਫੇਸ਼ਰਜ਼ ਨੂੰ ਦੌੜ-ਦੌੜ ਕੇ ਆਉਂਦੇ ਤੇ ਦੌੜ-ਦੌੜ ਕੇ ਜਾਂਦੇ ਵੇਖਦੀ ਰਹੀ ਹਾਂ। ਛੋਟੇ ਮੋਟੇ ਕੰਮ ਦੂਜੇ ਲੋਕ ਉਨ੍ਹਾਂ ਦੀ ਥਾਂ ’ਤੇ ਕਰ ਲੈਂਦੇ ਸਨ। ਪਰ ਉਨ੍ਹਾਂ ਵਿੱਚ ਕਈ ਇਸ ਤਰ੍ਹਾਂ ਦੀਆਂ ਲੇਡੀਜ਼ ਵੀ ਸਨ ਜੋ ਆਪਣੇ ਤੋਂ ਛੋਟੀ ਤੇ ਜੂਨੀਅਰ ਲੇਡੀਜ਼ ਨੂੰ ਉਂਗਲਾਂ ਤੇ ਨਚਾਉਂਦੀਆਂ ਸਨ-ਮੈਂ ਉਨ੍ਹਾਂ ਜੂਨੀਅਰਜ਼ ਨੂੰ ਹੀ ‘ਗੁੰਗੀਆਂ’ ਨਾਂ ਦੇ ਪਾਤਰ ਸਿਰਜੇ।

ਪਾਪਬੋਧ ਵਿੱਚ ਵੀ ਇਕ ਫੌਜੀ ਪਾਤਰ ਹੈ, ਮੈਨੂੰ ਲਗਦਾ ਫੌਜ਼ੀ ਸ਼ਾਇਦ ਮੇਰੇ ਪਰਿਵਾਰਕ ਘੇਰੇ ’ਚ ਹੋਣ ਕਰਕੇ ਮੇਰੇ ਮੂਹਰੇ ਆ ਜਾਂਦੇ ਹਨ ਜਦੋਂ ਕਿ ਮਰਦਾਂ ਦੀ ਫਿਤਰਤ ਹੀ ਨਹੀਂ ਔਰਤਾਂ ਵੀ ਲੁਕ-ਛਿਪ ਕੇ ਜਸ਼ਨ ਮਨਾਉਣਾ ਲੋਚਦੀਆਂ ਹਨ। ਬਾਅਦ ਵਿੱਚ ਭਾਵੇਂ ਪਾਪ-ਪੁੰਨ ਦੇ ਸ਼ਸ਼ੋਪੰਜ ’ਚ ਰਹਿਣ।

ਅੰਤ ਵਿਚ ਮੈਂ ਆਪਣੇ ਲੇਖਕਾਂ ਦੇ ਘੇਰੇ ਵਿੱਚੋਂ ਹੀ ਕੁਝ ਇਹੋ ਜਿਹੇ ਪਾਤਰ ਚੁਣੇ ਜੋ ਸਾਡੀ ਰੋਜ਼ਮਰਾ ਜ਼ਿੰਦਗੀ ਵਿੱਚ ਆਉਂਦੇ ਰਹਿੰਦੇ ਨੇ। ਲੁਧਿਆਣਾ ਪੰਜਾਬ ਸਾਹਿਤ ਅਕੈਡਮੀ ਦੀ ਚੋਣ ਦੌਰਾਨ ਮੈਨੂੰ ਪਹਿਲੀ ਵਾਰ ਵੋਟ ਪਾਉਣ ਦਾ ਮੌਕਾ ਮਿਲਿਆ-ਉਦੋਂ ਮੇਰੀਆਂ ਦੋ-ਚਾਰ ਕਹਾਣੀਆਂ ਖਿੰਡਿਆ ਆਦਮੀ, ਅੱਧੀ ਕੰਧ ਤੇ ਸੰਨਾਟਾ ਚਰਚਾ ’ਚ ਸਨ। ਉਦੋਂ ਇਕ ਮਸ਼ਹੂਰ ਸ਼ਾਇਰ ਅਤੇ ਸ਼ਾਇਰਾ ਦੇ ਡਾਇਲਾਗ ਮੇਰੇ ਜ਼ਹਿਨ ’ਚ ਘਰ ਕਰ ਗਏ-ਪ੍ਰੇਮ ਪ੍ਰਕਾਸ਼ ਵੈਸੇ ਤਾਂ ਈਰਖਾ ਨਹੀਂ ਕਰਦੇ ਪਰ ਮਸ਼ਕਰੀਆਂ ਕਰਦੇ ਰਹਿੰਦੇ ਨੇ ਤੇ ਲੁਕਵੀ ਅੱਖ ਨਾਲ ਖ਼ਾਸ ਕਰਕੇ ਬੀਬੀਆਂ ਨੂੰ ਤਾੜਦੇ ਵੀ ਰਹਿੰਦੇ ਹਨ-ਮੈਂ ਇਹੋ ਜਿਹੇ ਪਾਤਰ ਲੈ ਕੇ ਕਹਾਣੀ ਸਿਰਜੀ। ਵਾਸਤਵ ਵਿਚ ਵੋਟਾਂ ਪਾਉਣ ਆਉਣਾ ਇਕ ਤਰ੍ਹਾਂ ਦਾ ਮਿਲਣ-ਜੁਲਣ ਦਾ ਬਹਾਨਾ ਹੀ ਹੁੰਦਾ ਹੈ-ਤੇ ਮੇਰੀ ਕਹਾਣੀ ਨੂੰ ਨਾਂ ਮਿਲਿਆ ‘ਮਿਲਨ’ ਜੋ ਚੇਤਨਾ ਪ੍ਰਕਾਸ਼ਨ ਨੇ ਆਪਣੇ ਮੈਗਜ਼ੀਨ ’ਚ ਛਾਪੀ।

ਬੜੀ ਮਜ਼ੇ ਦੀ ਗੱਲ ਆ ਉਦੋਂ ਬਰਨਾਲਾ ਦੇ ਇਕ ਨਾਵਲਕਾਰ ਨੇ ਮੈਨੂੰ ਛੇੜਿਆ। ਮੈਂ ਕਿਸੇ ਨਾਲ ਸੀ ਉਸਨੇ ਕਿਹਾ ਬਈ ਸਾਥੀ ਇਹ ਮਾਲ ਤਾਂ ਲੁੱਟਣ ਵਾਲਾ ਏ..।

ਕੌਣ ਰੋਕਦਾ—ਕਰ ਹਿੰਮਤ-ਲੁੱਟ ਲਾ—ਪਰ ਭ੍ਰਿੰਡਾਂ ਦੇ ਛੱਤੇ 'ਚ ਹੱਥ ਪਾਵੇਂਗਾ-ਮਜ਼ਾਕ 'ਚ ਵੀ ਮੈਂ ਗੁੱਸਾ ਜ਼ਾਹਿਰ ਕੀਤਾ ਸੀ।

ਪ੍ਰੇਮ ਪ੍ਰਕਾਸ਼ ਨੇ ਵੀ ਮੈਨੂੰ ਵੋਟਾਂ ਤੋਂ ਦੂਜੇ ਦਿਨ ਪੁੱਛਿਆ ਸੀ-ਉਹ ਫਲਾਨੀ ਲੇਖਿਕਾ ਠੀਕ ਤਾਂ ਹੈ-ਮੇਰੇ ਜਵਾਬ ਦੇਣ 'ਤੇ ਕਿ ਉਹ ਭਲੀ ਚੰਗੀ ਆ ਤੇ ਕਿਸੇ ਅਵਾਰਡ ਜੇਤੂ ਲੇਖਕ ਨਾਲ ਘੁੰਮ ਰਹੀ ਸੀ ਤਾਂ ਜਿਵੇਂ ਫੋਨ ਨੂੰ ਕੰਬਨੀ ਛਿੜ ਗਈ ਹੋਵੇ। ਉਨ੍ਹਾਂ ਇਕਦਮ ਪੁੱਛਿਆ ਸੀ ਕੀ-? ਕਿਸ ਨਾਲ ਘੁੰਮ ਰਹੀ ਸੀ? ਫੇਰ ਅਚਾਨਕ ਕਿਹਾ-ਕੋਈ ਨੀ ਘੁੰਮ ਲੈਣ ਦੇ ਸਾਥ ਚੰਗਾ ਰਹੂ ਦੋਹੇਂ ਬੀਮਾਰ ਨੇ...।

ਵੈਸੇ ਮੇਰੇ ਇਕ ਪਾਤਰ ਦੇ ਚਰਿੱਤਰ 'ਚ ਕਈ ਪਾਤਰਾਂ ਦੇ ਚਰਿੱਤਰ ਹੁੰਦੇ ਨੇ। ਭੋਗੇ ਹੋਏ ਯਥਾਰਥ ਤੋਂ ਮੈਂ ਦੂਰ ਨਹੀਂ। ਪਾਤਰਾਂ ਵਿੱਚ ਮੈਂ ਦੀ ਸ਼ਮੂਲੀਅਤ ਹੋਣਾ ਸੁਭਾਵਿਕ ਹੀ ਹੈ।

ਇਸ ਤਰ੍ਹਾਂ ਪਾਤਰਾਂ ਦੇ ਮਨੋਭਾਵਾਂ ਨੂੰ ਪੜ੍ਹਦੇ-ਤਾੜਦੇ ਮੈਂ ਉਨ੍ਹਾਂ ਸਾਰਿਆਂ ਦੀ ਮਾਨਸਿਕ ਬਿਰਤੀ ਲੈ ਕੇ ਮਨੋਵਿਸਲੇਸ਼ਣ ਕੀਤਾ ਆ ਤੇ ਇਕ ਗੱਲ ਫੇਰ ਕਹਿੰਦੀ ਹਾਂ-ਮੇਰੇ ਜ਼ਿਆਦਾਤਰ ਪਾਤਰ ਕਾਲਪਨਿਕ ਨੇ—ਅਸਲ ਤਾਂ ਇਕ ਤੰਦ ਹੀ ਹੈ ਤੇ ਬੇਹਤਰੀਨ ਕਹਾਣੀ ਕਲਪਨਾ ਦੀ ਉਪਜ ਹੀ ਹੈ।

✪

# ਮੇਰੀ ਕਲਮ ਦੀ ਸਾਂਝ ਮੇਰਾ ਕਮਰਾ

ਮੇਰੇ ਕਮਰੇ ਦੀ ਸਾਂਝ-ਮੇਰੀ ਕਲਮ ਨਾਲ ਕਦੋਂ ਹੋ ਗਈ-ਮੈਨੂੰ ਪਤਾ ਹੀ ਨਹੀਂ ਲੱਗਿਆ-ਜਿਵੇਂ ਕਿਸੇ ਨੂੰ ਫੁੱਲਾਂ ਦੇ ਬਗੀਚੇ ਨਾਲ ਲਗਾਅ ਹੋਵੇ ਉਸੇ ਤਰ੍ਹਾਂ ਮੈਨੂੰ ਆਪਣੇ ਕਮਰੇ ਨਾਲ ਲਗਾਅ ਹੈ ਤੇ ਜੇ ਫੁੱਲਾਂ ਨਾਲ ਮੁਹੱਬਤ ਹੋਵੇ ਤਾਂ ਉਸੇ ਤਰ੍ਹਾਂ ਮੈਨੂੰ ਕਲਮ ਨਾਲ ਮੁਹੱਬਤ ਹੈ।

ਮੈਂ ਜਦੋਂ ਛੋਟੀ ਸਾਂ ਤਾਂ ਮੈਨੂੰ ਕੋਈ ਵੱਖਰਾ ਕਮਰਾ ਨਹੀਂ ਸੀ ਮਿਲਿਆ-ਪੜ੍ਹਨ ਲਈ ਜਾਂ ਕੁਝ ਹੋਰ ਕਰਨ ਲਈ ਵੀ ਸਾਡਾ ਸਾਰਾ ਪਰਿਵਾਰ ਇਕੱਠਾ ਬੈਠਾ ਹੁੰਦਾ ਸੀ-ਇਸ ਪਰਿਵਾਰ 'ਚ ਮੇਰੀ ਵਿਧਵਾ ਮਾਂ, ਮੇਰੇ ਚਾਚਾ, ਮੇਰੀ ਚਾਚੀ ਤੇ ਮੇਰੀ ਵੱਡੀ ਭੈਣ ਤੇ ਛੋਟਾ ਭਰਾ ਸ਼ਾਮਿਲ ਸਨ-ਬਾਅਦ ਵਿੱਚ ਮੇਰੇ ਚਾਚੇ ਦੇ ਦੋ ਛੋਟੇ ਨਿਆਣੇ ਵੀ ਸ਼ਾਮਿਲ ਹੋ ਗਏ-ਮੈਨੂੰ ਉਦੋਂ ਤਾਂ ਅੱਡ ਕਮਰੇ ਦੀ ਲਲਕ ਸੀ ਤੇ ਹੁਣ ਸ਼ਾਇਦ ਨਹੀਂ।

ਵੈਸੇ ਮੈਨੂੰ ਲਗਦਾ ਮੈਨੂੰ ਲਿਖਣ ਜਾਂ ਪੜ੍ਹਨ ਵੇਲੇ ਉਚੇਚੀ ਕਮਰੇ ਦੀ ਲੋੜ ਕਦੇ ਵੀ ਨਹੀਂ ਪਈ-ਜੇ ਪੜ੍ਹਨਾ ਹੈ ਅਤੇ ਜੇਕਰ ਕੋਈ ਰੌਚਕ ਚੀਜ਼ ਹੈ ਤਾਂ ਮੈਂ ਪੂਰੀ ਭੀੜ ਵਿਚ, ਰੌਲੇ-ਗੌਲੇ 'ਚ ਕਿਤੇ ਵੀ ਉਸਨੂੰ ਮੁੰਕਮਲ ਕਰਕੇ ਹੀ ਰਹਾਂਗੀ-ਭਾਵੇਂ ਲਾਈਟ ਚਲੀ ਜਾਵੇ ਜਾਂ ਭਾਵੇਂ ਮੋਮਬੱਤੀ ਵੀ ਨਾ ਹੋਵੇ-ਟਾਰਚ ਵਿਚ ਮੈਂ ਪੜ੍ਹਨ ਦੀ ਕੋਸ਼ਿਸ਼ ਕਰਾਂਗੀ।

ਮੇਰਾ ਬਚਪਨ ਅਤੇ ਕਾਲਜ ਦੀ ਪੜ੍ਹਾਈ ਤੱਕ ਮੈਂ ਲੁਧਿਆਣਾ, ਸਿਵਲ ਲਾਈਨਜ਼ ਦੇ ਖੁਲ੍ਹੇ ਇਲਾਕੇ 'ਚ ਰਹੀ। ਘਰ ਦੇ ਬੂਹੇ 'ਤੇ ਹੀ ਸਟਰੀਟ ਲਾਈਟ ਦਾ ਚਾਨਣ ਪੈਂਦਾ ਹੁੰਦਾ ਸੀ—ਕਦੇ-ਕਦੇ ਤਾਂ.... ਉਸ ਚਾਨਣ ਵਿੱਚ ਹੀ ਮੈਂ ਕੋਈ ਨਾਵਲ ਜਾਂ ਕਿਸੇ ਦੇ ਵਿਚਾਰ ਪੜ੍ਹਨ ਦੀ ਕੋਸ਼ਿਸ਼ ਕੀਤੀ... ਇਸ ਲਈ ਕਈ ਵਾਰ ਆਪਣੀ ਮਾਂ ਤੋਂ ਡਾਂਟ ਖਾਣੀ ਪਈ ਤੇ ਕਈ ਵਾਰ ਮੇਰੇ ਚਾਚੇ ਨੇ ਉਹ ਕਿਤਾਬ ਵੀ ਪਾੜ ਕੇ ਸੁੱਟ ਦਿੱਤੀ। ਸਾਡੇ ਪਰਿਵਾਰ 'ਚ ਕੁੜੀਆਂ ਨੂੰ ਬਹੁਤਾ ਨਹੀਂ ਸੀ ਪੜ੍ਹਾਇਆ ਜਾਂਦਾ-ਆਪਣੀ ਵਿੱਲ ਪਾਵਰ ਤੇ ਆਸ-ਪਾਸ ਸਾਹਿਤਕ ਮਾਹੌਲ ਹੋਣ ਕਾਰਨ ਹੀ ਮੈਂ ਪੜ੍ਹਨ 'ਚ ਸਫ਼ਲ ਹੋਈ। ਇਸ ਦਾ ਸਾਰਾ ਸਿਹਰਾ ਮੇਰੀ ਮਾਂ ਨੂੰ ਹੀ ਜਾਂਦਾ ਹੈ। ਚਾਚੇ ਦਾ ਤਾਂ ਡਰ ਮੇਰੇ ਜ਼ਿਹਨ 'ਚ ਇਸ ਤਰ੍ਹਾਂ ਦਾ ਬੈਠਾ ਸੀ ਕਿ ਕਦੇ-ਕਦੇ ਸਰਦੀਆਂ ਦੇ ਦਿਨਾਂ 'ਚ ਜਦੋਂ ਸਾਰੇ ਸੌਂ ਜਾਂਦੇ ਸਨ ਉਦੋਂ ਰਜਾਈ ਦੀ ਬੁੱਕਲ 'ਚ ਟਾਰਚ ਜਗਾ ਕੇ ਪੜ੍ਹਦੀ ਸਾਂ-ਮੇਰਾ ਚਾਚਾ ਮੈਥੋਂ ਇੰਨਾ ਖ਼ਫਾ ਹੋ ਜਾਇਆ ਕਰਦਾ ਸੀ ਕਿ ਜਦੋਂ ਮੈਂ ਪੜ੍ਹਨ ਬੈਠਾਂ ਤਾਂ ਉਹ ਲਾਈਟ ਹੀ ਬੁਝਾ ਦਿੰਦੇ ਸਨ ਤੇ ਹਮੇਸ਼ਾ ਕਿਹਾ ਕਰਦੇ-ਇਸਨੇ ਪੜ੍ਹ ਕੇ ਇੰਦਰਾ ਗਾਂਧੀ ਬਣ ਜਾਣਾ ਹੈ? ਇਸ ਲਈ ਕਮਰੇ 'ਚ ਜੋ ਵੀ ਕਾਰਨਰ ਮੈਨੂੰ ਮਿਲੇ-ਮੇਰੇ ਲਈ ਮੇਰਾ ਓਹੀਓ ਕਮਰਾ ਹੁੰਦਾ ਸੀ। ਮੈਂ ਦਸਵੀਂ ਕਰਨ ਤੱਕ ਹਿੰਦੀ ਦੇ ਲੇਖਕ 'ਅਗੇਯ' ਦਾ ਨਾਵਲ 'ਨਦੀ ਦੇ ਦੀਵੀਪ'-ਪੜ੍ਹ ਚੁੱਕੀ ਸਾਂ ਤੇ ਸ੍ਰੀ ਅਰਵਿੰਦੋ ਘੋਸ਼ ਤੋਂ ਪ੍ਰਭਾਵਿਤ ਸਾਂ-ਅੰਗ੍ਰੇਜ਼ੀ ਦੇ ਕਈ ਨਾਵਲ (ਖ਼ਾਸ ਕਰਕੇ ਜਾਸੂਸੀ) ਪੜ੍ਹਨ ਦੀ ਸ਼ੌਕੀਨ ਸਾਂ। ਸਕੂਲ ਟਾਈਮ ਦਾ ਕਲਾਸ ਫੈਲੋ ਸੀ-ਜਤਿੰਦਰ ਮੁਦਗਿਲ (ਲੁਧਿਆਣਾ)। ਉਹ ਮੈਨੂੰ ਲਿਟਰੇਚਰ ਦੀ ਹਿੰਦੀ-ਪੰਜਾਬੀ-ਅੰਗ੍ਰੇਜ਼ੀ ਤੇ ਫਿਲੋਸੋਫੀਕਲ ਕਿਤਾਬਾਂ ਲੱਭ-ਲੱਭ ਕੇ ਪੜ੍ਹਨ ਲਈ ਦਿੰਦਾ ਸੀ-ਬਹਿਸ ਕਰਦਾ ਸੀ। ਉਦੋਂ ਮੈਂ ਪੰਜਾਬੀ ਵਿੱਚ ਕਵਿਤਾ ਲਿਖਦੀ ਸੀ। ਘਰਦਿਆਂ ਤੋਂ ਚੋਰੀ ਕਿਤਾਬਾਂ ਇਕੱਠੀਆਂ ਕਰ ਪੜ੍ਹਦੀ ਸੀ।

ਸਰਕਾਰੀ ਕਾਲਜ, ਲੁਧਿਆਣਾ ਤੋਂ ਜਦੋਂ ਮੈਂ ਐਮ.ਏ.(ਹਿੰਦੀ) ਕਰ ਰਹੀ ਸਾਂ ਉਦੋਂ ਗੁਰਭਜਨ ਗਿੱਲ (ਕਵੀ) ਵੀ ਮੇਰੇ ਨਾਲ ਪੰਜਾਬੀ ਦੀ ਐਮ.ਏ.ਕਰ ਰਿਹਾ ਸੀ-ਉਦੋਂ ਕਾਲਜ ਦੇ ਨਾਟਕ ਤੇ ਕਵਿਤਾ ਉਚਾਰਣ ਪ੍ਰਤੀਯੋਗਤਾ ਵਿਚ ਬਹੁਤ ਹਿੱਸਾ ਲਿਆ ਤੇ ਐਗਰੀਕਲਚਰਲ ਯੂਨੀਵਰਸਿਟੀ ਵਿੱਚ 'ਮੋਗਾ ਕਾਂਡ' ਵੇਲੇ ਪਾਸ਼, ਸੰਤੋਖ ਸਿੰਘ ਧੀਰ, ਦੇਵ ਆਦਿ ਨੂੰ ਮਿਲੀ ਪਰ ਸ਼ਰਮਾਕਲ ਹੋਣ ਕਾਰਨ ਜ਼ਿਆਦਾ ਮੇਲ-ਜੋਲ ਨਹੀਂ ਕਰ ਸਕੀ ਤੇ ਘਰਦਿਆਂ ਵਲੋਂ ਵੀ ਘੁੰਮਣਾ-ਫਿਰਨਾ ਮਨ੍ਹਾ ਸੀ-ਉਦੋਂ ਹੀ ਇਕ ਵਾਰ ਦੇਵ ਦੇ ਘਰ ਜਦੋਂ ਗਈ ਤਾਂ ਉਸਦੀ ਪਤਨੀ ਨੇ ਮੈਨੂੰ ਕਾਲਜ ਵਿਦਿਆਰਥੀ ਹੋਣ ਦੇ ਨਾਤੇ, ਦੇਵ ਦੇ ਕਿਤਾਬਾਂ ਨਾਲ ਭਰੇ ਕਮਰੇ ਨੂੰ ਵੇਖਣ ਦੀ ਇਜ਼ਾਜ਼ਤ ਦਿੱਤੀ ਤੇ ਆਪ ਚਾਹ ਬਣਾ ਕੇ ਲੈ ਆਏ-ਉਦੋਂ ਮੇਰੇ ਮਨ 'ਚ ਇਕ ਲਾਲਸਾ ਜ਼ਰੂਰ ਆਈ ਕਿ ਆਰਟਿਸਟਾਂ ਤੇ ਲੇਖਕਾਂ ਦਾ ਕਮਰਾ ਕਿੰਨਾ ਵੱਖਰਾ ਹੁੰਦਾ ਹੈ-ਖੌਰੇ ਇਹ ਲੋਕ ਤਾਂਹੀਓਂ ਲੇਖਕ ਬਣ ਕੇ ਮਸ਼ਹੂਰ ਹੋ ਜਾਂਦੇ ਨੇ-ਉਦੋਂ ਮੈਂ ਘਰ ਆ ਕੇ ਇਕ ਕਹਾਣੀ ਲਿਖੀ-'ਪਰਿਪੂਰਣਤਾ' (ਬਾਅਦ ਵਿਚ ਇਹ ਕਹਾਣੀ ਪ੍ਰਤੀਯੋਗਤਾ ਵਿਚ ਦੂਜੇ ਸਥਾਨ 'ਤੇ ਰਹੀ)-ਉਹ ਕਹਾਣੀ ਮੈਂ ਐਵੇਂ ਕਮਰੇ 'ਚ ਤੁਰਦੇ ਫਿਰਦੇ, ਪੜ੍ਹਦੇ, ਕਾਲਜ ਦੇ ਡੈਸਕ 'ਤੇ

ਗੱਲਾਂ ਕਰਦੇ ਪੂਰੀ ਕੀਤੀ-ਵੱਖਰੇ ਕਮਰੇ ਦੀ ਉਦੋਂ ਮੈਨੂੰ ਕੋਈ ਲੋੜ ਮਹਿਸੂਸ ਹੀ ਨਹੀਂ ਸੀ ਹੋਈ-ਪਰ ਕਮਰੇ ਵਿੱਚ ਹੀ ਇਕ ਕਮਰੇ ਲਈ ਤੜਪਦੀ ਜ਼ਰੂਰ ਰਹੀ।

ਫਿਰ ਐਮ.ਏ ਕਰਕੇ ਮੈਂ ਸਰਕਾਰੀ ਕਾਲਜ, ਕਾਲਾ-ਅਫ਼ਗਾਨਾ ਆਰਜ਼ੀ ਲੈਕਚਰਾਰ ਚੁਣੀ ਗਈ। ਉੱਥੇ ਕਹਾਣੀ ਗੋਸ਼ਟੀ ਕਰਵਾਉਣ ’ਤੇ ਮੁਖਤਾਰ ਗਿੱਲ, ਪ੍ਰਮਿੰਦਰਜੀਤ, ਦਿਲਜੀਤ, ਸੰਤੋਖ ਸਿੰਘ ਧੀਰ ਆਦਿ ਲੇਖਕ ਆਏ। ਕਾਲਾ ਅਫ਼ਗਾਨਾ ਕਾਲਜ ਦੇ ਨਾਲ ਖੇਤਾਂ ’ਚ ਬਣੀ ਕੋਠੀ ਦੇ ਮਕਾਨ ਵਿੱਚ ਮੈਂ ਦੋ ਕੁ ਮਹੀਨੇ ਰਹੀ ਜਿੱਥੇ ਮੈਨੂੰ ਅੱਡ ਕਮਰੇ ਦੀ ਸਹੂਲਤ ਮਿਲੀ ਤੇ ਕਾਰਨਰ ’ਚ ਸੋਹਣੀ ਜਿਹੀ ਮੇਜ਼ ਜਿੱਥੇ ਮੈਂ ਆਪਣੀਆਂ ਕਿਤਾਬਾਂ ਟਿਕਾ ਦਿੱਤੀਆਂ। ਕੁਝ ਕਵਿਤਾਵਾਂ ਉਸ ਟੇਬਲ ’ਤੇ ਲਿਖੀਆਂ ਜੋ ‘ਲੋਅ’, ਬਾਅਦ ਵਿਚ ‘ਅੱਖਰ’ ’ਚ ਛਪੀਆਂ। ਉੱਥੇ ਇਕੱਲਤਾ ਤੇ ਉਦਾਸੀ ਦਾ ਮਾਹੌਲ ਹੋਣ ਕਾਰਨ ਕਈ ਅਹਿਸਾਸ ਕਾਗਜ਼ਾਂ ਦੇ ਟੁਕੜਿਆਂ ’ਤੇ ਉਤਾਰ ਕੇ ਰੱਖੇ, ਜੋ ਮੇਰੀਆਂ ਕਹਾਣੀਆਂ ਵਿਚ ਕੰਮ ਆਏ। ਇਸੇ ਕਮਰੇ ’ਚ ਮੈਂ ‘ਲਹੂ ਦੀ ਲੋਅ’ ਨਾਵਲ ਪੜ੍ਹਿਆ ਤੇ ਅੱਗ ਵਾਂਗ ਭੜਕਦੀ ਰਹੀ।

ਫੇਰ ਮੈਂ ਬਟਾਲਾ ਬੈਂਕ ਕਾਲੋਨੀ ’ਚ ਰਹੀ, ਜਿਸ ਦੀ ਸੜਕ ਪਾਰ ਸਾਹਮਣੇ ਗਲੀ ’ਚ ਫੋਟੋਗ੍ਰਾਫਰ ਬਾਜਵਾ ਰਹਿੰਦਾ ਸੀ। ਮੈਨੂੰ ਲਗਦਾ ਇਸ਼ਕ ਬੇਜਾਨ ਹੁੰਦਾ ਹੈ ਜੇਕਰ ਉਸ ਨੂੰ ਕਲਮ ਨੇ ਨਾ ਫੜਿਆ ਹੋਵੇ ਜਾਂ ਉਹ ਬੇਜਾਨ ਹੈ ਜਿਸਨੂੰ ਕਦੇ ਇਸ਼ਕ ਹੀ ਨਾ ਹੋਇਆ ਹੋਵੇ-ਉਮਰ ਦੀ ਸੋਚ ਕਈ ਵਾਰ ਮਨ ’ਤੇ ਵੀ ਹਾਵੀ ਹੋਈ।

ਉਸ ਕਮਰੇ ’ਚ ਕਈ ਕਹਾਣੀਆਂ ਦੇ ਟੋਟੇ ਪੈਦਾ ਹੋਏ (ਕਵਿਤਾਵਾਂ ਦੀਆਂ ਸਤਰਾਂ ਉਭਰੀਆਂ)-ਜੋ ਮੇਰੀਆਂ ਕਹਾਣੀਆਂ ’ਚ ਥਾਂ-ਥਾਂ ਜੁੜੇ ਨੇ-ਭੂਸ਼ਨ ਨੇ ਉਨ੍ਹਾਂ ਨੂੰ ਪੜ੍ਹਿਆ-ਪਰ ਕਦੇ ਹੁੰਗਾਰਾ ਨਾ ਦਿੱਤਾ-ਇਸੇ ਕਰਕੇ ਮੈਂ ਉਨ੍ਹਾਂ ਨੂੰ ਛਪਵਾਉਣ ਦਾ ਹੌਸਲਾ ਨਾ ਕਰ ਸਕੀ ਸ਼ਾਇਦ ਜ਼ਿੰਦਗੀ ਦੇ ਤਜਰਬੇ ਕੱਚੇ ਸਨ ਜਾਂ ਕਹਾਣੀਆਂ ਕੱਚੀਆਂ ਸਨ।

ਬਾਅਦ ਵਿਚ ਪੀ.ਪੀ.ਐਸ.ਸੀ. ਤੋਂ ਸਿਲੈਕਟ ਹੋ ਕੇ ਰੋਪੜ ਆ ਗਈ। ਉੱਥੇ ਅੱਡ ਕਮਰਾ, ਨੌਕਰ-ਚਾਕਰ ਹੋਣ ’ਤੇ ਵੀ ਕੁਝ ਨਹੀਂ ਲਿਖਿਆ, ਸਿਰਫ਼ ਜ਼ਿੰਦਗੀ ਦੇ ਕੌੜੇ ਦਰਦ ਨਾਲ ਭਰੇ ਛਿਣ ਭੋਗੇ-ਇਥੇ ਹੀ ਮੇਰਾ ਵਿਆਹ ਹੋਇਆ, ਮੇਰੀ ਮਾਂ ਤੇ ਪਹਿਲੇ ਬੇਟੇ ਦੀ ਪੈਦਾ ਹੋਣ ਤੋਂ ਇਕ ਸਾਲ ਬਾਅਦ ਹੀ ਮੌਤ ਹੋ ਗਈ-ਪਤੀ ਆਰਮੀ ’ਚ ਕੈਪਟਨ (ਕਮੀਸ਼ਨਡ) ਸੀ-ਇਕੱਲਤਾ ’ਤੇ ਮਾਯੂਸੀ ਹਾਵੀ ਹੋ ਗਈ। ਰਿਸਰਚ ਫੈਲੋ ਹੋਣ ਕਾਰਨ ਪੰਜਾਬ ਯੂਨੀਵਰਸਿਟੀ ਦੇ ਲਕਸ਼ਮੀ ਬਾਈ ਹੋਸਟਲ ’ਚ ਵੀ ਰਹਿੰਦੀ ਰਹੀ-ਉੱਥੇ 18 ਅਤੇ 19 ਨੰਬਰ ਕਮਰੇ ’ਚ ਰਹਿੰਦੀ ਨੇ ਯੂਨੀਵਰਸਿਟੀ ਦੇ ਕੁੜੀਆਂ-ਮੁੰਡਿਆਂ ਦੀ ਜ਼ਿੰਦਗੀ ਬਾਰੇ ਬੜਾ ਕੁਝ ਵੇਖਿਆ, ਸੋਚਿਆ, ਹੰਢਾਇਆ ਤੇ ਸਿੱਖਿਆ। ਅੱਜ ਵੀ ਉਸ ਕਮਰੇ ਨਾਲ ਮੇਰੀਆਂ ਕਈ ਕਹਾਣੀਆਂ ਜੁੜੀਆਂ ਹੋਈਆਂ ਨੇ।

ਸੰਨ 2000 ’ਚ ਮੇਰੀ ਕਹਾਣੀਆਂ ਦੀ ਪਲੇਠੀ ਕਿਤਾਬ ‘ਇਕ ਚੁੱਪ ਜਿਹੀ ਕੁੜੀ’ ਆਈ-ਉਹ ਵੀ ਇਸੇ ਸਿਰਜਣ ਪ੍ਰਕਿਰਿਆ ’ਚੋਂ ਨਿਕਲੀ ਹੈ-ਮੈਂ ਕਮਰੇ ਨੂੰ ਕਲਮ ਨਾਲ ਨਹੀਂ ਜੋੜਿਆ-ਸਗੋਂ ਆਪਣੇ ਆਪ ਨੂੰ ਉਨ੍ਹਾਂ ਦੋਵਾਂ ਨਾਲ ਜੋੜ ਲਿਆ-ਦਸੰਬਰ 1998 ’ਚ ਮੈਂ ਅੰਮ੍ਰਿਤਾ ਪ੍ਰੀਤਮ ਜੀ ਦੇ ਘਰ ਗਈ-ਉਹ ਬਿਮਾਰ ਸਨ-ਜਿਸ ਕਮਰੇ ਵਿੱਚ ਉਹ ਲੇਟੇ ਹੋਏ ਸਨ, ਉਨ੍ਹਾਂ ਦੇ ਸਿਰਹਾਣੇ, ਮੇਜ਼ ਕੋਲ, ਅਲਮਾਰੀ ਕੋਲ, ਮੇਰੀਆਂ ਨਜ਼ਰਾਂ ਨੇ ਖ਼ਾਸ ਮੇਜ਼ ਜਾਂ ਕਲਮ ਆਦਿ ਤਲਾਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਨਜ਼ਰ ਨਹੀਂ ਆਈ ਮੈਨੂੰ। ਉਨ੍ਹਾਂ ਦੀ ਇਕ ਤਸਵੀਰ ਵਾਰ-ਵਾਰ ਅੱਖਾਂ ਸਾਹਮਣੇ ਆ ਰਹੀ ਸੀ, ਜਿਸ ਵਿੱਚ ਟੇਬਲ ਲੈਂਪ ਦੇ ਸਾਹਮਣੇ ਬੈਠੇ ਉਹ ਲਿਖ ਰਹੇ ਸਨ ਪਰ ਉਹ ਜਿਉਂਦੀ ਤਸਵੀਰ ਮੈਨੂੰ ਉੱਥੋਂ ਨਹੀਂ ਮਿਲੀ। ਉਨ੍ਹਾਂ ਦੱਸਿਆ ‘ਮੈਂ ਉਦੋਂ ਲਿਖਦੀ ਹਾਂ ਜਦੋਂ ਦਿੱਲੀ ਦਾ ਸ਼ੋਰ ਰਾਤ ਨੂੰ ਸੌਂ ਜਾਂਦਾ ਹੈ-ਮੈਂ ਸਾਰੀ ਰਾਤ ਜਾਗਦੀ ਹਾਂ।’ ਮੈਂ ਤਾਂ ਉਨ੍ਹਾਂ ਤੋਂ ਪਹਿਲਾਂ ਹੀ ਪ੍ਰਭਾਵਿਤ ਸਾਂ, ਪਰ ਸਾਰੀ ਰਾਤ ਤਾਂ ਮੈਂ ਕਦੇ ਵੀ ਨਹੀਂ ਜਾਗ ਸਕਦੀ-ਇਮਰੋਜ਼ ਨੇ ਦੱਸਿਆ-‘ਅਸੀਂ ਕਿਹੜਾ ਸਵੇਰ ਸਾਰ ਨੌਕਰੀ ਜਾਣਾ ਹੁੰਦੈ, ਜਦੋਂ ਸਾਡਾ ਦਿਲ ਕਰਦਾ ਅਸੀਂ ਸੌਂ ਜਾਂਦੇ ਆਂ, ਜਦੋਂ ਦਿਲ ਕੀਤਾ ਉੱਠ ਪੈਂਦੇ ਹਾਂ ਤੇ ਪੜ੍ਹਦੇ-ਲਿਖਦੇ ਰਹਿੰਦੇ ਆਂ’- ਪਿਆਰ ਤੇ ਅਪਣੱਤ ਭਰੇ ਉਨ੍ਹਾਂ ਦੇ ਕਮਰੇ ਨੂੰ ਮੈਂ ਜੀ ਭਰ ਕੇ ਵੇਖਿਆ।

ਮੈਂ ਉਦੋਂ ਆਪਣੇ ਆਪ ਨੂੰ ਤਲਾਸ਼ ਕੀਤਾ-ਮੈਂ ਆਪਣੇ ਕਮਰੇ ਵਿੱਚੋਂ ਬੈੱਡ ਦੇ ਇਕ ਕਾਰਨਰ ਵਿਚ ਆਪਣਾ ਕਾਰਡ-ਬੋਰਡ, ਢੇਰ ਸਾਰੇ ਖਾਲੀ ਪੇਪਰ, ਪੈੱਨ, ਜ਼ਿਆਦਾਤਰ ਬਾਲ-ਪੈਨ, ਵੱਲ ਵੇਖਿਆ-ਦੂਜੇ ਪਾਸੇ ਬੈੱਡ ’ਤੇ ਮੇਰੀ ਬੇਟੀ ਆਫ਼ਤਾਬ ਪਈ ਹੁੰਦੀ ਹੈ-ਮੈਨੂੰ ਜਾਪਿਆ ਜਿਵੇਂ ਇਹ ਕਾਰਨਰ ਹੀ ਮੇਰਾ ਕਮਰਾ ਹੈ। ਜੇਕਰ ਸਿਰਹਾਣੇ ਤੋਂ ਕੋਈ ਵੀ ਛੋਟੀ ਤੋਂ ਛੋਟੀ ਪਰਚੀ, ਕੋਈ ਚੁੱਕ ਲਵੇ ਜਾਂ ਗੁਆਚ ਜਾਵੇ ਤਾਂ ਮੈਂ ਗੁੱਸੇ ਨਾਲ ਭਰ ਜਾਂਦੀ ਹਾਂ-ਕੰਬਣ ਲੱਗ ਪੈਂਦੀ ਹਾਂ ਤੇ ਉਦੋਂ ਤੱਕ ਚੈਨ ਨਹੀਂ ਆਉਂਦਾ, ਜਦੋਂ ਤੱਕ ਮੈਂ ਉਸਨੂੰ ਲੱਭ ਨਾ ਲਵਾਂ-ਇਸਦਾ ਕਾਰਣ ਹੈ-ਮੈਂ ਜਦੋਂ ਵੀ ਕੁਝ ਲਿਖਣਾ ਹੈ-ਜੋ ਵੀ ਸੋਚ-ਵਿਚਾਰ, ਕੋਈ ਉਬਾਲ ਕੋਈ ਵਾਕ ਮੇਰੇ ਦਿਲੋ-ਦਿਮਾਗ ’ਚ ਹਾਵੀ ਹੋਣ ਲਗਦਾ ਹੈ ਤਾਂ ਮੇਰੇ ਸਾਹਮਣੇ ਭਾਵੇਂ ਕੋਈ ਚਿੱਠੀ, ਕੋਈ ਕਾਗਜ਼ ਦਾ ਟੁਕੜਾ, ਕੋਈ ਬੱਸ ਟਿਕਟ, ਕੋਈ ਕਾਪੀ, ਕੋਈ ਕਿਤਾਬ, ਕੋਈ ਇਨਵੀਟੇਸ਼ਨ ਕਾਰਡ ਜਿੱਥੇ ਵੀ ਖਾਲੀ ਜਗ੍ਹਾ ਮਿਲੇ ਮੈਂ ਉੱਥੇ ਫਟਾਫਟ ਉਸਨੂੰ ਲਿਖ ਲੈਂਦੀ ਹਾਂ-ਤੇ ਕਹਾਣੀ ਲਿਖਣ ਵੇਲੇ ਉਹ ਵਾਕ ਕਈ ਵਾਰ ਇੰਨੇ ਸਸ਼ਕਤ ਹੁੰਦੇ ਹਨ ਕਿ ਮੈਂ ਆਪ ਵੀ ਹੈਰਾਨ ਹੋ ਜਾਂਦੀ ਹਾਂ।

ਮੈਨੂੰ ਕਦੇ ਵੀ ਮੇਜ਼ ਜਾਂ ਕੁਰਸੀ ਦੀ ਲੋੜ ਨਹੀਂ ਪਈ, ਹੁਣ ਵੀ ਮੈਂ ਇਕ ਸਟੂਲ ’ਤੇ ਬੈਠੀ ਲਿਖ ਰਹੀ ਹਾਂ (ਮਤਲਬ ਦਫਤਰੀ ਟੈਂਸ ਵਾਂਗ ਨਹੀਂ ਲਿਖ ਸਕਦੀ) ਕਿਉਂਕਿ ਜਦੋਂ ਤੱਕ ਮੈਂ ਮੇਜ਼-ਕੁਰਸੀ ਤੇ ਬੈਠ ਕੇ ਆਪਣੇ ਆਪ ਨੂੰ ਤਿਆਰ ਕਰਾਂਗੀ। ਵਿਚਾਰ ਤੇ ਵਾਕ ਸੁਫਨਿਆਂ ਵਾਂਗ ਆਉਂਦੇ ਤੇ ਜਾਂਦੇ ਰਹਿੰਦੇ ਹਨ ਅਤੇ ਵਾਰ-ਵਾਰ ਆਉਂਦੇ ਤੰਗ ਕਰਦੇ ਨੇ ਜਦੋਂ ਤੱਕ ਮੈਂ ਕਲਮ ਚੁੱਕ ਕੇ ਉਨ੍ਹਾਂ ਨੂੰ ਕਿਤੇ ਨਾ ਕਿਤੇ ਕਲਮਬੱਧ ਨਾ ਕਰ ਲਵਾਂ। ਕਈ ਵਾਰ ਕਲਪਨਾ ’ਚ ਮੈਂ ਇੰਨੀ ਦੂਰ ਚਲੀ ਜਾਦੀ ਹਾਂ ਕਿ ਮੈਨੂੰ ਆਪ ਨੂੰ ਇਉਂ ਜਾਪਣ ਲਗਦਾ ਹੈ ਜਿਵੇਂ ਇਹ ਪਾਤਰ ਮੈਂ ਹੀ ਹੋਵਾਂ ਤੇ ਮੇਰੇ ਨਾਲ ਹੀ ਇਹ ਕੁਝ ਹੋਇਆ ਹੈ-ਉਦੋਂ ਮੈਂ-ਮੈਂ ਨਹੀਂ ਰਹਿੰਦੀ, ਨਾਟਕ ਦੇ ਪਾਤਰ ਵਾਂਗ, ਪਾਤਰ ਨੂੰ ਹੰਢਾ ਰਹੀ ਹੁੰਦੀ ਹਾਂ।

ਵੈਸੇ ਮੈਨੂੰ ਲਗਦਾ ਹੈ ਕਿ ਮੇਰੇ ਘਰ ਕਦੇ ਕਮਰੇ ਹੋਏ ਹੀ ਨਹੀਂ... ਸੌਣ ਵਾਲੇ ਕਮਰੇ ਵਾਲੀ ਥਾਂ ਦੇ ਨਾਲ ਹੀ ਡਰਾਇੰਗ ਰੂਮ-ਵਿਚਕਾਰ ਸੈਂਟਰਲ ਵੱਡਾ ਟੇਬਲ ਤੇ ਉਸਦੀ ਉਚਾਈ ਤੋਂ ਹੇਠਾਂ ਇਕ ਮੂੜ੍ਹਾ ਜਿਸ ’ਤੇ ਬੈਠ ਕੇ ਮੈਂ ਆਪਣੀਆਂ ਸਾਰੀਆਂ ਦੀਆਂ ਸਾਰੀਆਂ ਕਹਾਣੀਆਂ ਲਿਖੀਆਂ ਅਤੇ ਉੱਥੇ ਕਦੇ ਵੀ ਨਹੀਂ ਥੱਕੀ।

ਮੈਂ ਕਦੇ ਵੀ ਸਵੇਰੇ-ਸਵੇਰੇ ਉੱਠ ਕੇ ਨਹੀਂ ਲਿਖਿਆ। ਜੇਕਰ ਕਹਾਣੀ ਖ਼ਤਮ ਕਰਨੀ ਹੈ ਤਾਂ ਦੇਰ ਰਾਤ ਤੱਕ ਬੈਠੀ ਹਾਂ। ਵੈਸੇ ਮੈਨੂੰ ਦੇਰ ਰਾਤ ਤੱਕ ਜਾਗਣ ਦੀ ਆਦਤ ਹੈ। ਸਵੇਰੇ-ਸਵੇਰੇ ਕਈ ਵਾਰ ਸੁਫਨਿਆਂ ਨੂੰ ਲਿਖਿਆ ਹੈ-ਕਈ ਵਾਰ ਉਨ੍ਹਾਂ ਸੁਫਨਿਆਂ ਦਾ ਐਨਲਸਿਜ਼ ਕੀਤਾ ਹੈ-ਕਵਿਤਾਵਾਂ ਦੀਆਂ ਲਾਈਨਾਂ ਜਾਂ ਕੋਈ ਚੰਗਾ ਵਾਕ ਮੈਂ ਅਚਾਨਕ ਉੱਠ ਕੇ ਸਿਰਹਾਣੇ ਪਏ ਕਾਗਜ਼ ਉੱਤੇ ਟਾਰਚ ਦੀ ਰੌਸ਼ਨੀ ਵਿੱਚ ਲਿਖਿਆ ਹੈ ਤੇ ਸੌਂ ਗਈ ਹਾਂ-ਜਦੋਂ ਸਵੇਰੇ ਜਾਗੀ ਹਾਂ ਤਾਂ ਇੰਜ ਜਾਪਿਆ ਹੈ ਜਿਵੇ ਇਹ ਮੈਂ ਤਾਂ ਲਿਖਿਆ ਹੀ ਨਹੀਂ-ਇਸ ਕਰਕੇ ਪ੍ਰੇਮ ਪ੍ਰਕਾਸ਼ ਜੀ, ਮੈਨੂੰ ਕਹਿੰਦੇ ਨੇ, ‘ਨਿਰਮਲ ਤੂੰ ਨਹੀਂ ਲਿਖਦੀ, ਜ਼ਰੂਰ ਤੇਰੇ ‘ਚ ਕੋਈ ਭੂਤ ਹੈ’, ਮੈਂ ਹੱਸਦੀ ਹਾਂ ਤੇ ਸੋਚਦੀ ਹਾਂ, ਇਸ ਕਮਰੇ ’ਚ ਕਲਮ ਫੜੀ ਨਜ਼ਰ ਨਾ ਆਉਂਦਾ ਹੋਇਆ ਭੂਤ ਕੌਣ ਹੋ ਸਕਦਾ ਹੈ? ਸ਼ਾਇਦ ਮੇਰੇ ਅਚਨਚੇਤ ਮਨ ’ਚ ਬੈਠਾ ਹੋਇਆ ਮੇਰਾ ਆਪਣਾ ਆਪਾ ਭੂਤ ਜਾਂ ਮੇਰੀ ਅੰਦਰਲੀ ਰੂਹ ਜਾਂ ਮੇਰੀ ਆਪਣੀ ਉਹ ਤਿੱਖੀ ਅੱਖ-ਜੋ ਇਸ ਸੰਸਾਰ ’ਚ ਬਹੁਤ ਕੁਝ ਵੇਖਦੀ ਹੈ, ਬਹੁਤ ਕੁਝ ਵਿਚਾਰਦੀ ਹੈ, ਬਹੁਤ ਕੁਝ ਝੱਲਦੀ ਹੈ, ਬਹੁਤ ਕੁਝ ਸਹਾਰਦੀ ਹੈ ਅਤੇ ਉਸ ਸਾਰੇ ਦਾ ਕਾਰਨ ਲੱਭਦੀ ਮਾਨਸਿਕ ਤੌਰ ’ਤੇ ਸੋਚਣ ਲਈ ਮਜਬੂਰ-ਉਸ ਸਾਰੇ ਨੂੰ ਆਪਣੇ ਅੰਦਰ ਉਬਾਲਾ ਦਿੰਦੀ, ਕਲਮ ਰਾਹੀਂ, ਸ਼ਬਦਾਂ ਨੂੰ ਉਗਲ ਕੇ ਆਪਣਾ ਕਥਾਰਸਿਸ ਕਰ ਦਿੰਦੀ ਹੈ-ਤੇ ਦੁਬਾਰਾ ਜੁਗਾਲੀ ਤਿਆਰ ਰੱਖਦੀ ਹੈ।

ਮੈਂ ਜ਼ਿਆਦਾਤਰ ਤਨਹਾਈ ’ਚ ਰਹਿਣ ਤੇ ਤਨਹਾਈ ਹੰਢਾਉਣ ਦੀ ਆਦੀ ਹਾਂ। ਤਨਹਾਈ ਭਾਵੇਂ ਮੈਨੂੰ ਨਾ ਮਿਲੇ, ਪਰ ਜਦੋਂ ਮੈਂ ਲਿਖਦੀ ਹੋਵਾਂ ਤਾਂ ਚਾਹੁੰਦੀ ਹਾਂ-ਮੇਰੇ ਕਮਰੇ ’ਚ ਭਾਵੇਂ ਮੇਰੇ ਪਰਿਵਾਰ ਦੇ ਸਾਰੇ ਜੀਅ ਹੋਣ-ਮੈਨੂੰ ਕੋਈ ਨਾ ਬੁਲਾਵੇ-ਇਹੋ ਹਾਲਤ ਕਾਲਜ ਵਿੱਚ ਵੀ ਹੁੰਦੀ ਹੈ। ਭਾਵੇਂ ਸਟਾਫ ਰੂਮ ’ਚ ਸਾਰਾ ਸਟਾਫ਼ ਬੈਠਾ ਹੋਵੇ-ਮੈਂ ਲਿਖਣਾ ਹੋਵੇ ਤਾਂ ਲਿਖ ਲੈਂਦੀ ਹਾਂ। ਮੇਰੀ ਇਸ ਆਦਤ ਤੋਂ ਸਾਰੇ ਜਾਣੂੰ ਹਨ-ਜੇਕਰ ਮੈਨੂੰ ਉਹ ਬੁਲਾਉਣ ਵੀ ਤਾਂ ਮੈਂ ਹਾਂ- ਹੂੰ ਕਰਦੀ ਰਹਿੰਦੀ ਹਾਂ-ਮੈਨੂੰ ਉਦੋਂ ਕੁਝ ਨਹੀਂ ਪਤਾ ਲਗਦਾ ਕਿ ਉਹ ਕੀ ਕਹਿ ਰਹੀਆਂ ਨੇ ਕਿਉਂਕਿ ਲਿਖਣਾ ਮੇਰੇ ਲਈ ਸਹਿਜ ਹੈ-ਜ਼ਬਰਦਸਤੀ ਮੈਂ ਨਹੀਂ ਲਿਖ ਸਕਦੀ-ਮੇਰੇ ਕਮਰੇ ’ਚ ਪਾਤਰ ਖ਼ੁਦ-ਬ-ਖ਼ੁਦ ਮੇਰੇ ਸਾਹਮਣੇ ਹੱਸਦੇ, ਟਿੱਚਰਾਂ ਕਰਦੇ, ਗੱਲਾਂ ਕਰਦੇ ਵਾਕ ਵਿੱਚ ਛਾ ਜਾਂਦੇ ਹਨ ਤੇ ਮੇਰੇ ਲਈ ‘ਮੈਂ’ ਬਣ ਕੇ ਵਿਸਥਾਰ ਪਾ ਲੈਂਦੇ ਨੇ ਤੇ ਪਿੱਛੇ ਕਮਰੇ ’ਚ ਛੱਡ ਜਾਂਦੇ ਨੇ ਇਕ ਤੜਪਣ ਤੇ ਇਕ ਚੁੱਪ......।

✪

# ਮੈਂ ਅਤੇ ਮੇਰੀਆਂ ਕਹਾਣੀਆਂ

ਜਦੋਂ 'ਕਾਲੀ' ਨੇ ਕਿਹਾ ਕਿ ਤੁਸੀਂ 'ਮੈਂ ਤੇ ਮੇਰੀ ਕਹਾਣੀਆਂ' ਬਾਰੇ ਲਿਖੋ ਤਾਂ ਮੈਂ ਸ਼ਸੋਪੰਜ 'ਚ ਪੈ ਗਈ। ਕਿ ਮੈਂ ਆਪਣੀ ਕਹਾਣੀਆਂ ਬਾਰੇ ਲਿਖਾਂ ਜੋ ਇਹ ਪੰਜਾਬੀ ਸਾਹਿਤ ਜਗਤ ਮੇਰੇ ਬਾਰੇ ਸੋਚਦਾ ਹੈ, ਕਿੱਸੇ ਬਣਾਉਂਦਾ ਹੈ ਜਾਂ ਉਨ੍ਹਾਂ ਕਹਾਣੀਆਂ ਬਾਰੇ ਜੋ ਮੈਂ ਲਿਖੀਆਂ ਨੇ।

ਮੇਰੇ ਮੂੰਹ 'ਤੇ ਲੋਕ ਮੈਨੂੰ ਦਬੰਗ-ਮੂੰਹਫੱਟ, ਬੇਬਾਕ ਅਤੇ ਅਸ਼ਲੀਲ ਕਹਾਣੀਆਂ ਲਿਖਣ ਵਾਲੀ ਕਹਿ ਦਿੰਦੇ ਹਨ-ਪਰ ਕੀ ਮੈਂ ਇਸ ਤਰ੍ਹਾਂ ਦੀ ਹਾਂ-ਸੋਚ ਕੇ ਹੱਸਦੀ ਹਾਂ। ਪਰ ਮੈਨੂੰ ਏਨਾ ਜ਼ਰੂਰ ਇਲਮ ਹੈ ਕਿ ਕੋਈ ਵੀ ਮੇਰੇ ਸਾਹਮਣੇ ਗਲਤ ਗੱਲਾਂ ਕਹਿਣ ਦੀ ਜਾਂ ਮੈਨੂੰ ਭਟਕਾਉਣ ਦੀ ਜਾਂ ਛੇੜਨ ਦੀ ਹਿੰਮਤ ਨਹੀਂ ਕਰ ਸਕਦਾ-ਪਿੱਠ ਪਿੱਛੇ ਭਾਵੇਂ ਜੋ ਮਰਜ਼ੀ ਕਰਨ ਜਾਂ ਕਹਿਣ। ਸਾਹਮਣੇ ਆਉਣ ਦੀ ਉਨ੍ਹਾਂ ਦੀ ਹਿੰਮਤ ਨਹੀਂ।

ਮੈਂ ਇੱਥੇ ਆਪਣੀਆਂ ਕਹਾਣੀਆਂ ਅਤੇ ਕੁਝ ਆਪਣੇ ਅਹਿਸਾਸ ਜ਼ਰੂਰ ਲਿਖ ਰਹੀ ਹਾਂ।

ਜਦੋਂ ਮੇਰੀ ਨਵੀਂ ਕਹਾਣੀ 'ਧੱਕੇ ਨਾਲ' ਛਪ ਕੇ ਆਈ ਤਾਂ ਮੈਨੂੰ ਮੁਕਤਸਰ ਤੋਂ ਲੋਕਨਾਥ ਦਾ ਫੋਨ ਆਇਆ 'ਨਿਰਮਲ ਅੰਤ ਠੀਕ ਨਹੀਂ-ਤੇ ਆਪਣੇ ਪੁਰਾਣੇ ਮਿੱਤਰ ਬਾਰੇ ਜੋ ਲਿਖਿਆ ਹੈ, ਉਹ ਕੌਣ ਹੈ?' ਫੇਰ ਮੈਨੂੰ ਉਸੇ ਪੁਰਾਣੇ ਮਿੱਤਰ ਗਰੇਵਾਲ ਦਾ ਫੋਨ ਆਇਆ- 'ਇਹ ਮੇਰੇ ਬਾਰੇ ਕੀ ਲਿਖਿਆ-ਮੈਨੂੰ ਲੁਧਿਆਣਾ ਤੋਂ ਪਾਤਰ ਦਾ ਫੋਨ ਆਇਆ।' ਗਰੇਵਾਲ ਅਮਰੀਕਾ ਰਹਿੰਦਾ ਸੀ ਤੇ ਕਾਫੀ ਕਵੀ, ਲੇਖਕ ਉਸ ਕੋਲ ਠਹਿਰਿਆ ਕਰਦੇ ਸਨ।

ਮੈਂ ਬੜੀ ਹੈਰਾਨ ਹੋਈ-ਮੇਰੇ ਤਾਂ ਜ਼ਹਿਨ 'ਚ ਇਸ ਦੀ ਮੂਰਤ ਵੀ ਨਹੀਂ-ਕਾਫੀ ਅਰਸਾ ਹੋ ਗਿਆ। ਭੁਲ ਭੁਲਾ ਗਿਆ।

ਪਰ ਨਹੀਂ ਲੋਕ ਆਪਣੀਆਂ ਕਹਾਣੀਆਂ ਲੱਭਦੇ ਹਨ, ਕਈਆਂ ਦੀਆਂ ਕਹਾਣੀਆਂ ਲੱਭਦੇ ਹਨ।

ਮੈਂ 'ਕੱਲੀ' ਉੱਚੀ ਦੇਣੀ ਹੱਸਦੀ ਆਪਣੇ ਆਪ ਨੂੰ ਲੱਭਦੀ ਹਾਂ।

ਮੈਂ ਕੀ ਹਾਂ? ਇਸਦਾ ਇੰਨਾ ਫਰਕ ਨਹੀਂ ਪੈਂਦਾ ਪਰ ਮੇਰੀਆਂ ਕਹਾਣੀਆਂ ਕਿਹੋ ਜਿਹੀਆਂ ਨੇ, ਉਨ੍ਹਾਂ ਦਾ ਅਸਰ ਲੋਕਾਂ 'ਤੇ ਕਿਹੋ ਜਿਹਾ ਪੈਂਦਾ ਹੈ ਇਹ ਸੋਚਣ ਵਾਲੀ ਗੱਲ ਹੈ। ਵੈਸੇ ਇਹ ਲੋਕ ਕੌਣ ਨੇ? ਇਹ ਵੀ ਸੋਚਣ ਵਾਲੀ ਗੱਲ ਹੈ-ਕਿਉਂਕਿ ਇਨ੍ਹਾਂ ਲੋਕਾਂ ਨੇ ਹੀ ਮੈਨੂੰ ਕਹਾਣੀਆਂ ਦਿੱਤੀਆਂ ਨੇ-ਜਿਸ ਕਾਰਨ 'ਮੈਂ' ਦੀ ਅਹਿਮੀਅਤ ਹੁੰਦੀ ਹੈ। ਇਨ੍ਹਾਂ ਲੋਕਾਂ ਨੇ ਇਨ੍ਹਾਂ ਦੇ ਵਿਵਹਾਰ ਨੇ, ਇਨ੍ਹਾਂ ਦੀ ਸੋਚ ਨੇ, ਇਨ੍ਹਾਂ ਦੀਆਂ ਅੱਛਾਈਆਂ-ਬੁਰਾਈਆਂ, ਪਿਆਰ-ਮੁਹੱਬਤ, ਨਫ਼ਰਤ-ਕਮੀਨੇਪਨ ਨੇ ਹੀ ਮੈਨੂੰ ਕਹਾਣੀਆਂ ਦਿੱਤੀਆਂ ਤੇ ਮੈਨੂੰ ਮਜਬੂਰ ਕਰ ਦਿੱਤਾ ਮੈਂ ਇਨ੍ਹਾਂ ਦੇ ਵਿਵਹਾਰ-ਸੋਚ ਨੂੰ ਇਕ ਨਜ਼ਰੀਏ ਨਾਲ ਵੇਖਾਂ ਤੇ ਲਿਖਾਂ।

ਇਨ੍ਹਾਂ ਦੇ ਬਰੀਕ ਤੋਂ ਬਰੀਕ ਵਿਹਾਰ ਨੂੰ ਮੈਂ ਮਨੋਵਿਗਿਆਨੀ ਦੀ ਅੱਖ ਨਾਲ ਪਰਖਣ ਦੀ ਕੋਸ਼ਿਸ਼ ਕੀਤੀ ਤੇ ਜਿਨ੍ਹਾਂ ਨੇ ਕਹਾਣੀਆਂ ਦਾ ਰੂਪ ਧਾਰਨ ਕੀਤਾ।

ਮੇਰੀ ਕਹਾਣੀਆਂ 'ਚ extra marital relation ਦੀ ਭਰਮਾਰ ਹੈ। ਇਸਦਾ ਕਾਰਣ ਹੈ-ਵਿਆਹਿਆ ਮਰਦ ਦੂਜੀ ਔਰਤ 'ਤੇ ਛੇਤੀ ਅੱਖ ਰੱਖਦਾ ਹੈ। ਵੇਖੋ ਹੁਣ ਮੇਰੇ ਨਾਲ ਪ੍ਰੇਮ ਪ੍ਰਕਾਸ਼ ਇਸੇ ਗੱਲ 'ਤੇ ਲੜ ਪੈਣਗੇ 'ਕਿਉਂ ਵਿਆਹੀ-ਔਰਤ ਨਹੀਂ ਅੱਖ ਰੱਖਦੀ?' ਪਰ ਇਸ ਸਭ ਦਾ ਕਾਰਨ ਜ਼ਿਆਦਾਤਰ ਮਰਦ ਹੀ ਹੁੰਦੇ ਨੇ-ਮੈਂ ਅਕਸਰ ਪ੍ਰੇਮ ਪ੍ਰਕਾਸ਼ ਨੂੰ ਜਵਾਬ ਦਿੰਦੀ ਹਾਂ। ਮੇਰੀ ਕਹਾਣੀ 'ਖਿੰਡਿਆ ਆਦਮੀ' ਇਸੇ ਤਰ੍ਹਾਂ ਦੀ ਕਹਾਣੀ ਹੈ-ਪਰ ਜਦੋਂ ਵਿਆਹੇ ਪ੍ਰੋਫੈਸਰ ਨੂੰ ਅਣਵਿਆਹੀ ਪ੍ਰੋਫੈਸਰ ਕੁੜੀ ਸਮਝ ਜਾਂਦੀ ਹੈ ਤਾਂ ਬੜੇ ਲੋਕ ਮੈਨੂੰ ਪੁੱਛਦੇ ਸਨ ਕਿ ਇਸ ਤਰ੍ਹਾਂ ਕਿਉਂ? ਉਹ ਪ੍ਰੋਫੈਸਰ ਉਸ ਕੁੜੀ ਨਾਲ ਮੁਹੱਬਤ ਕਰਦਾ ਸੀ ਤੇ ਆਪਣੇ ਕੇਸ ਕਟਾ ਸਕਦਾ ਸੀ-ਧਰਮ ਬਦਲ ਕੇ ਦੂਜੇ ਵਿਆਹ ਲਈ। ਲੋਕ ਹਜ਼ਮ ਹੀ ਨਹੀਂ ਕਰ ਸਕੇ ਕਿ ਔਰਤ ਵੀ ਮਰਦ ਨੂੰ ਇਸ ਤਰ੍ਹਾਂ ਦੁਤਕਾਰ ਸਕਦੀ ਹੈ।

'ਅੱਧੀ ਕੰਧ' ਕਹਾਣੀ ਦੀ ਔਰਤ ਜਦੋਂ ਕਹਿੰਦੀ ਹੈ ਕਿ ਮੈਂ ਤੇਰੀ ਛੋਹ ਜੇ ਨਾ ਮੰਨ ਸਕਾਂ ਤਾਂ ਵੀ ਮਰਦ ਤੜਫਦਾ ਰਹਿ ਜਾਂਦਾ ਹੈ।

'ਸੰਨਾਟਾ' ਕਹਾਣੀ ਵਿੱਚ ਵੀ ਮਰਦ ਔਰਤ-ਦਰ ਔਰਤ ਬਦਲਦਾ ਹੈ ਪਰ ਉੱਥੇ ਔਰਤ ਵੀ ਇਕ ਦੋਸਤ ਨੂੰ ਛੱਡ ਦੂਜਾ ਦੋਸਤ ਬਣਾ ਕੇ ਵੀ ਸੰਤੁਸ਼ਟ ਨਹੀਂ। ਇਹ ਦੋਵੇਂ ਕਹਾਣੀਆਂ ਦਾ ਥੀਮ ਮੇਰੇ ਕਾਲਜ ਪੜ੍ਹਦੇ ਸਮੇਂ ਦੌਰਾਨ ਫੁੱਟਿਆ ਜਦੋਂ ਜੁਆਨ ਮੁੰਡੇ ਕੁੜੀਆਂ ਰੁਮਾਨੀ

ਸੰਸਾਰ ਤੇ ਰੋਮਾਂਸ ਵਿੱਚ ਘਿਰੇ ਰਹਿੰਦੇ ਹਨ, ਉਨ੍ਹਾਂ ਨੂੰ ਆਉਣ ਵਾਲੇ ਸਮੇਂ, ਊਚ-ਨੀਚ ਤੇ ਭਵਿੱਖ ਦੀ ਚਿੰਤਾ ਨਹੀਂ ਹੁੰਦੀ-ਉਹ ਤਾਂ ਬਸ ਉੱਡੇ ਫਿਰਦੇ ਨੇ-ਤੇ ਭਾਵੁਕ ਹੋਏ ਰਹਿੰਦੇ ਨੇ।

ਵੈਸੇ ਕਹਾਣੀਆਂ ਸਮਾਜ ਨੂੰ ਉਸਦਾ ਸ਼ੀਸ਼ਾ ਵਿਖਾਂਉਣ ਦਾ ਕਾਰਣ ਵੀ ਹੁੰਦੀਆਂ ਹਨ। ਇਹ ਕਾਰਣ ਸੰਵੇਦਨਸ਼ੀਲ ਮਨੁੱਖ ਹੀ ਬਣ ਸਕਦਾ ਹੈ ਤੇ ਉਹ ਕਾਰਣ-ਕਰਮ ਬਣ ਕੇ ਕਾਗ਼ਜ਼ ਦੇ ਫ਼ਲਕ ’ਤੇ ਉਤਰ ਆਉਂਦਾ ਹੈ। ਪਤਾ ਨੀ ਕਿਉਂ ਮੈਨੂੰ ਸਮਾਜ ਵਿੱਚ ਇਹੋ ਜਿਹੇ ਪਾਤਰ ਹੀ ਨਜ਼ਰ ਆਏ ਜਿਨ੍ਹਾਂ ਨੂੰ ਮੈਂ ਕਦੋਂ, ਕਿੱਥੇ ਤੇ ਕਿਵੇਂ ਦੇ ਘੇਰੇ ’ਚ ਲੈ ਸਕੀ ਹਾਂ ਉਹ ਭਾਵੇਂ ਮਰਦ ਹੋਵੇ ਜਾਂ ਤੀਵੀਂ। ਤੁਰਦੇ ਫਿਰਦੇ ਮੈਨੂੰ ਔਰਤ-ਮਰਦ ਦੋਵੇਂ ਧਿਰ ਇਕ ਦੂਜੇ ਨੂੰ ਪਿਆਰ-ਮੁਹੱਬਤ-ਨਫ਼ਰਤ ਤੇ ਬਰਾਬਰੀ ਤੌਰ ’ਤੇ ਹੀ ਨਜ਼ਰ ਆਏ ਹਨ, ਪਰ ਜ਼ਿਆਦਤੀ ਅਤੇ ਪਹਿਲ ਮੈਂ ਮਰਦਾਂ ਵੱਲੋਂ ਹੀ ਵੇਖੀ ਹੈ। ਕਿਰਿਆ ਪ੍ਰਤੀਕਿਰਿਆਂ Action ’ਤੇ reaction ਔਰਤ ਹੀ ਕਰਦੀ ਜਾਪੀ ਹੈ।

ਸ਼ਿਮਲਾ ਜਾਂਦੇ ਹੋਏ ਬਸ ’ਚ ਮੈਨੂੰ ਦਿੱਲੀ ਦੀ ਇਕ ਖ਼ੂਬਸੂਰਤ ਲੜਕੀ ਮਿਲੀ ਸੀ ਪਰ ਅਚਾਨਕ ਉਸਦੇ ਹਾਵ-ਭਾਵ ’ਚ ਮੈਨੂੰ ਪਤਾ ਚੱਲਿਆ ਕਿ ਉਹ ਤਾਂ ਲੜਕੀ ਹੈ ਨਹੀਂ-ਉਹ ਕਿੱਤੇ ਵਜੋਂ ਡਾਕਟਰ ਸੀ ਕੋਈ ਕਲਪਨਾ ਵੀ ਨਹੀਂ ਸੀ ਕਰ ਸਕਦਾ ਕਿ ਉਸ ਨਾਲ ਕੀ ਕੁਝ ਵਾਪਰਿਆ ਹੋਵੇਗਾ-ਉਹ ਗੱਲਾਂ-ਗੱਲਾਂ ’ਚ ਕੁਦਰਤ ਤੇ ਇਸ ਸੰਸਾਰ ਦੀਆਂ ਜ਼ਿਆਦਤੀਆਂ ਦੱਸ ਗਈ ਸੀ। ਉਸਦੇ ਇਸ ਸਭ ਦਾ ਦੀ ਪ੍ਰਤੀਕਿਰਿਆ ਮੈਂ ‘ਰੇਤਲਾ’ ਕਹਾਣੀ ’ਚ ਕੀਤੀ ਸੀ। ਮਰਦ ਕਿੰਨਾ ਕੁ ਪਰਵਰਟਿਡ ਹੋ ਸਕਦਾ ਇਹ ਉਸ ਯੂਨਕ ਕੁੜੀ ਵੱਲੋਂ ਜ਼ਾਹਿਰ ਸੀ। ਇਹ ਕਹਾਣੀ ਸਮਾਜ ਦਾ ਇਕ ਸੱਚ ਹੈ।

ਇਸੇ ਤਰ੍ਹਾਂ ਹੀ ਮੈਨੂੰ ਲੁਧਿਆਣੇ ਐਗਰੀਕਲਚਰਲ ਯੂਨੀਵਰਸਿਟੀ ਤੋਂ ਕਈ ਕਿੱਸੇ ਮਿਲੇ-ਮੈਂ ਆਪ ਵੀ ਲੁਧਿਆਣਾ ਦੀ ਹਾਂ ਤੇ ਸਰਕਾਰੀ ਕਾਲਜ ਲੁਧਿਆਣਾ ਤੋਂ ਪੜ੍ਹੀ ਹੋਣ ਕਾਰਨ ਉੱਥੋਂ ਦੀਆਂ ਕਈ ਕਹਾਣੀਆਂ ਜ਼ਹਿਨ ’ਚ ਹਨ। ਸਾਰਿਆਂ ਤੋਂ ਜ਼ਿਆਦਾ ਆਕਰਸ਼ਨ ‘ਰੇਤ ਦਾ ਰਿਸ਼ਤਾ’ ਕਹਾਣੀ ਦਾ ਹੈ। ਇਹ ਕਹਾਣੀ ਆਤਮਜੀਤ ਨਾਟਕਕਾਰ ਨੇ ਖ਼ੂਬ ਖੁੱਭ ਕੇ ਸੁਣੀ ਤੇ ਪੜ੍ਹੀ। ਹੈਰਾਨੀ ਦੀ ਗੱਲ ਇਹ ਹੈ ਕਿ ਉਸਨੇ ‘ਮੈਂ ਸਾਰੰਗੀ ਹਾਂ’ ਨਾਟਕ ਇਸੇ ਕਹਾਣੀ ਅਤੇ ਵਿਸ਼ੇ ਤੇ ਲਿਖਿਆ ਤੇ ਖੇਡਿਆ ਪਰ ਕਿਤੇ ਵੀ ਕਹਾਣੀ ਦਾ ਜ਼ਿਕਰ ਨਹੀਂ ਕੀਤਾ। ਬਾਅਦ ਵਿੱਚ ਪਤਾ ਚੱਲਿਆ ਕਿ ਇਹ ਨਾਟਕਕਾਰ ਇਸੇ ਤਰ੍ਹਾਂ ਕਰਦੇ ਹਨ-ਸਿਰ ਕਿਤੋਂ ਦਾ, ਧੜ ਕਿਤੋਂ ਦਾ ਤੇ ਬੰਦਾ ਬਣਾ ਕੇ ਸਟੇਜ ’ਤੇ ਖੜ੍ਹਾ ਕਰ ਦਿੰਦੇ ਨੇ। ਹੈ ਨਾ ਮੌਜਾਂ ਹੀ ਮੌਜਾਂ। ਇਸ ਕਹਾਣੀ ਨੂੰ ਨਾਟਕਕਾਰ ਲਵਲੀ ਤੇ ਸਾਹਿਬ ਸਿੰਘ ਲੈਣਾ ਚਾਹੁੰਦੇ ਸਨ ਪਰ ਉਨ੍ਹਾਂ ਕਿਹਾ ਇਸ ਕਹਾਣੀ ਦੇ ਥੀਮ ਨੂੰ ਬੱਡੇ ਨਾਟਕਕਾਰ ਖੇਡ ਚੁੱਕੇ ਹੋਣ…ਤੇ ਮੈਂ ਕਿਸ ਖੇਤ ਦੀ ਪੈਦਾਵਾਰ ਹਾਂ?

ਮੈਨੂੰ ਲੱਗਦਾ ਮੇਰਾ ਅਸਰ ਕਹਾਣੀਆਂ ’ਤੇ ਜ਼ਿਆਦਾ ਹੈ ਨਾ ਕਿ ਕਹਾਣੀਆਂ ਦਾ ਮੇਰੇ ’ਤੇ। ਇਸ਼ਕ-ਪਿਆਰ-ਮੁਹੱਬਤ ਮੇਰੇ ਲਈ ਜ਼ਿੰਦਗੀ ਦੇ ਟਾਨਿਕ ਨੇ। ਇਸੇ ਕਾਰਣ ਮੇਰੀਆਂ ਬਹੁਤੀਆਂ ਕਹਾਣੀਆਂ ਇਸੇ ’ਤੇ ਅਧਾਰਿਤ ਹਨ। ਕਹਾਣੀਆਂ ਵਾਂਗ ਮੈਂ ਵੀ ਮਸਤ ਤੇ ਮੌਜੀ ਹਾਂ। ਮੇਰੀਆਂ ਕਹਾਣੀਆਂ ’ਚ ਔਰਤਾਂ ਦਲੇਰ ਹਨ, ਰੋਂਦੀਆਂ ਨਹੀਂ। ਜੇ ਰੋਵੇਗੀ ਵੀ ਤਾਂ ਅਗਲੇ ਛਿਣ ਉਹ ਫੇਰ ਸੰਘਰਸ਼ ਲਈ ਤਿਆਰ ਹੋਵੇਗੀ ਤੇ ਖਿੜ-ਖਿੜ ਕਰਦੀ ਹੋਵੇਗੀ।

‘ਪਾਰਦਰਸ਼ੀ’ ਕਹਾਣੀ ਵਿੱਚ ਜਦੋਂ ਮੈਂ ਔਰਤ ਨੂੰ ਦੋ ਮਰਦਾਂ ਵਿੱਚ ਕਸ਼ਮਕਸ਼ ਦੀ ਸਥਿਤੀ ’ਚ ਵਿਖਾਇਆ ਸੀ ਤਾਂ ਮੈਂ ਕੋਈ ਪਰਵਾਹ ਨਹੀਂ ਕੀਤੀ ਸੀ ਕਿ ਲੋਕ ਮੈਨੂੰ ਕੀ ਕਹਿਣਗੇ ਕਿਉਂਕਿ ਮੈਂ ਤਾਂ ਸਮਾਜ ਵਿੱਚੋਂ ਹੀ ਉਹ ਪਾਤਰ ਲਏ ਸਨ। ਐਨੀ ਪਰਵਾਹ ਨਹੀਂ ਕਰਦੀ। ਪਰ ਉਦੋਂ ਬੜਾ ਗੁੱਸਾ ਆਉਂਦਾ ਹੈ ਜਦੋਂ ਲੋਕ ਦੋਸਤ ਬਣ ਕੇ ਅਫਵਾਹ ਫੈਲਾਉਣ ਜਾਂ ਨੁਕਸਾਨ ਕਰਨਾ ਚਾਹੁਣ।

ਮੈਂ ਇਕ ਇਕੱਲੀ ਔਰਤ ਹਾਂ ਇਸਦਾ ਅਹਿਸਾਸ ਮੱਲੋ-ਮੱਲੀ ਦੋਸਤ-ਮਿੱਤਰ ਕਰਵਾਉਣਗੇ, ਜਿਵੇਂ ਮੈਂ ਗੋਸ਼ਤ ਦਾ ਟੁਕੜਾ ਹੋਵਾਂ-ਹੈ ਨਾ ਇਹ ਮੂਰਖ ਲੋਕ? ਜਿਵੇਂ ਮੈਨੂੰ ਤਾਂ ਪਤਾ ਹੀ ਨਹੀਂ ਕਿ ਮੈਂ ਕੀ ਹਾਂ? ਪਤਾ ਨੀ ਕਿਸ-ਕਿਸ ਨਾਲ ਮੇਰਾ ਸੰਬੰਧ ਜੋੜਦੇ ਫਿਰਨਗੇ। ਜਦੋਂ ਕਿ ਉਨ੍ਹਾਂ ਨਾਲ ਮੇਰਾ ਦੂਰ-ਦੂਰ ਤੱਕ ਕੋਈ ਤਾਲੁਕ ਹੀ ਨਹੀਂ ਹੁੰਦਾ। ਮੈਂ ਆਪਣੀਆਂ ਕਹਾਣੀਆਂ ’ਚ ਇਸੇ ਕਰਕੇ ਔਰਤ ਨੂੰ ਬੋਲਡ ਤੇ ਮੂੰਹਫਟ ਪੇਸ਼ ਕੀਤਾ ਹੈ ਤਾਂ ਜੋ ਉਸ ਤਰ੍ਹਾਂ ਦੇ ਮਰਦ ਆਪਣੀ ਔਕਾਤ ਅਤੇ ਦਾਇਰੇ ’ਚ ਹੀ ਰਹਿਣ।

ਮਜ਼ੇਦਾਰ ਗੱਲ ਇਹੋ ਹੈ ਕਿ ਕਈ ਲੋਕ ਆਪਣੀ ਕਹਾਣੀ ਦੱਸਣ ’ਤੇ ਜਾਂ ਗੱਲਾਂ ਕਰਨ ਲਈ ਡਰਦੇ ਵੀ ਰਹਿਣਗੇ ਕਿ ਕਿਤੇ ਮੇਰੇ ਬਾਰੇ ਕਹਾਣੀ ਨਾ ਲਿਖ ਦੇਵੇ।

ਇੰਗਲੈਂਡ ਦਾ ਇਕ ਬਜ਼ੁਰਗ ਅਸੀਂ ਉਹਨੂੰ ਰਾਜੀ ਬਾਬਾ ਕਹਿੰਦੇ ਹਾਂ, ਸਾਡਾ ਪਰਿਵਾਰਕ ਮਿੱਤਰ ਹੈ-ਉਹ ਮੈਨੂੰ ਔਰਤਾਂ ਦੀਆਂ ਬੜੀਆਂ ਗੱਲਾਂ ਸੁਣਾਂਦਾ ਹੁੰਦਾ ਸੀ-ਹਰ ਵਾਰ ਉਸ ਕਹਿਣਾ-ਉਹ ਮੇਰੇ ਖਹਿੜੇ ਪੈ ਗਈ। ਉਹ ਮੈਨੂੰ ਇਹ ਡਿਮਾਂਡ ਕਰ ਰਹੀ ਸੀ, ਉਹ ਮੰਗ ਰਹੀ ਸੀ, ਮੈਥੋਂ ‘ਧੱਕੇ ਨਾਲ’ ਹੀ ਚੀਜ਼ਾਂ ਮੰਗਦੀਆਂ ਸਨ। ਮਹਾਂ ਕੰਜੂਸ ਬੰਦਾ ਤੇ ਇਸ ’ਤੇ ਧੱਕਾ? ਉਸ ਗਿਲਾ ਕੀਤਾ “ਮੈਂ ਤੁਹਾਨੂੰ 27 ਸੈਕਟਰ ’ਚ ਕਵੀ ਦਰਬਾਰ ’ਚ ਮਿਲਦੀਆਂ ਔਰਤਾਂ ਦੀਆ ਗੱਲਾਂ ਦੱਸੀਆਂ ਸਨ, ਤੁਸਾਂ ਤਾਂ ਕਹਾਣੀ ਹੀ ਲਿਖ ਲਈ।”

ਕਈ ਲੋਕ ਤਾਂ ਕਹਾਣੀ ਪੜ੍ਹ ਕੇ ਸੋਚਣਗੇ ਕਿ ਨਿਰਮਲ ਦੀ ਆਪਣੀ ਕਹਾਣੀ ਹੈ-ਮੈਨੂੰ ਅਜੀਬ ਨਜ਼ਰਾਂ ਨਾਲ ਵੇਖਣਗੇ। 'ਰੇਤ ਦਾ ਰਿਸ਼ਤਾ' ਜਦੋਂ ਕਹਾਣੀ ਆਈ ਸੀ ਤਾਂ ਆਲੋਚਕ ਹੀ ਮੈਨੂੰ ਲੈਸਬੀਅਨਾ ਬਾਰੇ ਗਹਿਰਾਈ ਨਾਲ ਪੁੱਛਣ ਲੱਗਦੇ ਸਨ। ਇੱਥੋਂ ਤੱਕ ਹੱਸਦੇ ਹੋਏ ਮੈਨੂੰ ਹੀ ਕਹਿ ਦਿੰਦੇ ਸਨ-ਮੈਂ ਵੀ ਹੱਸਦੀ ਬਹੁਤਾ ਤੂਲ ਨਹੀਂ ਸੀ ਦਿੰਦੀ।

ਬੁੜਿਆ ਦੀਆਂ ਬੜੀਆਂ ਅਜੀਬ-ਅਜੀਬ ਘਟਨਾਵਾਂ ਤੇ ਗੱਲਾਂ ਨੇ। ਮੈਂ ਜੀਵਨ ਦੇ ਰਸ ਨੂੰ ਫੌਜੀ ਕਰਨਲਾਂ ਦੇ ਵਿਵਹਾਰ ਨੂੰ ਵੇਖ ਕੇ ਕਾਕਟੇਲ ਕਹਾਣੀ ਲਿਖੀ ਸੀ। ਇਸ 'ਚ ਵੀ ਲੋਕ ਬੁੜੇ ਦੀ ਮਦਦ ਕਰਦੀ ਕੁੜੀ ਨੂੰ ਮੇਰੇ 'ਚ ਲੱਭਦੇ ਸਨ। ਵੈਸੇ ਹਰ ਕਹਾਣੀ 'ਚ 'ਮੈਂ' ਵੀ ਅਤੇ ਲੇਖਕ ਤਾਂ ਹੁੰਦਾ ਹੀ ਹੈ।

ਵੈਸੇ ਕਹਾਣੀ ਤਾਂ ਹਰ ਸਟੈਪ 'ਤੇ ਮੇਰੇ ਨਾਲ ਹੁੰਦੀ ਹੀ ਨਹੀਂ ਸਗੋਂ ਨਾਲ-ਨਾਲ ਤੁਰਦੀ ਹੈ। ਜੇ ਸ਼ਾਮ ਸਿੰਘ ਜੀ ਕਹਿਣ ਬਈ ਮੇਰੇ ਪਰਚੇ ਲਈ ਕੁਝ ਲਿਖ ਕੇ ਦੇਵੋ। ਜਿਵੇਂ ਉਹ ਮੋਹਨ ਭੰਡਾਰੀ ਜੀ ਤੁਸਾਂ ਨੂੰ ਕੁਝ ਕਹਿੰਦੇ ਹੋਣ ਜਾਂ ਫਲਾਣਾ ਲੇਖਕ। ਜਾਂ ਗੁਰਬਚਨ ਜੀ ਕਹਿਣ 'ਨਿਰਮਲ ਤੁਹਾਡੇ ਜੀਵਨ 'ਚ ਕੋਈ ਬੰਦਾ ਆਇਆ ਹੋਵੇ ਜਿਸ ਨੇ ਤੁਹਾਡੇ ਨਾਲ ਬਦਤਮੀਜੀ ਕੀਤੀ ਹੋਵੇ ਵਗੈਰਾ-ਵਗੈਰਾ। ਤਾਂ ਵੇਖੋ ਮੇਰੇ ਨਾਲ-ਨਾਲ ਕਹਾਣੀ ਤਾਂ ਤੁਰਦੀ ਹੀ ਹੈ ਨਾ।

ਮੁਆਫ ਕਰਨਾ ਮਰਦਾਂ ਦੀ ਫਿਤਰਤ ਔਰਤ 'ਚ ਔਰਤ ਨੂੰ ਤਲਾਸ਼ ਕਰਨਾ ਨਹੀਂ 'ਕਾਮ' ਤਲਾਸ਼ ਕਰਨਾ ਹੈ। ਜੇ ਮੈਂ ਸੋਚਾਂ ਬਈ ਮਹਿਫ਼ਲ 'ਚ ਬੈਠੇ ਇਹ ਲੋਕ ਸ਼ਾਇਦ ਮੇਰੇ ਕਰਕੇ ਪੈੱਗ ਨਹੀਂ ਲਾਉਣਗੇ ਤੇ ਮੈਂ ਭਾਵੇਂ ਉਨ੍ਹਾਂ ਨਾਲ ਬੈਠ ਪਾਣੀ ਹੀ ਸਿੱਪ ਕਰਾਂ, ਪਰ ਉਨ੍ਹਾਂ ਲਈ ਮੈਂ ਬੋਲਡ ਹੀ ਨਹੀਂ ਸਗੋਂ ਜੁਅਰਤ ਵਾਲੀ ਹੋ ਗਈ।

ਤੇ ਫੇਰ ਮੁਆਫ ਕਰਨਾ ਭਾਵੇਂ ਲੇਖਿਕਾਵਾਂ ਮਰਦ ਲੇਖਕਾਂ 'ਚ ਬੈਠ ਕੇ ਆਪਣੀਆਂ ਕਹਾਣੀਆਂ ਜਾਂ ਕਵਿਤਾਵਾਂ ਦੇ ਚਸਕੇ ਲੈਣ, ਤਾਰੀਫਾਂ ਦੇ ਪੁਲ ਬਟੋਰਨ, ਪਰ ਨਿਰਮਲ ਨੇ ਤਾਂ ਮਰਦਾਂ ਨਾਲ ਬੈਠ ਪੈੱਗ ਲਾ ਲਿਆ ਇਹ ਨਹੀਂ ਜਰ ਸਕਨਾ-ਕਹਾਣੀ ਤਾਂ ਹਰ ਥਾਂ 'ਤੇ ਹੁੰਦੀ ਹੈ-ਕਦਮ-ਦਰ-ਕਦਮ ਤੁਰਦੀ ਹੈ। ਕਹਾਣੀ ਤਾਂ ਉਦੋਂ ਵੀ ਬਣਦੀ ਹੈ ਜਦੋਂ ਕੋਈ ਲੇਖਿਕਾ ਕਿਸੇ ਮਰਦ ਲੇਖਕ ਨਾਲ ਉਸਦੀ ਕਾਰ 'ਚ 4-5 ਘੰਟਿਆਂ ਦਾ ਸਫ਼ਰ ਇਕੱਲਿਆਂ ਕੱਟਦੀ ਹੈ, ਪਰ ਨਿਰਮਲ ਜੇ ਪੈੱਗ ਲਾਉਂਦੇ ਲੇਖਕ ਗਰੁੱਪ 'ਚ ਬੈਠੀ ਵੀ ਹੈ ਤਾਂ ਉਨ੍ਹਾਂ ਦੇ ਫੋਨ ਖੜਕ ਜਾਣਗੇ-ਹੈ ਨਾ ਇਹ ਕਹਾਣੀ?

ਕਈ ਵਾਰ ਮੇਰੀਆਂ ਕਹਾਣੀਆਂ 'ਚ ਤੜਕਾ ਲਾਉਣ ਵਾਲਾ ਕੰਮ ਮੇਰੇ ਦੋਸਤ ਮਿੱਤਰ ਜਾਂ ਵੈੱਲਵਿਸ਼ਰ ਵੀ ਕਰਦੇ ਨੇ। ਇਹ ਕਹਾਣੀ ਸੀ 'ਚੂਹਾ' (ਟਪੂਸੀਆਂ ਵਾਲਾ) ਉਸ ਦੀ ਸ਼ੁਰੂਆਤ ਵਿੱਚ ਇਕ ਵਾਕ ਸੀ ਕਿ 'ਹੁਣ ਤੱਕ ਤਾਂ ਉਸਨੇ ਕਬਾਬ 'ਚ ਹੱਡੀ ਨੂੰ ਵਗਾਹ ਮਾਰਨਾ ਸੀ।' ਪਰ ਸੁਸ਼ੀਲ ਦੁਸਾਂਝ ਕਹਿੰਦੇ - ਨਹੀਂ ਇਸ ਤਰ੍ਹਾਂ ਲਿਖ ਦੇਵੋ ਕਿ ਉਸਨੇ ਹੁਣ ਤੱਕ ਤਾਂ ਸੁਥਣ ਵਗਾਹ ਮਾਰਨੀ ਸੀ-ਸਨਸਨੀ ਫੈਲ ਗਈ ਚੂਹਾ ਕਮਾਲ ਦਾ ਹੋ ਗਿਆ ਤੇ ਖੂਬ ਚਰਚਾ ਹੋਈ ਤੜਕਾ ਜੋ ਚੰਗਾ ਲੱਗਿਆ ਸੀ। ਸੁਖਵੰਤ ਮਾਨ ਮੇਰੇ ਗਲ ਪੈਣ, ਤੂੰ ਕਹਾਣੀ ਦਾ ਨਾਂਅ ਚੋਰੀ ਕੀਤਾ-ਮੈਂ ਹੁਣ ਇਸ ਕਹਾਣੀ ਦਾ ਨਾਂ ਉਹ ਇਕ ਚੂਹਾ ਰੱਖਤਾ ਮੈਂ ਡਰ ਜੁ ਗਈ।

ਵੈਸੇ ਕਈ ਵਾਰ ਨਾਂਅ ਵਗੈਰਾ ਦਾ ਨਹੀਂ ਜੇ ਪਤਾ ਹੁੰਦਾ ਤੇ ਕਈ ਵਾਰ ਵਿਸ਼ੇ ਤੱਕ ਚੋਰੀ ਹੋ ਜਾਂਦੇ ਨੇ। ਇਕ ਮੇਰਾ ਐਕਸ ਮਿੱਤਰ ਦੱਸਦਾ ਹੁੰਦਾ ਸੀ ਬਈ ਮੈਂ ਅਣਖੀ ਨੂੰ ਦੱਸਿਆ ਸੀ ਕਿ ਮੈਂ ਇਸ ਵਿਸ਼ੇ 'ਤੇ ਕਹਾਣੀ ਲਿਖਣੀ ਹੈ-ਪਰ ਉਸਨੇ ਮੇਰੀ ਕਹਾਣੀ ਲਿਖਣ ਤੋਂ ਪਹਿਲਾਂ ਹੀ ਮੇਰੇ ਸੁਣਾਏ ਹੋਏ ਵਿਸ਼ੇ 'ਤੇ ਕਹਾਣੀ ਲਿਖ ਕੇ ਛਪਵਾ ਵੀ ਦਿੱਤੀ ਸੀ। ਮੇਰੀ ਗਲੇਸ਼ੀਅਰ ਕਹਾਣੀ ਦਾ ਨਾਂ ਵੀ ਕਿਸੇ ਹੋਰ ਦੀ ਕਹਾਣੀ ਦਾ ਨਾਂਅ ਹੈ।

'ਰੇਤ ਦੇ ਰਿਸ਼ਤੇ' ਦੀ ਮੇਰੀ 'ਰੇਤ' ਕਈ ਥਾਂ 'ਤੇ ਖਿੰਡੀ। ਅਟਵਾਲ ਦਾ ਨਾਵਲ 'ਰੇਤ' ਬੜਾ ਚੜ੍ਹਿਆ। ਰੇਤ ਦੀ ਕੰਧ, ਕਿਸੇ ਦੀ ਕਹਾਣੀ ਸੀ 'ਗੰਧ' ਰਸੂਲਪੁਰੀ ਦੀ ਵੀ ਕਹਾਣੀ ਹੈ।

ਕਹਾਣੀਆਂ ਤਾਂ ਬਹੁਤ ਨੇ- ਕੋਈ ਲੇਡੀ ਮਰਦਾ 'ਚ ਖੁੱਲ੍ਹ ਜਾਵੇ ਜਾਂ ਜਵਾਬ ਦੇਣ ਲੱਗ ਪਏ ਤਾਂ ਮਰਦ ਤਾਂਹ-ਠਾਂਹ ਝਾਕਦੇ ਬੋਲਡ, ਦਬੰਗ ਤੇ ਬਦਤਮੀਜ਼ ਕਹਿਣ ਲੱਗ ਪੈਣਗੇ। ਆਪਣਾ ਆਪ ਭੁੱਲ ਜਾਣਗੇ। ਮੈਂ ਤਾਂ ਦੇਸ਼-ਵਿਦੇਸ਼ ਘੁੰਮੀ ਹਾਂ ਤੇ ਥਾਂ-ਥਾਂ ਤੋਂ ਮੈਨੂੰ ਕਹਾਣੀਆਂ ਲੱਭੀਆਂ ਨੇ। ਕਈ ਕਹਾਣੀਆਂ ਤਾਂ ਗਲ਼ ਹੀ ਪੈ ਜਾਂਦੀਆਂ ਹਨ। ਦੋਸਤ ਬਣ ਕੇ ਕਈ ਤਾਂ ਚੁਗਲੀ ਕਰਨ ਝੂਠੀ ਅਫਵਾਹਾਂ ਫੈਲਾਣ 'ਚ ਵੀ ਕਸਰ ਨਹੀਂ ਛੱਡਦੇ। ਕੀ ਇਹ ਕਹਾਣੀਆਂ ਨਹੀਂ? ਜੇਕਰ ਕੁਝ ਕਹਾਣੀਆਂ ਇਨ੍ਹਾਂ ਵਰਗੇ ਦੋਸਤਾਂ ਦਾ ਪਰਦਾ ਫਾਸ਼ ਕਰਦੀਆਂ ਨੇ ਤਾਂ ਚੰਗਾਂ ਕੰਮ ਹੀ ਕਰਦੀਆਂ ਨੇ-ਸਮਾਜ ਨੂੰ ਉਸਦਾ ਚਿਹਰਾ ਤਾਂ ਵਿਖਾਉਂਦੀਆਂ ਹੀ ਹਨ।

ਕੁਝ ਐਸੇ ਆਲੋਚਕ ਨੇ ਜਿਨ੍ਹਾਂ ਨੇ ਦੋਸਤੀ ਕੀਤੀ ਤਾਂ ਸਾਥ ਨਿਭਾਇਆ। ਕੁਝ ਐਸੇ ਕਹਾਣੀਕਾਰ ਹੋਏ ਨੇ ਜਿਨ੍ਹਾਂ ਆਪਣੀਆਂ ਕਬਰਾਂ ਤਾਂ ਪੁੱਟੀਆਂ ਹੀ ਹਨ ਨਾਲ ਦੋਸਤਾਂ ਦੀਆਂ ਕਬਰਾਂ ਪਹਿਲਾਂ ਤਿਆਰ ਰੱਖੀਆਂ ਨੇ ਤੇ ਕੁਝ ਐਸੇ ਕਵੀ ਨੇ ਜਿਨ੍ਹਾਂ ਨੇ ਆਪਣੀ ਗੁੱਡੀ

ਤਾਂ ਚੜ੍ਹਾਈ ਹੀ ਹੈ ਨਾਲ ਆਪਣੇ ਦੋਸਤਾਂ-ਪਿਆਰਿਆਂ ਦੀ ਗੁੱਡੀ ਵੀ ਨਾਲ ਹੀ ਚੜ੍ਹਾਈ ਹੈ। ਈਰਖਾ, ਬਦਲੇ ਦੀ ਭਾਵਨਾ, ਪਿਆਰ ਇਹ ਸਭ ਸੰਸਾਰ ਦੇ ਨਾਲ-ਨਾਲ ਚੱਲਦਾ ਕਹਾਣੀਆਂ ਦੀ ਉਸਾਰੀ ਕਰਦਾ ਚਲਦਾ ਹੈ। ਕਹਾਣੀਆਂ ਮਿਲਣ, ਚੂਹਾ, ਮੱਛੀਆਂ, ਸੰਨਾਟਾ, ਪਾਰਦਰਸ਼ੀ, ਕਾਕਟੇਲ, ਗਾਰਸਾ, ਨੀਲੀਆਂ ਧਾਰੀਆਂ ਵਾਲਾ ਰੁਮਾਲ, ਧੱਕੇ ਨਾਲ (ਇਕ ਲੰਮੀ ਉਦਾਸੀ) ਇਹੋ ਜਿਹੀਆਂ ਹੀ ਕਹਾਣੀਆਂ ਹਨ- ਜਿਸ ਵਿੱਚ ਮੈਂ ਦੋਹਾਂ ਧਿਰਾਂ ਮਰਦ ਤੇ ਔਰਤ ਦਾ ਚਿਹਰਾ ਸਮਾਜ ਮੂਹਰੇ ਲਿਆਈ ਹਾਂ।

ਮੈਂ ਇਹ ਮੰਨ ਕੇ ਚੱਲਦੀ ਹਾਂ ਕਿ ਹਰ ਕਹਾਣੀ 'ਚ 'ਮੈਂ' ਹਾਂ ਕਿਉਂਕਿ ਜੇ ਮੈਂ ਇਨ੍ਹਾਂ ਕਹਾਣੀਆਂ ਨੂੰ ਆਪ ਨਾ ਹੰਢਾਵਾਂ ਤਾਂ ਕਹਾਣੀ ਨਾਲ ਨਿਆਂ ਨਹੀਂ ਕਰ ਸਕਦੀ। ਮੈਂ ਸਟੇਜ ਦੇ ਪਾਤਰ ਵਾਂਗ ਹਰ ਰੋਲ ਨੂੰ ਕਰਨ ਲਈ ਉਸ 'ਚ ਖੁੱਭ ਕੇ ਕਹਾਣੀ ਲਿਖਦੀ ਹਾਂ-ਭਾਵੇਂ ਪਾਤਰ ਕਾਲਪਨਿਕ ਹੀ ਹੋਣ। ਅਮੀਨ।

✪

# ਅਸਲੀ ਨਾਰੀ-ਪਾਤਰ

ਅੰਗ੍ਰੇਜ਼ੀ ਦੀ ਇਕ ਕਹਾਣੀ ਹੈ, ਜਿਸ ਵਿਚ ਲੇਖਕ ਆਪਣੇ ਦੋਸਤਾਂ ਨੂੰ ਦੀਵਾਰ ’ਤੇ ਉਕਰੀਆਂ ਰੇਖਾਵਾਂ ਦੀਆਂ ਤਸਵੀਰਾਂ ਵਿਚ ਭੂਤ-ਪ੍ਰੇਤਾਂ ਦੀਆਂ ਸੱਚੀ-ਮੁੱਚੀ ਘਟਨਾਵਾਂ ਦੱਸ ਕੇ ਕਹਾਣੀ ਸੁਣਾਂਦਾ ਹੈ। ਜਦੋਂ ਉਹ ਸਾਰੇ ਉਸਦੀ ਕਹਾਣੀ ਸੁਣਦੇ ਹੋਏ ਸੁੰਨ ਜਿਹੇ ਹੋ ਜਾਂਦੇ ਨੇ, ਤਾਂ ਅਚਾਨਕ ਲੇਖਕ ਇਹ ਕਹਿ ਕੇ ਉਥੋਂ ਦੌੜ ਪੈਂਦਾ ਹੈ ਕਿ ਇਹ ਕਹਾਣੀ ਕਾਲਪਨਿਕ ਹੈ ਤੇ ਇਹ ਮੈਂ ਹੁਣੇ-ਹੁਣੇ ਹੀ ਘੜ ਕੇ ਸੁਣਾਈ ਹੈ।

ਪ੍ਰੇਮ ਪ੍ਰਕਾਸ਼ ਵੀ ਕਹਿੰਦੇ ਨੇ ਕਿ ਮੇਰੇ ਇਸਤਰੀ ਪਾਤਰ ਕਾਲਪਨਿਕ ਹੁੰਦੇ ਨੇ। ਮਿਸਾਲ ਵਜੋਂ ‘ਡੈਡ ਲਾਈਨ’ ਕਹਾਣੀ, ਜਿਸ ਵਿਚ ਪਾਤਰਾਂ ਨਾਲ ਜੋ ਘਟਨਾਵਾਂ ਘਟਦੀਆਂ ਨੇ, ਉਹ ਸਚਮੁੱਚ ਦੀਆਂ ਜਾਪਦੀਆਂ ਨੇ, ਪਰ ਪ੍ਰੇਮ ਪ੍ਰਕਾਸ਼ ਇਸਨੂੰ ‘ਕਲਪਨਾ ਦੀ ਉਪਜ’ ਦੱਸ ਕੇ ਪਾਠਕਾਂ ਨੂੰ ਚੌਂਕਾ ਦਿੰਦਾ ਹੈ।

ਪਰ ਮੈਂ ਇੱਥੇ ਠੋਕ-ਵਜਾ ਕੇ ਕਹਿ ਸਕਦੀ ਹਾਂ ਕਿ ਮੇਰੇ ਇਸਤ੍ਰੀ ਪਾਤਰ ਕਾਲਪਨਿਕ ਨਹੀਂ, ਇਹ ਪਾਤਰ ਇਸੇ ਸਮਾਜ ਦੀ ਉਪਜ ਨੇ, ਇਸੇ ਸਮਾਜ ’ਚ ਵਿਚਰ ਰਹੇ ਹਨ। ਇਕ ਦੂਜੇ ਨੂੰ ਖਿੱਚ-ਧੂਅ ਰਹੇ ਹਨ ਤੇ ਜੀਵਨ ਹੰਢਾ ਰਹੇ ਹਨ।

ਵੇਖਿਆ ਜਾਵੇ ਤਾਂ ਸੰਸਾਰ ’ਚ ਦੋ ਹੀ ਸਮੱਸਿਆਵਾਂ ਮੁੱਖ ਹਨ ਅਰਥ ਤੇ ਕਾਮ—ਇਨ੍ਹਾਂ ਦੋਹਾਂ ਨੀਹਾਂ ’ਤੇ ਸਾਰਾ ਸੰਸਾਰ ਘੁੰਮ ਰਿਹਾ ਹੈ। ਇਹ ਇਲਜ਼ਾਮ ਹੈ ਕਿ ਨਿਰਮਲ ਜਸਵਾਲ ਦੀਆਂ ਕਹਾਣੀਆਂ ਦੀਆਂ ਕਾਮ-ਪੀੜਤ ਔਰਤਾਂ—ਆਮ ਔਰਤਾਂ ਨਾਲੋਂ ਵੱਖਰੀਆਂ ਹਨ। ਜੀ ਨਹੀਂ! ਮੇਰੀ ਔਰਤ ਪਾਤਰ, ਜਿਸ ਸਮਾਜ ਦੇ ਪਹਿਲੂ ਨੂੰ ਦਰਸਾ ਰਹੀ ਹੁੰਦੀ ਏ, ਉਹ ਉਸੇ ਤਰ੍ਹਾਂ ਦੀ ਮਾਨਸਿਕਤਾ ਨੂੰ ਭੋਗਦੀ ਹੋਈ ਕਹਾਣੀ ਨੂੰ ਉਸਾਰ ਰਹੀ ਹੁੰਦੀ ਹੈ। ਮੇਰੀ ਔਰਤ ਪਾਤਰ ਆਰਥਿਕ ਪੱਖ ਤੋਂ ਰੱਜੀ-ਪੁੱਜੀ ਕਲਾਸ ਦੀਆਂ ਔਰਤਾਂ ਹਨ।

* * *

ਇਕ ਸਮੁੰਦਰ ਪਾਰ ਤੋਂ ਲੇਡੀ ਹਾਸ਼ਿਮ ਆਉਂਦੀ ਹੈ, ਮਰਦਾਂ ਵਾਂਗ ਹੱਸਦੀ ਹੈ। ਸਾਲ ’ਚ ਇਕ ਅੱਧ ਵਾਰ ਭਾਰਤ ਘੁੰਮਦੀ ਹੈ—ਕਈ ਮੀਲਾਂ ਲੰਮੀ ਰਾਤ ਵਰਗੀ ਉਮਰ ਲੰਘ ਗਈ ਹੈ। ਪਿਆਰ-ਦਰ-ਪਿਆਰ ਦੇ ਸਫ਼ਰ ਤੋਂ ਬਾਅਦ ਵੀ ਹਮਸਫ਼ਰ ਦੀ ਤਲਾਸ਼ ਜਾਰੀ ਹੈ। ਇਸ ਤਲਾਸ਼ ’ਚ ਕਈਆਂ ਨੂੰ ਉਹ ਠੋਕਰ ਮਾਰ ਚੁੱਕੀ ਹੈ, ਕਈ ਉਸਦੇ ਆਲੇ-ਦੁਆਲੇ ਤਾਂ ਘੁੰਮਦੇ ਨੇ, ਪਰ ਘਰ ਦੀ ਰੌਣਕ ਲਈ ਕਬੂਤਰ ਵਾਂਗ ਗੁਟਰਕੂੰ ਕਰਦੇ ਅੱਖਾਂ ਮੀਟ ਲੈਂਦੇ ਨੇ। ਇਹ ਲੇਡੀ ਹਾਸ਼ਿਮ ਹੱਸਦੀ ਹੋਈ ਫੇਰ ਉਸ ਸਮੁੰਦਰ ਪਾਰ ਚਲੀ ਜਾਂਦੀ ਹੈ—ਇਹ ਕਿਸ ਸਮਾਜ ਦੀ ਨਾਰੀ ਹੈ?

ਸੱਤ ਸਮੁੰਦਰੋਂ ਪਾਰ ਇਕ ਔਰਤ ਆਉਂਦੀ ਹੈ ਸੁਨੱਖੀ ਜਿਹੀ—ਸਾਹਿਤ ਨਾਲ ਜੁੜੀ ਹੋਈ ਹੈ। ਪਤੀ ਹੈ, ਬੱਚੇ ਨੇ, ਸਮਾਜ ਤੋਂ ਜਾਂ ਕਹਿ ਲਵੋ ਪਤੀ ਤੋਂ ਡਰਦੀ ਹੈ, ਫੇਰ ਵੀ ਅਦਾਕਾਰਾਂ ਵਾਂਗ ਨਖਰੇ ਕਰਦੀ ਹੈ—“ਮੈਨੂੰ ਉਹ ਬੰਦਾ ਨਹੀਂ ਪਸੰਦ, ਮੈਨੂੰ ਇਹ ਲੇਡੀ ਨਹੀਓਂ ਪਸੰਦ। ਮੈਨੂੰ ਇਹ ’ਕੱਠ ਨਹੀਂ ਚੰਗਾ ਲਗਦਾ। ਮੈਂ ਤਾਂ ਆਪਣੇ ਬਾਰੇ ਕਿਸੇ ਨੂੰ ਦੱਸਣਾ ਹੀ ਨਹੀਂ ਚਾਹੁੰਦੀ—(ਲੋਕ ਫੇਰ ਵੀ ਉਸਦੇ ਮਗਰ-ਮਗਰ, ਉਸ ਬਾਰੇ ਜਾਣਨਾ ਚਾਹੁੰਦੇ ਨੇ)—ਕਿਸੇ ਘਰ ਮਿਲਣੀ ਦਾ ਇੰਤਜ਼ਾਮ ਹੈ—ਉਹ ਭਾਵੁਕ ਹੋਈ ਹੋਣੀ ਆ (ਅਦਾ ’ਚ)। ਭਾਵੁਕ ਕਵਿਤਾ ਸੁਣ ਕੇ ਹੰਝੂ ਪੂੰਜਣ ਲੱਗਦੀ ਹੈ—‘ਮੈਥੋਂ ਬਰਦਾਸ਼ਤ ਨਹੀਂ ਹੁੰਦਾ—’ ਕਹਿੰਦੀ ਹੋਈ ਕਿਸੇ ਫ਼ਿਲਮੀ ਅਦਾਕਾਰਾ ਵਾਂਗ ਬਾਥਰੂਮ ’ਚ ਨੱਸ ਜਾਂਦੀ ਹੈ। ਦੋ ਸਕਿੰਟਾਂ ਬਾਅਦ ਹੀ ਉਹ ਇਵੇਂ ‘ਹਲੋ-ਹਾਇ’ ਕਹਿੰਦੀ ਆਉਂਦੀ ਹੈ ਜਿਵੇਂ ਕੁਝ ਹੋਇਆ ਹੀ ਨਹੀਂ—ਇਹ ਕਿਹੜੇ ਸਮਾਜ ਦੀ ਨਾਰੀ ਹੈ?

ਬਹੁਤ ਪਹਿਲਾਂ ਚੰਗੇ ਡੀਲ-ਡੌਲ ਵਾਲੀ ਮੇਰੀ ਇਕ ਸਹੇਲੀ ਅਖ਼ਬਾਰ ’ਚ ਬਲਾਤਕਾਰ ਵਰਗੀ ਖ਼ਬਰ ਪੜ੍ਹ ਕੇ ਹੱਸ ਪੈਂਦੀ ਹੈ। ‘ਮੇਰੇ ਨਾਲ ਇਸ ਤਰ੍ਹਾਂ ਕਰਨ ਦੀ ਜੁਰਅਤ ਕਰੇ ਖਾਂ ਕੋਈ—’ ਨਾਲ ਹੀ ਜਵਾਬ ਦੇ ਦਿੰਦੀ ਹੈ—‘ਸੜਕ ਪਾਰ ਦੌੜਦਾ ਨਜ਼ਰ ਆਊ ਉਹ’—ਅਸੀਂ ਹੱਸ ਪੈਂਦੀਆਂ ਹਾਂ। ਇਹ ਕਿਸ ਸਮਾਜ ਦੀ ਔਰਤ ਗੱਲ ਕਰਦੀ ਹੈ?

ਵਾਸਤਵ ਵਿਚ ਔਰਤ ਦੁਹਰੀ ਮਾਨਸਿਕਤਾ ਨੂੰ ਭੋਗ ਰਹੀ ਹੁੰਦੀ ਹੈ। ਘਰੇਲੂ ਲੜਾਈ ਝਗੜੇ ’ਤੇ ਭਾਵੇਂ ਇਕ ਔਰਤ ਚੁਪ-ਚਾਪ ਕਲੇਸ਼ ਸਹਿ ਲਵੇਗੀ ਜਾਂ ਰੋ ਲਵੇਗੀ, ਪਰ ਦੂਜੇ ਪਾਸੇ ਇਕ ਔਰਤ ਉਸਨੂੰ ‘ਰੀਐਕਟ’ ਕਰੇਗੀ—ਗੁੱਸਾ ਉਸਦੇ ਚਿਹਰੇ ’ਤੇ ਝਲਕੇਗਾ ਜਾਂ

ਉਹ ਤਣ ਕੇ ਖੜ੍ਹੀ ਹੋ ਜਾਵੇਗੀ। ਉਹ ਗਊ ਜਾਂ ਅੱਖਾਂ 'ਚ ਪਾਣੀ ਲੈ ਕੇ ਤਰਲੇ ਲੈਣ ਵਾਲੀ ਨਹੀਂ—'ਢੋਰ, ਗਵਾਰ, ਸ਼ੂਦਰ ਔਰ ਨਾਰੀ'—ਵਰਗੇ ਲਫ਼ਜ਼ਾਂ ਨੂੰ ਨਕਾਰਦੀ ਹੈ ਅੱਜ ਦੀ ਨਾਰੀ। ਮਰਦਾਂ ਦੀ ਚਾਪਲੂਸੀ ਵਾਲੀਆਂ ਹਰਕਤਾਂ ਨੂੰ ਪਛਾਨਣ ਦੀ ਸਮਰਥਾ ਰੱਖਦੀ ਹੈ, ਜਿਨਸੀ ਭੋਗ-ਲਿਪਸਾ ਨੂੰ ਵਗਾਹ ਮਾਰਦੀ ਹੈ।

* * *

'ਖਿੰਡਿਆਂ-ਆਦਮੀ' ਦੀ ਮੈਂ ਪਾਤਰ ਇਸੇ ਸਮਾਜ ਦੀ ਕੋਈ ਕੁੜੀ, ਕੋਈ ਨਾਰ ਹੋ ਸਕਦੀ ਹੈ, ਜੋ ਮਰਦ ਦੇ ਖਿਲਵਾੜ ਦੀ ਵਸਤੂ ਬਣ ਜਾਂਦੀ ਹੈ, ਪਰ ਮਰਦ ਦੀ ਮਾਨਸਿਕਤਾ ਨੂੰ ਪਛਾਣ ਕੇ ਉਹ ਪੈਰਾਂ 'ਤੇ ਬਣੀਆਂ ਹੋਈਆਂ ਜ਼ੰਜੀਰਾਂ ਭਾਵ ਤਸਮਿਆਂ ਨੂੰ ਇਕ ਝਟਕੇ ਨਾਲ ਉਖਾੜ ਕੇ ਸੁਟ ਦਿੰਦੀ ਹੈ।

ਇੰਗਲੈਂਡ 'ਚ ਜੰਮੀ-ਪਲੀ ਮੇਰੀ ਇਕ ਦੋਸਤ ਦੀ ਬੇਟੀ ਜਦੋਂ ਚੰਡੀਗੜ੍ਹ ਆਈ, ਤਾਂ ਉਸਨੇ ਸੈਕਟਰ 17 ਜਾਂ ਝੀਲ 'ਤੇ ਆਪਸ 'ਚ ਮੁੰਡਿਆਂ ਨੂੰ ਜੱਫੀ ਪਾ ਕੇ ਟੁਰਦੇ ਅਤੇ ਕੁੜੀਆਂ ਨੂੰ ਇਕ ਦੂਜੇ ਦਾ ਹੱਥ ਫੜ ਕੇ ਟੁਰਦੇ ਵੇਖਿਆ। ਉਸ ਮੈਨੂੰ ਪੁੱਛਿਆ—ਇਹ ਕਿਉਂ ਇਸ ਤਰ੍ਹਾਂ ਟੁਰ ਰਹੇ ਹਨ? ਮੈਂ ਕੁਝ ਨਹੀਂ ਸਮਝੀ, ਪਰ ਜਦੋਂ ਉਸ ਇਸ਼ਾਰਿਆਂ ਨਾਲ ਪੁੱਛਿਆ—ਕੀ ਇਹ...? ਮੈਂ ਉਦੋਂ ਬਹੁਤ ਹੱਸੀ। ਬਾਹਰਲੇ ਮੁਲਕਾਂ 'ਚ ਜੇਕਰ ਕੋਈ ਕੁੜੀ ਕਿਸੇ ਕੁੜੀ ਦਾ ਜਾਂ ਮੁੰਡਾ ਕਿਸੇ ਮੁੰਡੇ ਦਾ ਹੱਥ ਫੜ ਕੇ ਟੁਰੇ, ਤਾਂ ਉਸਨੂੰ ਲੈਸਬੀਅਨ ਜਾਂ ਹੋਮੋ ਦਾ ਨਾਂਅ ਦੇ ਦਿੱਤਾ ਜਾਂਦਾ ਹੈ।

ਮੇਰੀ ਕਹਾਣੀ 'ਰੇਤ ਦਾ ਰਿਸ਼ਤਾ' ਦੀ ਸੰਗੀਤਾ ਜਾਂ ਮੈਂ ਪਾਤਰ ਨੂੰ ਜੇਕਰ ਇਸੇ ਧਾਰਨਾਵਾਂ ਕਾਰਨ ਲੈਸਬੀਅਨ ਸਮਝ ਲਿਆ ਗਿਆ, ਤਾਂ ਕੋਈ ਵੱਡੀ ਗੱਲ ਨਹੀਂ। ਸਾਡੇ ਇਥੇ ਕੁੜੀਆਂ ਆਪਸ 'ਚ ਉਠਦੀਆਂ, ਬੈਠਦੀਆਂ ਤੇ ਸੌਂਦੀਆਂ ਹਨ, ਪਰ ਜ਼ਰੂਰੀ ਨਹੀਂ ਕਿ ਉਹ ਲੈਸਬੀਅਨ ਹੋਣ। ਮਰੇ ਹੋਏ ਸੰਬੰਧਾਂ ਨੂੰ ਮੌਤ ਦੀ ਲੀਕ ਤੱਕ ਖਿੱਚ ਕੇ ਇਸ ਜੀਵਨ ਨੂੰ ਨਰਕ ਬਨਾਉਣ ਦੀ ਸਮਰਥਾ ਨਹੀਂ ਹੈ ਅੱਜ ਦੀ ਨਾਰੀ ਵਿਚ। ਇਸੇ ਕਾਰਨ ਜੀਣ ਦਾ ਅਧਾਰ ਭਾਵੇਂ ਨਰ ਜਾਂ ਨਾਰੀ ਹੋ ਜਾਵੇ, ਕੁਝ ਫਰਕ ਨਹੀਂ ਪੈਂਦਾ। ਪਰਵੇਜ਼ ਸੰਧੂ ਨੇ ਵੀ 'ਸੈਂਡੀ ਉਦਾਸ ਹੈ' ਵਿਚ ਬਾਹਰ ਦੇ ਮੁਲਕ ਦੀ ਔਰਤ ਦੀ ਗੱਲ ਕੀਤੀ ਹੈ, ਪਰ ਉਹ ਹੈ ਤਾਂ ਔਰਤ ਹੀ।

ਯੂਨੀਵਰਸਿਟੀਆਂ ਜਾਂ ਮੈਟਰੋਪੋਲੀਟੀਅਨ ਸ਼ਹਿਰਾਂ ਵਿਚ 'ਸੰਨਾਟਾ' ਦੀ ਪਾਤਰ 'ਰਤੀ' ਤੁਹਾਨੂੰ ਆਮ ਮਿਲ ਜਾਵੇਗੀ, ਜੋ ਹਰ ਇਕ ਮੁੰਡੇ ਦੀ ਸ਼ਕਲ 'ਚੋਂ ਆਪਣਾ ਪਤੀ ਲੱਭਦੀ ਹੋਈ 'ਕੱਲੀ ਰਹਿ ਜਾਂਦੀ ਹੈ ਤੇ ਫੇਰ ਵੀ ਕੁੜੀਆਂ ਬਦਲਣ ਦੇ ਮਾਹਿਰ ਅਭਿਜਾਤ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ ਜਾਂ 'ਇਕੱਲੀ' ਦੀ ਕੁੜੀ, ਮੁੰਡੇ ਵੱਲੋਂ ਭੋਗ ਨੂੰ ਸਿਰਫ 'ਐਕਸਪੀਰੀਅੰਸ' ਲਈ ਰਾਜ਼ੀ ਕਰਨ 'ਤੇ ਲਤਾੜ ਦਿੰਦੀ ਹੈ।

ਜਿਸ ਸਮਾਜ ਨੇ ਇਸਤਰੀ ਦੇ ਹਿੱਤਾਂ ਨੂੰ ਤੇ ਉਸਦੀ ਪ੍ਰਗਤੀ ਨੂੰ ਸਿਰਫ ਭੌਤਿਕ ਪੱਧਰ 'ਤੇ ਹੀ ਰੱਖਿਆ, ਉਸ ਸਮਾਜ ਵਿਚ ਕਹਾਣੀ 'ਨਮੋਲੀਆਂ' ਦੀ ਜੀਤ ਕੌਰ ਵਰਗੀ ਲੇਡੀ ਫਾਤਿਮਾ—ਇਸੇ ਸਮਾਜ ਦੀ ਦੇਣ ਹੈ, ਜੋ ਆਪਣੇ ਅਸਤਿਤਵ ਨੂੰ ਲੱਭਦੀ ਹੋਈ ਸਿਰਫ ਭੋਗ ਦੀ ਵਸਤੂ ਬਣ ਕੇ ਰਹਿ ਜਾਂਦੀ ਹੈ। ਪੜ੍ਹੇ ਲਿਖੇ ਵਰਗ ਵਿਚ ਇਕੱਲੇ ਰਹਿ ਕੇ ਸੰਤਾਪ ਭੋਗਦੀਆਂ ਜੀਤ ਕੌਰ ਵਰਗੀਆਂ ਨਾਰੀਆਂ ਆਮ ਮਿਲ ਜਾਣਗੀਆਂ।

ਧਰਤੀ ਵਾਂਗ ਸਮਾਜ ਦਾ ਰੂਪ ਸਮੇਂ-ਸਮੇਂ ਘੁੰਮ-ਘੁਮਾ ਕੇ ਉਸੇ ਰੂਪ 'ਚ ਆ ਜਾਂਦਾ ਹੈ, ਜਿਹੋ ਜਿਹਾ ਰੂਪ ਸੀ। ਇਸੇ ਤਰ੍ਹਾਂ ਪਤੀ ਤੇ ਪ੍ਰੇਮੀ 'ਚ ਘਿਰੀ ਹੋਈ ਨਾਰੀ ਦੀ ਕਸ਼ਮਕਸ਼ ਆਦਿ-ਕਾਲ ਤੋਂ ਵੇਖੀ ਜਾ ਸਕਦੀ ਹੈ ਤੇ ਜੇਕਰ 'ਪਾਰਦਰਸ਼ੀ' ਦੀ 'ਮੈਂ' ਪਤੀ ਕਮਲ ਜਾਂ ਪ੍ਰੇਮੀ ਚੰਦਰ 'ਚ ਘਿਰ ਕੇ ਕਸ਼ਮਕਸ਼ ਦੀ ਮਾਨਸਿਕਤਾ ਨੂੰ ਭੋਗਦੀ ਹੈ, ਤਾਂ ਕੋਈ ਨਵੀਂ ਗੱਲ ਨਹੀਂ।

ਬਲਦੇਵ ਢੀਂਡਸਾ ਨੇ ਵੀ ਕਹਾਣੀ 'ਕਸ਼ਮਕਸ਼' 'ਚ ਇਸੇ ਮਾਨਸਿਕਤਾ ਨੂੰ ਫੜਿਆ ਹੈ।

ਮੇਰੀ ਕਹਾਣੀ 'ਕਾਕਟੇਲ' ਦੀ ਸੁੱਖ ਜਾਂ ਤਜਿੰਦਰ, 'ਜਸ਼ਨ' ਕਹਾਣੀ ਦੀ ਰੀਨਾ, 'ਪਾਪਬੋਧ' ਦੀ ਨਵਨੀਤ ਅਤੇ ਮੱਛੀਆਂ ਦੀ ਉਦਾਸੀਨ ਔਰਤ ਜਾਂ ਯੂਨੀਵਰਸਿਟੀ ਦੀ ਰਿਸਰਚ-ਸਕਾਲਰ ਵੀ ਇਸੇ ਦਾਇਰੇ 'ਚ ਆਉਂਦੀਆਂ ਨੇ। ਜ਼ਰੂਰਤ ਹੈ—ਭੁਗਤ-ਭੋਗੀ ਹੋਣ ਦੀ। ਦਰਦ ਨੂੰ, ਤਸੀਹਿਆਂ ਨੂੰ ਜਾਂ ਮਰਦ-ਔਰਤ ਬਿਰਤੀ ਨੂੰ ਫੜਨ ਦੀ।

ਸੁਖਜੀਤ ਦੀ ਕਹਾਣੀ 'ਬਰਫ' ਦੀ ਔਰਤ ਪਾਤਰ ਲਈ ਜੋ ਥਾਂ, ਛਿਣ ਜਾਂ ਜਿਸ ਸਿਚੁਏਸ਼ਨ ਦੀ ਬਣਤਰ ਜੇਕਰ ਕੀਤੀ ਵੀ ਜਾਵੇ, ਤਾਂ ਢਿੱਡੋਂ ਪੈਦਾ ਹੋਏ ਭੈਣ-ਭਰਾ ਦੇ ਜਿਸਮਾਨੀ ਰਿਸ਼ਤੇ ਸਿਰਫ ਮਨੋਵਿਕਾਰੀ ਜਾਂ ਮਨੋਰੋਗੀ ਹੀ ਹੋ ਸਕਦੇ ਹਨ ਜਾਂ ਫੇਰ ਸਿਰਫ ਉਸ ਸਥਿਤੀ ਵਿਚ ਜਿੱਥੇ ਭੈਣ-ਭਰਾ ਨੇ ਕਦੇ ਵੀ ਇਕ ਦੂਜੇ ਨੂੰ ਵੇਖਿਆ ਹੀ ਨਾ ਹੋਵੇ ਤੇ ਕਦੀ ਮਿਲੇ ਹੀ ਨਾ ਹੋਣ ਤੇ ਜੇ ਅਚਨਚੇਤ ਮਿਲੇ ਵੀ ਹੋਣ, ਤਾਂ ਸਿਰਫ ਔਰਤ-ਮਰਦ ਦੇ ਰੂਪ ਵਿੱਚ ਹੀ, ਤਾਂ ਹੀ ਇਹ ਵਰਜਿਤ ਰਿਸ਼ਤੇ ਸੰਭਵ ਨੇ।

* * *

ਮਰਦਾਂ ਲਈ ਇਹ ਵਰਜਣਾਵਾਂ ਕਦੇ-ਕਦੇ ਤਾਂ ਹੱਦ ਹੀ ਪਾਰ ਕਰ ਜਾਂਦੀਆਂ ਨੇ ਅਤੇ ਇਸ ਹੱਦ ਨੂੰ ਪਾਰ ਕਰਨ ਲਈ ਔਰਤ ਵੀ ਪੂਰਾ ਯੋਗਦਾਨ ਦਿੰਦੀ ਹੈ। 'ਤਿਲਕਣ' ਕਹਾਣੀ ਵਿਚ ਡੰਡ-ਬੈਠਕਾਂ ਕੱਢਣ ਵਾਲੇ ਨਾਲ ਆਉਣ ਵਾਲੀ ਸਹੇਲੀ ਤੇ ਬੂਹੇ ਦੀ ਕੁੰਡੀ ਨੂੰ ਵਾਰ ਵਾਰ ਟੋਂਹਦੀ ਹੋਈ ਮੈਂ ਪਾਤਰ ਵੀ ਇਸੇ ਘੇਰੇ ਵਿਚ ਆਉਂਦੀਆਂ ਨੇ, ਕਿਉਂਕਿ 'ਨਾਰੀ' ਸ਼ਬਦ ਨਰ ਨਾਲੋਂ ਕਿਤੇ ਵੀ ਵੱਖਰਾ ਨਹੀਂ।

ਵੈਸੇ ਮੇਰੀ ਇਕ ਪ੍ਰਾਧਿਆਪਕਾ ਸਹੇਲੀ ਹਮੇਸ਼ਾ ਹੀ ਕਹਿੰਦੀ ਹੁੰਦੀ ਹੈ—'ਨਿਰਮਲ ਵਨ ਵਿਮੇਨ ਮੈਨ, ਇਜ਼ ਆਲਵੇਜ ਵਨ ਵਿਮੇਨ ਮੈਨ' ਇਸ ਧਾਰਨਾ ਨੂੰ ਮੈਂ ਇਕ ਵਾਕ ਸੁਣਾ ਕੇ ਖ਼ਤਮ ਕਰਦੀ ਹਾਂ—

ਇਕ ਦੋਸਤ ਆਪਣੇ ਦੋਸਤ ਨੂੰ ਕਹਿੰਦਾ ਹੈ, ''ਯਾਰ, ਰਮੇਸ਼ ਨੇ ਚਾਰ ਵਿਆਹ ਕਰ ਲਏ ਨੇ'—ਦੋਸਤ ਹੈਰਾਨਕੁੰਨ ਜਵਾਬ ਦਿੰਦਾ ਹੈ—'ਫੇਰ ਤਾਂ ਉਹ ਮੁਸਲਮਾਨ ਹੋਇਆ ਨਾ!'

ਪਰ ਮੈਂ ਸੋਚਦੀ ਹਾਂ—'ਇਸ ਉਮਰ ਮੇਂ ਕਯਾ ਖ਼ਾਕ ਮੁਸਲਮਾਂ ਹੋਂਗੇ?'

✪

# ਮੁਹੱਬਤ ਤੇ ਅੱਗ : ਪ੍ਰੇਮ ਪ੍ਰਕਾਸ਼

ਦੁਨੀਆਂ ਭਰ ਦੇ ਗਿਆਨ ਨੂੰ ਸਮੋਏ, ਕਈ ਫਿਲੋਸਪੀਆਂ ’ਚ ਗੁਆਚਿਆ ਹੋਇਆ, ਗਾਂਧੀ ਵਰਗੇ ਜਿਸਮ ਅਤੇ ਲੇਨਿਨ ਵਰਗੀ ਦ੍ਰਿੜਤਾ ਨੂੰ ਵੰਗਾਰਦਾ, ਸ਼ਹਿਤੂਤ ਦੀ ਟਹਿਣੀ ਵਰਗੀ ਪਤਲੇ ਦੁਬਲੇ ਕੱਦ-ਕਾਠੀ ਵਾਲਾ ਚੁਸਤ ਦਰੁਸਤ ਤੇ ਤੰਦਰੁਸਤ ਪੰਜਾਬੀ ਦਾ ਇਕ ਦਾਰਸ਼ਨਿਕ, ਯੁੰਗ ਐਡਲਰ ਵਾਂਗ ਪੰਜਾਬੀ ਕਹਾਣੀ ਵਿਚ ਕਿਸੇ ਫਰਾਇਡ ਦੀ ਤਲਾਸ਼ ਕਰਦਾ ਸ਼ਖ਼ਸ ਪ੍ਰੇਮ ਪ੍ਰਕਾਸ਼ ਤੋਂ ਇਲਾਵਾ ਹੋਰ ਕੌਣ ਹੋ ਸਦਗਾ ਹੈ?

ਪ੍ਰੇਮ ਪ੍ਰਕਾਸ਼ ਨੂੰ ਅਸੀਂ ਸਿਰਫ ਕਹਾਣੀਕਾਰ ਹੀ ਨਹੀਂ ਕਹਿ ਸਕਦੇ। ਕੁਝ ਨਾ ਕੁਝ ਜਾਣਨ ਦੀ ਉਸਦੀ ਲਾਲਸਾ ਉਸਨੂੰ ਪਤਾ ਨਹੀਂ ਕਿਤੋਂ ਦਾ ਕਿਤੇ ਭਟਕਾ ਦਿੰਦੀ ਹੈ। ਘਰ-ਪਰਿਵਾਰ ਦੇ ਕਮਰਿਆਂ ਤੋਂ ਵੱਖਰੇ ਉਹ ਆਪਣੇ ਛੋਟੇ ਜਿਹੇ ਕਮਰੇ ਵਿੱਚ ਆਪਣੇ ਇਕਲੌਤੇ ਮੰਜੇ ਤੇ ਢੋਹ ਲਾ ਕੇ ਬੈਠਣ ਜਾਂ ਲੇਟਣ ਜਾਂ ਕੰਪਿਊਟਰ ਦੀਆਂ ਅੱਖਾਂ ’ਚ ਅੱਖਾਂ ਪਾ ਉਸਨੂੰ ਤਾੜਨਾ ਦੇਣ ਪਰ ਉਸਦਾ ਮਨ ਸਦਾ ਭਟਕਦਾ ਸ਼ਹਿਰ-ਦਰ-ਸ਼ਹਿਰ ਕੁਝ ਨਾ ਕੁਝ ਤਲਾਸ਼ ਕਰਦਾ ਰਹਿੰਦਾ ਹੈ।

ਵੈਸੇ ਜੇਕਰ ਲੈਨਿਨ ਦੀ ਕਾਰਗੁਜਾਰੀ ਵੇਖੀ ਜਾਵੇ ਤਾਂ ਉਹ ਵੀ ਬਿਲਕੁਲ ਦੀਨ-ਦੁਨੀਆਂ ’ਚ ਨਿਰਾਲੀ ਹੈ-ਤੇ ਪ੍ਰੇਮ ਪ੍ਰਕਾਸ਼ ਦੇ ਸਾਹਿਤ ਨੂੰ ਜਾਂ ਉਸਦੇ ਵਿਅਕਤੀਤਵ ਨੂੰ ਪਰਖਿਆ ਜਾਵੇ ਤਾਂ ਉਹ ਘੱਟੋ-ਘੱਟ ਪੰਜਾਬੀ ਸਾਹਿਤ ’ਚ ਇਕ ਮਿਜ਼ਾਇਲ ਵਾਂਗ ਹੀ ਹੈ।

ਪ੍ਰੇਮ ਪ੍ਰਕਾਸ਼ ਜਦੋਂ ਵੀ ਚੰਡੀਗੜ੍ਹ ਆਉਣ-ਆਨੇ ਬਹਾਨੇ ਮੈਂ ਉਨ੍ਹਾਂ ਨੂੰ ਜ਼ਰੂਰ ਮਿਲਦੀ ਹਾਂ ਜਾਂ ਜੇਕਰ ਲੁਧਿਆਣਾ ਆਣਾ ਹੋਵੇ ਤਾ ਉਚੇਚਾ ਜਲੰਧਰ ਜਾ ਕੇ ਮਿਲਦੀ ਹਾਂ ਅਤੇ ਆਮ ਤੌਰ ਤੇ ਛਮਾਹੀ ਤਿਮਾਹੀ ਪ੍ਰੇਮ ਪ੍ਰਕਾਸ਼ ਜੀ ਦੇ ਘਰ ਵੀ ਜਾਂਦੀ ਰਹਿੰਦੀ ਹਾਂ। ਮੇਰੇ ਦਿਮਾਗ ’ਚ ਉਨ੍ਹਾਂ ਦੇ ਘਰ ਦਾ ਖਾਕਾ ਉਨਾਂ ਦੀ ਪਰਸਨੈਲਿਟੀ ਵਾਂਗ ਹੀ ਫਿਟ ਹੈ। ਘਰ ਦਾ ਨੰਬਰ ਪਹਿਲਾਂ ਪਹਿਲਾਂ ਮੈਂ ਧਾਰਾ 498 ਕਰਕੇ ਯਾਦ ਰੱਖਿਆ ਸੀ। 100 ਜਮ੍ਹਾਂ 598 ਬਾਅਦ ਵਿਚ ਜਾਣਿਆ ਲੋਕ ਘਰ ਆਉਣੇ ਵੈਸੇ ਵੀ ਡਰਦੇ ਨੇ, ਖਾਸ ਕਰਕੇ ਵਰਜਿਤ ਰਿਸ਼ਤਿਆਂ (Extra Marital Relation) ਵਾਲੇ।

ਫਿਰ ਸੜਕ ਤੋਂ ਜਿਹੜੀ ਗਲੀ ਮੁੜਣੀ ਹੋਵੇ ਉਸਦੇ ਐਨ ਸਾਹਮਣੇ ਰਾਣਾ ਲਿਖਿਆ ਹੋਇਆ ਹੈ ਤੇ ਮੈਂ ‘ਰਾਣਾ’ ਨਾਂ ਨਾਲ ਜੁੜੀ ਹੋਈ ਹਾਂ ਜਿਵੇਂ ਰਾਣਾ ਨਾਂ ਦੇ ਆਲੇ-ਦੁਆਲੇ ਪ੍ਰੇਮ ਪ੍ਰਕਾਸ਼ ਦਾ ਔਰਾ (Aura) ਹੋਵੇ ਤੇ ਉਨਾਂ ਦਾ ਘਰ ‘ਲਕੀਰ’ ਦੇ ਨੇਮ ਪਲੇਟ ਤੋਂ ਲੱਭ ਜਾਂਦਾ ਹੈ।

ਉਨ੍ਹਾਂ ਦੀਆਂ ਲਿਖਤਾਂ ਅਨੁਸਾਰ ਮੈਂ ਪ੍ਰੇਮ ਪ੍ਰਕਾਸ਼ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹਾਂ ਪਰ ਨਿਰਾਸ਼ਾ ਮਿਲਦੀ ਹੈ। ਇਹ ਤਾਂ ਉਹ ਡੈਡ ਲਾਈਨ ਵਾਲਾ ਜਾਂ ਪਦਮਾ ਦੇ ਪੈਰ ਜਾਂ ਸੁਣਦੇ ਖਲੀਫਾ ਜਾਂ ਖੁਰਾਫਾਤੀਆਂ ਗੱਲਾਂ ਕਰਨ ਵਾਲਾ ਜਾਂ ਲੋਕਾਂ ਦੀਆਂ ਅੱਖਾਂ ’ਚ ਰੜਕਣ ਵਾਲਾ ਪ੍ਰੇਮ ਪ੍ਰਕਾਸ਼ ਹੈ ਹੀ ਨਹੀਂ। ਜਾਣ-ਪਛਾਣ ਵਾਲੇ ਸੁਚੇਤ ਕਰਦੇ ਸਨ- ‘ਬੜਾ ਖਤਰਨਾਕ ਬੰਦਾ ਹੈ-ਖਾਸ ਕਰਕੇ ਔਰਤਾਂ ਲਈ’

‘ਨਾ ਤੀਰ ਨਾ ਤਲਵਾਰ-ਪਰ ਕਲਮ ਕਟਾਰ ਜੇ-ਤੇ ਇੰਨਾ ਡਰ?’ ਹੈਰਾਨ ਹੁੰਦੀ ਹਾਂ।

ਮੈਂ ਵੀ ਸੋਚ ਲਿਆ ਵੇਖਾਂ ਇਹ ਕਿਸ ਤਰ੍ਹਾਂ ਦੇ ਖਤਰਨਾਕ ਨੇ? ਮੈਂ ਨਹੀਂ ਕਿਸੇ ਤੋਂ ਡਰਦੀ।

***

ਡਾ. ਨਿਰਾਲਾ ਨੇ ਜਦੋਂ ਮੈਨੂੰ ਪੁੱਛਿਆ ਕਿ ਤੁਸੀਂ ਪ੍ਰੇਮ ਪ੍ਰਕਾਸ਼ ਬਾਰੇ ਕੀ ਜਾਣਦੇ ਹੋ? ਤਾਂ ਮੈਨੂੰ ਲੱਗਿਆ ਮੈਂ ਤਾਂ ਸੱਚਮੁਚ ਹੀ ਉਨਾਂ ਨੂੰ ਨਹੀਂ ਜਾਣਦੀ। ਜਿਆਦਾਤਰ ਮੇਰੀ ਕਹਾਣੀਆਂ ‘ਲਕੀਰ’ ’ਚ ਛੱਪਦੀਆਂ ਰਹੀਆਂ ਨੇ। ਲਕੀਰ ਰਾਹੀਂ ਮੈਂ ਸ਼ੋਹਰਤ ਵੀ ਖੱਟੀ। ਪੰਜਾਬੀ ਕਹਾਣੀ ਸੰਸਾਰ ’ਚ ਨਿਰਮਲ ਜਸਵਾਲ ਨਾਂ ਦੀ ਹੋਂਦ ਵਿੱਚ ਵੀ ਆਈ। ਫੇਰ ਵੀ ਮੈਂ ਪ੍ਰੇਮ ਪ੍ਰਕਾਸ਼ ਨੂੰ ਨਹੀਂ ਜਾਣਦੀ?

ਕਈ ਲੇਖਕ ਤਾਂ ਉਨ੍ਹਾਂ ਦੇ ਪਰਚੇ ਲਕੀਰ ’ਚ ਛੱਪਣ ਲਈ ਹਾੜੇ ਕਰਦੇ ਰਹੇ-ਤਰਲੇ ਕਰਦੇ ਰਹੇ, ਪਰ ਮੈਨੂੰ ਤਾਂ ਉਹ ਹੁਕਮ ਦੇ ਕੇ ਲਿਖਵਾਂਦੇ ਰਹੇ, ਫੇਰ ਵੀ ਮੈਂ ਪ੍ਰੇਮ ਪ੍ਰਕਾਸ਼ ਨੂੰ ਨਹੀਂ ਜਾਣਦੀ?

ਦਰਅਸਲ ਉਨ੍ਹਾਂ ਦੀ ਸ਼ਖਸੀਅਤ ‘ਭੀੜ ਕੇ ਬੀਚ ਅਕੇਲਾ’ ਵਰਗੀ ਭਾਵੇਂ ਹੋਵੇ ਪਰ ਉਹ ਆਪਣੇ ’ਚ ਮਸਤ ਰਹਿਣ ਵਾਲਾ ਬੰਦਾ ਹੈ। ਕਦੇ ਕਿਸੇ ਦੀ ਪਰਵਾਹ ਨਾ ਕਰਨ ਵਾਲਾ-ਜੁਅਰਤ ਵਾਲਾ ਬੰਦਾ।

***

ਜੀਵਨ ’ਚ ਔਰਤ ਦਾ ਸਾਥ ਨਹੀਂ ਤਾਂ ਨਜ਼ਾਕਤਾ ਕਿੱਥੇ, ਭਾਵੁਕਤਾ ਕਿੱਥੇ?

ਮੈਂ ਹਿੰਦੀ ਦੇ ਨਾਵਲਕਾਰ ਤੇ ਚਿੰਤਕ ਸੱਚਿਦਾਨੰਦ ਅਗੇਅ ਦੀ ਪ੍ਰਸ਼ੰਸਕ ਹਾਂ।

ਜਦੋਂ ਮੈਂ ਉਨ੍ਹਾਂ ਦੀ ਕਹਾਣੀ ਸ਼ਵੇਤਾਂਬਰ ਨੇ ਕਿਹਾ ਸੀ ਪੜ੍ਹੀ ਤਾਂ ਹੈਰਾਨ ਰਹਿ ਗਈ-ਅਸ਼ਲੀਲ ਕਹਿਣ ਵਾਲੀ ਤੇ ਸਧਾਰਨ ਦਿਸਣ ਵਾਲੀ ਕਹਾਣੀ, ਕਿੰਨਾ ਕੁਝ ਸਹਿਜ ਹੀ ਜ਼ਾਹਿਰ ਕਰ ਗਈ ਸੀ, ਇਸ ਚੀਜ਼ ਨੂੰ ਆਮ ਪਾਠਕ ਨਹੀਂ ਸੀ ਵੇਖ ਸਕਦਾ।

‘ਲਕੀਰ’ ਪਤ੍ਰਿਕਾ ਦੇ ਸੰਪਾਦਕ ਹੋਣ ਦੇ ਨਾਤੇ ਲੇਖਕਾਂ ਤੇ ਪਾਠਕਾਂ ਦੀ ਜਾਨ ਸਨ ਪ੍ਰੇਮ ਪ੍ਰਕਾਸ਼ (ਹੁਣ ਦੇਸ ਰਾਜ ਕਾਲੀ ਨੂੰ ਇਹ ਪਰਚਾ ਸੌਂਪਿਆ ਹੋਇਆ ਹੈ) ਕਹਾਣੀਆਂ ਦਾ ਅੰਬਾਰ ਲੱਗ ਜਾਂਦਾ ਸੀ। ਪਰ ਇਨ੍ਹਾਂ ਦੀ ਛੇਵੀਂ ਇੰਦਰੀ ਉਸ ਕਹਾਣੀ ਦੀ ਚੋਣ ਕਰ ਲੈਂਦੀ ਸੀ ਜਿਸ ਵਿੱਚ ਕੁਝ ਨਾ ਕੁਝ ਨਵਾਂ ਪੁਨ ਹੁੰਦਾ ਸੀ ਜਾਂ ਲੀਕ ਤੋਂ ਹਟ ਕੇ ਗੱਲ ਹੁੰਦੀ ਸੀ। ਮੇਰੀ ਇਕ ਕਹਾਣੀ ਖਿੰਡਿਆਂ ਆਦਮੀ ਪੜ੍ਹ ਕੇ ਉਨ੍ਹਾਂ ਮੈਨੂੰ ਖ਼ਤ ਭੇਜ ਕੇ ਪੁੱਛਿਆ-ਹੁਣ ਤੱਕ ਕਿੱਥੇ ਸੀ? ਮੈਂ ਜਵਾਬ ਦੇਣ ਦੀ ਥਾਂ ’ਤੇ ਮਿਲਣ ਗਈ।

ਸੋਚਿਆ-ਕੋਈ ਰੌਬ-ਦਾਬ ਵਾਲਾ ਬੰਦਾ ਹੋਊ। ਪਰ ਜਦੋਂ ਮੈਂ ਵੇਖਿਆ-ਇਕ ਮੰਜੇ ’ਤੇ ਸਾਧੂਆਂ ਵਾਲਾ ਕੁਰਤਾ ਤੇ ਲੁੰਗੀ ਪਾਈ ਦੁਬਲਾ ਪਤਲਾ ਬੰਦਾ ਢੋਹ ਲਾਅ ਕੇ ਲੇਟਿਆ ਹੋਇਆ ਹੈ। ਮੇਰੀਆਂ ਅੱਖਾਂ ਦੀ ਚਮਕ ਨੂੰ ਇੰਨ੍ਹਾ ਤਾੜ ਲਿਆ-‘ਕਿਉਂ ਤੇਰੀਆਂ ਨਜ਼ਰਾਂ ’ਚ ਮੈਂ ਫਿਟ ਨਹੀਂ ਬੈਠਦਾ?’ ਮੈਂ ਹੱਸ ਪਈ ਤੇ ਕੁਝ ਚਿਰਾਂ ਬਾਅਦ ਚਾਹ ਪੀ ਕੇ ਆਪਣੀ ਕਾਰ ’ਚ ਵਾਪਿਸ ਲੁਧਿਆਣਾ ਆ ਗਈ।

ਸਾਰੇ ਰਾਹ ਮੈਨੂੰ ਪ੍ਰੇਮ ਪ੍ਰਕਾਸ਼ ਦੀਆਂ ਐਕਸਰੇ ਕਰਦੀਆਂ ਪੈਨੀਆਂ ਨਿਗਾਹਾਂ ਨਜ਼ਰ ਆਉਂਦੀਆਂ ਰਹੀਆਂ।

7 ਕਹਾਣੀ ਸੰਗ੍ਰਹਿ, 9 ਚੋਣਵੇਂ ਕਹਾਣੀ ਸੰਗ੍ਰਹਿ, 6 ਅਨੁਵਾਦ ਤੇ ਸੰਪਾਦਨ, ਦਸਤਾਵੇਜ਼ ਨਾਵਲ, ਉਮਰਾਂ ਦੀ ਖੱਟੀ ਵਿਅਕਤੀ ਚਿੱਤਰ ਅਤੇ ਸਭ ਤੋਂ ਚਰਚਿਤ ਸਵੈਂ ਜੀਵਨੀ ਆਤਮਮਾਯਾ, ਸਭ ਤੋਂ ਵੱਧ ਚਰਚਿਤ ਡੈਡ ਲਾਈਨ (ਹਿੰਦੀ ਵਿੱਚ ਪ੍ਰਕਾਸ਼ਿਤ) ਮੰਟੋ ਤੇ ਅਸ਼ਲੀਲਤਾ ਬਾਰੇ ਕਿਤਾਬ ਤੇ ਹੁਣੇ-ਹੁਣੇ ਹੀ ਦੋ ਚਰਚਿਤ ਪੁਸਤਕਾਂ ‘ਉਮਰਾਂ ਦੀ ਖੱਟੀ’ ਅਤੇ ‘ਪਾਕਿਸਤਾਨ ਦੇ ਸੂਫ਼ੀਖਾਨੇ’ ਹਨ। ਜਿਸ ਵਿਚ ਆਪਣੇ ਹਾਣ ਦੇ ਸਾਥੀਆਂ ਨਾਲ ਵਾਪਰੀਆਂ ਘਟਨਾਵਾਂ ਤੇ ਉਨ੍ਹਾਂ ਦੇ ਨਿੱਕੇ-ਨਿੱਕੇ ਸੰਵਾਦ ਅਤੇ ਬਾਰੀਕੀ ਨਾਲ ਉਨ੍ਹਾਂ ਦੇ ਵਿਵਹਾਰ ਨੂੰ ਜਾਂਚਿਆ ਪਰਖਿਆ ਹੈ।

ਪ੍ਰੇਮ ਪ੍ਰਕਾਸ਼ ਇਸ ਕਰਕੇ ਵੀ ਵੱਖਰੇ ਨੇ ਕਿ ਉਨ੍ਹਾਂ ਦਾ ਵਿਅਕਤੀਤਵ ਸਾਰਿਆਂ ਤੋਂ ਬਿਲਕੁਲ ਅਲਗ ਹੈ। ਵੱਡੇ-ਵੱਡੇ ਫੜਾਂ ਮਾਰਦੇ ਕਹਾਣੀਕਾਰਾਂ ਨਾਲ ਬੈਠੇ ਵੀ ਆਪਣੀ ਸਹਿਜ ਬੋਲੀ, ਆਮ ਗੱਲਾਂ ਬਾਤਾਂ ਨਾਲ ਉਹ ਸਰੋਤਿਆਂ ਨੂੰ ਕੀਲ ਲੈਂਦੇ ਨੇ। ਅੰਦਰੋਂ ਭਾਵੇਂ ਕਿੰਨੇ ਹੀ ਕੌੜੇ ਹੋਣ ਪਰ ਨਿੱਕੇ ਜਿਹੇ ਵਾਕ ਨਾਲ ਹੀ ਸਰੋਤਿਆ ਨੂੰ ਹੱਸਣ ਅਤੇ ਤਾੜੀ ਮਾਰਨ ਲਈ ਮਜਬੂਰ ਕਰ ਦਿੰਦੇ ਹਨ। ਆਪਣੀ ਕਹਾਣੀ ਵਾਂਗ ਹੀ ਇਨ੍ਹਾਂ ਦੇ ਵਿਅਕਤੀਤਵ ਵਿੱਚ ਕਈ ਪਰਤਾਂ, ਕਈ dimension ਹਨ।

ਜੇ ਮੈਂ ਇਨ੍ਹਾਂ ਨੂੰ ਬਹਿਰੂਪੀਆਂ ਕਹਾਂ ਤਾਂ ਬਹੁਤ ਵੱਡੀ ਗੱਲ ਨਹੀਂ, ਪਰ ਇਹ ਬਹਿਰੂਪੀਆਂ ਹੋਣਾ ਉਨ੍ਹਾਂ ਵਿੱਚ ਗਹਿਰੇ ਕਿਤੇ ਜਿਗਿਆਸੂ ਹੋਣਾ ਹੀ ਹੈ।

***

ਸਾਧਾਰਨ ਪਹਿਰਾਵੇ ਤੋਂ ਕੋਈ ਵੀ ਭੁਲੇਖਾ ਖਾ ਸਕਦਾ ਹੈ ਪਰ ਜਦੋਂ ਗੱਲਾਂ ਕਰੋ ਤਾਂ ਇਨ੍ਹਾਂ ਦੇ ਤਰਕ ਪੇਸ਼ ਕਰਨ ਦੇ ਤਰੀਕੇ ਤੋਂ ਕੋਈ ਵੀ ਨਿਰਉੱਤਰ ਹੋ ਜਾਂਦਾ ਹੈ। ਪ੍ਰੇਮ ਪ੍ਰਕਾਸ ਇਕ ਤਾਲੇ ਵਾਂਗ ਨੇ। ਇਕ ਉਦਾਹਰਣ ਦਿੰਦੀ ਹਾਂ ਕਿ ‘ਹਥੌੜਾ ਪੁੱਛਦਾ ਤਾਲੇ ਨੂੰ ਮੇਰੀ ਸੱਟ ਨਾਲ ਵੀ ਤੂੰ ਨਹੀਂ ਖੁੱਲ੍ਹਦਾ, ਛੋਟੀ ਜਿਹੀ ਚਾਬੀ ਨਾਲ ਤੂੰ ਕਿਉਂ ਖੁੱਲ੍ਹ ਜਾਂਦਾ ਹੈ...’ ਪ੍ਰੇਮ ਪ੍ਰਕਾਸ਼ ਨੂੰ ਵੀ ਸਮਝਣ ਲਈ ਚਾਬੀ ਬਣਨਾ ਪੈਂਦਾ ਹੈ। ਉਨ੍ਹਾਂ ਦੇ ਧੁਰ ਅੰਦਰ ਉਨ੍ਹਾਂ ਨੂੰ ਫਰੋਲਣਾ ਪੈਂਦਾ ਹੈ। ਉਹ ਪਜਾਮਾ ਕੁਰਤਾ, ਪੈਂਟ ਕਮੀਜ ਤਾਂ ਪਾਉਂਦੇ ਹੀ ਹਨ ਪਰ ਭਗਵੇਂ ਕੁਰਤੇ ਅਤੇ ਲੂੰਗੀ ਪਾਈ ’ਚ ਵੇਖ ਕਿਹਾ, ‘ਕੀ ਸਾਧੂ ਬਣ ਗਏ?’ ਹੱਸਦੇ ਹੋਏ ਪੁੱਛਣ ਤੇ ਜਵਾਬ ਦਿੱਤਾ-‘ਹਾਂ ਹੁਣ ਘਰ ਗ੍ਰਹਿਸਤ ਤੇ ਤੀਵੀਆਂ ਦਾ ਸਾਥ ਛੱਡਤਾ’-ਤੇ ਹੱਸਦੇ ਕਿਹਾ-‘ਕਮਲੀ ਹੋ ਗਈ ਹੈਂ-ਇਹ ਰੰਗ ਤਾਂ ਸ਼ਾਂਤ ਚਿੱਤ ਹੋਣ ਲਈ ਹੈ-ਮਨ ਨੂੰ ਟਿਕਾਅ ਨਹੀਂ-ਕੋਈ ਹੁਣ ਮਿਲਦੀ ਹੀ ਨਹੀਂ’-ਤੇ ਹੱਸਣ ਲੱਗ ਪੈਣਗੇ। ਮੈਨੂੰ ਪ੍ਰੇਮ ਪ੍ਰਕਾਸ਼ ਦਾ ਸਾਥ ਹਮੇਸ਼ਾ ਚੰਗਾ ਲਗਦਾ ਰਿਹਾ ਹੈ ਤੇ ਚੰਗਾ ਲੱਗਦਾ ਹੀ ਰਹੇਗਾ।

ਚੰਡੀਗੜ੍ਹ ਆਉਣ ਤੇ ਮੈਂ ਉਨ੍ਹਾਂ ਨੂੰ ਖੁੱਲੀ ਛੁੱਟੀ ਦਿੱਤੀ ਹੋਈ ਸੀ ਕਿ ਜਦੋਂ ਵੀ ਕਿਸੇ ਚੀਜ਼, ਕਿਸੇ ਵੀ ਤਰ੍ਹਾਂ ਦੀ ਮਦਦ ਚਾਹੀਦੀ ਹੋਵੇ ਮੈਨੂੰ ਬਸ ਇਕ ਫੋਨ ਕਰਨ। ਪਰ ਇਹ ਹਮੇਸ਼ਾ ਮੇਰੀ ਸਹੂਲਤ ਵੇਖਦੇ ਹਨ। ਕਦੇ-ਕਦੇ ਹੱਸਦੇ ਕਹਿੰਦੇ ਸਨ। ‘ਨਿਰਮਲ ਜਦੋਂ ਤੂੰ ਕਾਰ ਦੇ ਸਟੇਰਿੰਗ ਤੇ ਬੈਠੀ ਹੁੰਦੀ ਹੈਂ ਉਦੋਂ ਲਗਦਾ ਜਿਵੇਂ ਅਸੀਂ ਦੋ ਮਰਦ ਸਫਰ ਕਰ ਰਹੇ ਹੋਈਏ। ਕਿਉਂਕਿ ਕਿਸੇ ਤਰ੍ਹਾਂ ਦੇ ਵੀ ਵਿਸ਼ੇ ਨੂੰ ਡਿਸਕਸ ਕਰਨਾ ਮੇਰੇ ਲਈ ਸਹਿਜ ਹੈ ਕੋਈ Prohibiton ਨਹੀਂ।’

ਮੈਂ ਕਦੇ ਵੀ ਕਿਸੇ ਦੀ ਸੁਣੀ ਸੁਣਾਈ ਗੱਲ ’ਤੇ ਵਿਸ਼ਵਾਸ ਨਹੀਂ ਕਰਦੀ।

‘ਇਹ ਬੰਦਾ ਔਰਤ ਖੋਰ ਹੈ।’ ਕਈ ਉਸਦੇ ਦੋਸਤ ਮਿੱਤਰ ਕਹਿੰਦੇ ਤੇ ਦੁਸ਼ਮਣਾਂ ਨੇ ਤਾਂ ਕਹਿਣਾ ਹੀ ਹੁੰਦਾ ਹੈ। ਪਰ ਮੈਨੂੰ ਕਦੇ ਵੀ ਇਸ ਤਰ੍ਹਾਂ ਮਹਿਸੂਸ ਨਹੀਂ ਹੋਇਆ। ਮੈਨੂੰ ਲੱਗਦਾ ਹੀ ਨਹੀਂ ਸੀ ਕਿ ਮੈਂ ਕਿਸੇ ਵੱਡੇ ਕਹਾਣੀਕਾਰ ਜਾਂ bad temperatament ਵਾਲੇ ਬੰਦੇ ਔਰਤਾਂ ਲਈ ਹਊਆ ਕਹੇ ਜਾਣ ਵਾਲੇ ਕਿਸੇ ਬੰਦੇ ਨਾਲ ਗੱਲਾਂ ਕਰ ਰਹੀ ਹਾਂ ਜਾਂ ਇਕੱਲੀ ਉਸ ਨਾਲ ਤੁਰ-ਫਿਰ ਰਹੀ ਹਾਂ।

***

ਕਈ ਔਰਤਾਂ ਤੇ ਲੇਖਿਕਾਵਾਂ ਉਨ੍ਹਾਂ ਦੀਆਂ ਦੋਸਤ ਮਿੱਤਰ ਹਨ। ਪਰ ਸ਼ਾਇਦ ਪ੍ਰੇਮ ਪ੍ਰਕਾਸ਼ ਨੂੰ ਨਹੀਂ ਪਤਾ ਕਿ ਔਰਤਾਂ ਉਨ੍ਹਾਂ ਨਾਲ ਆਪਣਾ ਨਾਂ ਜੋੜਦੇ ਵੀ ਡਰਦੀਆਂ ਹਨ। ਉਨ੍ਹਾਂ ਦੀਆਂ ਹਮਉਮਰ ਔਰਤਾਂ ਜਿਨ੍ਹਾਂ ਨਾਲ ਪ੍ਰੇਮ ਪ੍ਰਕਾਸ਼ ਦੇ ਚੰਗੇ ਸੰਬੰਧ ਰਹੇ ਉਹ ਵੀ ਬਹਾਨੇ ਘੜਦੀਆਂ। ਮੈਂ ਉਸਦੀ ਸਹੇਲੀ ਨਈਂ—ਉਹ ਤਾਂ ਜਲੰਧਰ ਵਾਲੀ ਉਹ ਆਰਟਿਸਟ ਹੈ। ਮਜ਼ੇ ਤੇ ਕਮਾਲ ਦੀ ਗੱਲ ਹੈ ਕਿ ਉਹ ਆਰਟਿਸਟ ਵੀ ਇਹ ਗੱਲ ਮੰਨਦੀ ਹੈ-‘ਹਾਂ ਮੈਂ ਹਾਂ ਉਸਦੀ ਸਹੇਲੀ-ਇਸ ਵਿਚ ਬੁਰਾਈ ਕੀ ਹੈ-ਦੁਸ਼ਮਣ ਤਾਂ ਨਹੀਂ ਨਾ। ਕੀ ਔਰਤ ਕਿਸੇ ਮਰਦ ਦੀ ਸਹੇਲੀ ਨਹੀਂ ਹੋ ਸਕਦੀ?’

ਜਿਸ ਬੰਦੇ ਨੇ ਮੈਨੂੰ ਪ੍ਰੇਮ ਪ੍ਰਕਾਸ਼ ਨਾਲ ਮਿਲਵਾਉਣ ਦੀ ਗੱਲ ਕੀਤੀ ਸੀ ਉਸਨੇ ਤਾਕੀਦ ਵੀ ਕੀਤੀ-‘ਐਵੇਂ ਨਾ ਫਸ ਜਾਵੀਂ-ਬੜਾ ਖਰਾਬ ਬੰਦਾ ਹੈ-ਜ਼ਰਾ ਧਿਆਨ ਨਾਲ-’ ਤੇ ਉਹ ਬੰਦਾ ਆਪ ਉਸਨੂੰ ਗੁਰੂ ਮੰਨਦਾ, ਉਸਦੇ ਪੈਰੀਂ ਹੱਥ ਵੀ ਲਾਉਂਦਾ ਹੁੰਦਾ ਸੀ। ਮੈਂ ਬੜੀ ਹੈਰਾਨ ਹੋਈ। ਇਹ ਬੰਦਾ ਮੈਨੂੰ ਤਾਂ ਕਹਿ ਰਿਹਾ ਹੈ ਬੜਾ ਖਰਾਬ ਹੈ ਪ੍ਰੇਮ ਪ੍ਰਕਾਸ਼, ਪਰ ਉਸਦੇ ਮੂਹਰੇ ਉਸਦੀ ਤਾਰੀਫ਼ ਕਰ ਰਿਹਾ-ਕਿਉਂ?

ਇਸ ਬੰਦੇ ਦੀ ਖਰਾਬੀ ਜ਼ਰੂਰ ਜਾਣਨੀ ਚਾਹੀਦੀ ਹੈ। ਮੈਨੂੰ ਮਨਜੀਤ ਟਿਵਾਣਾ ਦੀ ਸਤਰ੍ਹਾਂ ਬਾਰ-ਬਾਰ ਖਿੱਚਦੀਆਂ ਨੇ-‘ਪਤੀ ਇਕ ਭੇੜੀਆ ਹੁੰਦਾ ਹੈ-ਪਰ ਆਪ ਖਾ ਜਾਂਦਾ ਹੈ’-ਪ੍ਰੇਮ ਪ੍ਰਕਾਸ਼ ਤੋਂ ਬਚਾਉਣ ਵਾਲੇ ਬੰਦੇ ਆਪ ਹੀ ਖਾਣ ਨੂੰ ਲੋਚਦੇ ਹਨ। ਨਹੀਂ ਤਾਂ ਬਦਨਾਮ ਕਰਨਗੇ।

ਹੁਣ ਦੱਸੋ ਬਦਨਾਮੀ ਦੀਆਂ ਕਿਸੇ ਨੂੰ ਕੀ ਪਰਵਾਹ-ਪ੍ਰੇਮ ਪ੍ਰਕਾਸ਼ ਨਾਲ ਸੰਗਤ ਮਾਣਨਾ ਤਾਂ ਮਾਣ ਵਾਲੀ ਗੱਲ ਹੈ।

ਉਸਦੀ ਨਿਗਾਹ ਇਕਦਮ ਬੰਦੇ ਨੂੰ ਧੁਰ ਤੀਕ ਟੋਹ ਲੈਂਦੀ ਹੈ, ਫਲਾਨਾ ਲੇਖਕ ਇਸ ਤਰ੍ਹਾਂ ਦਾ ਜਾਂ ਬਸ ਸਭ ਠੀਕ ਹੈ— ਆਪਣੀਆਂ ਅੱਖਾਂ ਦੇ ਕੋਇਆਂ ’ਚ ਉਸਨੇ ਸਭ ਦੀ ਪਰਸਨੈਲਟੀ ਨੂੰ ਲੁਕੋ ਕੇ ਜਾਂ ਸਾਂਭ ਕੇ ਰੱਖਿਆ ਹੋਇਆ ਹੈ।

***

ਆਪਣੇ ਵਿਚਾਰ ਆਪਣੇ ਸ਼ਬਦਾਂ ਲਈ ਉਹ ਪ੍ਰਤੀਬੱਧ ਰਹਿਣ ਵਾਲਾ ਹੈ-ਗੈਲੀਲੀਓ ਵਾਂਗ ਧਾਰਮਿਕ ਅੰਧ ਵਿਸ਼ਵਾਸ਼ਾਂ ’ਚ ਗ੍ਰਸਤ ਸਮਾਜ ਤੋਂ ਡਰਦਾ ਨਹੀਂ-ਜੋ ਕਿਹਾ ਸੋ ਕਿਹਾ।

ਪ੍ਰੇਮ ਪ੍ਰਕਾਸ਼ ਦੀ ਇਕ ਗੱਲ ਬੜੀ ਚੰਗੀ ਹੈ। ਉਸ ਜੋ ਕਹਿਣਾ ਹੈ ਮੂੰਹ ’ਤੇ ਹੀ ਕਹਿ ਦਿੰਦੇ ਨੇ। ਚੰਗੀ ਜਾਂ ਮੰਦੀ ਕੋਈ ਵੀ ਗੱਲ-ਸਾਫ਼ ਤੇ ਸਟੀਕ ਲਫ਼ਜ਼ਾਂ ’ਚ ਕਹਿ ਦੇਣਗੇ। ਕਈ ਵਾਰ ਕਈ ਲੋਕ ਇਨ੍ਹਾਂ ਦੀਆਂ ਕਹਾਣੀਆਂ ਜਾਂ ਗੱਲਾਂ ਸੁਣ ਮਿਲਣਾ ਚਾਹੁੰਣਗੇ-ਜੇ ਉਸ ਬੰਦੇ ਜਾਂ ਬੰਦੀ ’ਚ ਕੋਈ ਗੱਲ ਹੈ ਤਾਂ ਬੁਲਾ ਲੈਣਗੇ ਨਹੀਂ ਤਾਂ ਇਹ ਬਿਲਕੁਲ ਸਪਾਟ ਲਫ਼ਜ਼ਾਂ ’ਚ ਉਸ ਨੂੰ ਮਿਲਣੋਂ ਨਾਂਹ ਕਰ ਦੇਣਗੇ।

‘ਹੈ ਵਾਹਿਯਾਤ-ਮੂਰਖ-ਇਵੇਂ ਹੀ Time waste ਕਰਦਾ-ਆਪਣਾ ਵੀ ਤੇ ਮੇਰਾ ਵੀ...’

ਹਾਂ ਪਰ ਔਰਤਾਂ ਨਾਲ ਮਿਲਣੋਂ ਨਹੀਂ ਮਨ੍ਹਾਂ ਕਰਦੇ-ਖਾਸ ਕਰਕੇ ਸੁਹਣੀ ਤੇ ਮੁਟਿਆਰ।

ਕਈ ਵਾਰ ਮੈਂ ਕਹਾਂਗੀ ਬਈ-ਉਹ ਫਲਾਣੀ ਲੇਖਿਕਾ ਤੁਹਾਨੂੰ ਮਿਲਣ ਲਈ ਕਹਿ ਰਹੀ ਹੈ।

‘ਉਹ ਬੁੱਢੀ ਨੂੰ ਮਿਲ ਕੇ ਹੁਣ ਕੀ ਕਰਨਾ। ਰਹਿਣ ਦੇ। ਫੇਰ ਹੱਸਦੇ ਕਹਿਣਗੇ ਉਹ ਤਾਂ ਲਿਖਣਾ ਹੀ ਛੱਡ ਗਈ-ਛੱਡ ਪਰ੍ਹਾਂ।

ਲਕੀਰ ’ਚ ਛਪਣ ਲਈ ਕਈ ਲੇਖਕ ਉਤਾਵਲੇ ਰਹਿੰਦੇ ਸਨ ਤੇ ਕਹਾਣੀਆਂ ਭੇਜ-ਭੇਜ ਉਡੀਕ ਕਰਦੇ ਸਨ ਕਿ ਕਦੋਂ ਛਪੇਗੀ। ਪਰ ਪ੍ਰੇਮ ਪ੍ਰਕਾਸ਼ ਆਪਣੀ ਮਰਜ਼ੀ ਦੇ ਮਾਲਕ ਸਨ, ਉਹ ਵਿਤਕਰਾ ਨਹੀਂ ਕਰਦੇ। ਜੇ ਰਚਨਾ ਚੰਗੀ, ਸਮੇਂ ਦੇ ਮੰਗ ਦੀ ਜਾਂ ਬੰਦੇ ਅੰਦਰੋਂ ਕੁਝ ਫਰੋਲਦੀ ਹੈ ਤਾਂ ਉਹ ਆਉਂਦੇ ਅੰਕ ’ਚ ਹੀ ਉਸ ਨੂੰ ਥਾਂ ਦੇ ਦਿੰਦੇ ਸਨ ਫੇਰ ਭਾਵੇਂ ਉਹ ਉੱਕਾ ਹੀ ਨਵਾਂ ਰਚਨਾਕਾਰ ਹੀ ਕਿਉਂ ਨਾ ਹੋਵੇ। ਉਨ੍ਹਾਂ ’ਤੇ ਇਹ ਆਰੋਪ ਹੈ ਕਿ ਉਹ ਲੇਖਿਕਾਵਾਂ ਨੂੰ ਛੇਤੀ ਪ੍ਰਮੋਟ ਕਰਦੇ ਹਨ-ਵੇਖ ਨਿਰਮਲ ਜੇ ਰਚਨਾ ਦਾ ਵਿਸ਼ਾ ਨਵਾਂ, ਨਵੀਂ ਦਿਸ਼ਾ ਵਾਲਾ ਹੈ ਮੈਂ ਤਾਂ ਛਾਪ ਦਿੰਨਾ ਹਾਂ—ਕੋਈ ਸੁਹਣੀ ਤੀਵੀਂ ਹੋਵੇ ਤਾਂ ਮੈਂ ਥੋੜ੍ਹੀ ਬਹੁਤ ਰਿਆਇਤ ਜ਼ਰੂਰ ਕਰ ਦਿੰਨਾਂ ਪਰ ਸ਼ਰਤ ਇਹ ਵਿਸ਼ਾ ਨਵਾਂ ਹੋਵੇ-’ ਮੇਰੀਆਂ ਕੁਝ ਕੁ ਕਹਾਣੀਆਂ ਛੱਡ ਕੇ ਕਈ ਕਹਾਣੀਆਂ ਲਕੀਰ ’ਚ ਛਪੀਆਂ। ਬਲਬੀਰ ਕੌਰ ਰੀਹਲ, ਦੀਪਇੰਦਰ ਵੀ ਇਕ ਦੋ ਵਾਰ ਛਪੀਆਂ। ਜਤਿੰਦਰ ਹਾਂਸ, ਜਸਵੀਰ ਰਾਣਾ ਨੇ ਵੀ ਸ਼ੁਰੂਆਤ ਲਕੀਰ ਤੋਂ ਹੀ ਕੀਤੀ।

ਉਨ੍ਹਾਂ ਕਿਹਾ-'ਕਿੰਨੀਆਂ ਕੁ ਔਰਤਾਂ ਨੇ ਜੋ ਲਿਖਦੀਆਂ ਨੇ-ਇਹ ਪੰਜਾਬੀ ਲੇਖਕ ਉਨ੍ਹਾਂ ਤੇ ਕਿੰਤੂ ਪਰੰਤੂ ਕਰ ਕੇ ਉਨ੍ਹਾਂ ਨੂੰ ਡਰਾ ਦਿੰਦੇ ਨੇ-ਮੈਂ ਉਨ੍ਹਾਂ ਨੂੰ ਕੁਝ ਹੋਰ ਲਿਖਣ ਲਈ ਪ੍ਰੇਰਦਾ ਹਾਂ...'

ਮੈਨੂੰ ਯਾਦ ਹੈ ਚੰਡੀਗੜ੍ਹ ਤੋਂ ਇਕ ਲੇਖਿਕਾ ਉਨ੍ਹਾਂ ਨਾਲ ਗੁੱਸੇ ਸੀ ਤੇ ਹਾੜੇ ਕੱਢਦੀ ਸੀ ਕਿ ਭਾਵੇਂ ਇੱਕੋ ਕਹਾਣੀ 'ਲਕੀਰ' ਚ ਜ਼ਰੂਰ ਆ ਜਾਵੇ ਪਰ ਇਨ੍ਹਾਂ ਨਹੀਂ ਛਾਪੀ ਤੇ ਇਕ ਦਿਨ ਮੈਨੂੰ ਫੋਨ ਤੇ ਕਹਿੰਦੇ-

'ਲੈ ਮੈਂ ਫਲਾਣੀ ਦੀ ਕਹਾਣੀ ਛਾਪ ਤੀ ਮੇਰੇ ਮਗਰ ਹੀ ਪੈ ਗਈ ਸੀ, ਕੀ ਕਰਦਾ?' ਤਾਂਹੀਓਂ-ਮੈਂ ਹੱਸੀ ਸੀ।

ਗਲੋਂ ਲਾਹੁਣ ਲਈ ਜਾਂ ਔਰਤ ਨੂੰ ਖੁਸ਼ ਕਰਨ ਲਈ ਪ੍ਰੇਮ ਪ੍ਰਕਾਸ਼ ਕਦੇ ਵੀ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕਰਦਾ। ਇਥੇ ਪ੍ਰੇਮ ਪ੍ਰਕਾਸ਼ ਨੇ ਆਪਣਾ ਅਸੂਲ ਤੋੜਿਆ-ਉਹ ਪ੍ਰੌੜ ਔਰਤ ਜੁ ਹੋਈ।

ਪ੍ਰੇਮ ਪ੍ਰਕਾਸ਼ ਕਦੇ ਵੀ ਗੋਸ਼ਠੀਆਂ 'ਚ ਪ੍ਰਧਾਨਗੀ ਨਹੀਂ ਸੀ ਕਰਦਾ। ਮੇਰੀ ਪਹਿਲੀ ਪੁਸਤਕ 'ਇਕ ਚੁੱਪ ਜਿਹੀ ਕੁੜੀ' ਜਦੋਂ ਆਈ ਤਾਂ ਇਨ੍ਹਾਂ ਨੂੰ ਮੈਂ ਪ੍ਰਧਾਨਗੀ ਲਈ ਚੰਡੀਗੜ੍ਹ ਸੱਦਿਆ। ਪ੍ਰੇਮ ਪ੍ਰਕਾਸ਼ ਆਏ-ਮੈਨੂੰ ਬੜਾ ਮਾਣ ਹੋਇਆ। ਉਦੋਂ ਦੀਪਕ ਮਨਮੋਹਨ ਵਿਸ਼ੇਸ਼ ਮਹਿਮਾਨ ਸਨ। ਫੇਰ ਦੂਜੀ ਪੁਸਤਕ 'ਮੱਛੀਆਂ ਕੱਚ ਦੀਆਂ' ਲਈ ਪ੍ਰੈਸ ਕਲੱਬ ਵੀ ਆਏ ਉਦੋਂ ਕੁਝ ਕੁ ਦੋਸਤ ਮਿੱਤਰ ਵੀ ਸਨ। ਪ੍ਰੇਮ ਪ੍ਰਕਾਸ਼, ਮੋਹਨ ਭੰਡਾਰੀ, ਸਪਤਾਲ ਗੌਤਮ ਅਤੇ ਆਰਟਿਸਟ ਮਲਕੀਤ ਸਿੰਘ ਤੋਂ ਇਲਾਵਾ ਪ੍ਰੋ. ਕੁਲਵੰਤ ਸਿੰਘ ਉਨ੍ਹਾਂ ਦੀ ਪਤਨੀ ਰਾਜ, ਮਰਹੂਮ ਕਵਿੱਤਰੀ ਕੰਵਲ ਸੰਧੂ, ਪੁਸਤਕ ਦੀ ਆਰਟਿਸਟ ਅੰਜੂ ਪਸਰੀਚਾ ਅਤੇ ਪਰਿਵਾਰਕ ਮੈਂਬਰ ਹੀ ਸਨ। ਮੇਰੀ ਬੇਟੀ ਆਫਤਾਬਪ੍ਰੀਤ ਨੇ ਉਹ ਕਿਤਾਬ ਰਿਲੀਜ਼ ਕੀਤੀ।

ਪ੍ਰੇਮ ਪ੍ਰਕਾਸ਼ ਕਹਿੰਦੇ 'ਜਤਿੰਦਰ ਹਾਂਸ ਤੇ ਰਾਣਾ ਨੂੰ ਵੀ ਸੱਦ ਲੈਂਦੀ-' ਮਤਲਬ ਚੰਗੇ ਕਹਾਣੀਕਾਰਾਂ ਦੀ ਉਹ ਕਦਰ ਕਰਦੇ ਨੇ।

ਫੇਰ ਦੁਬਾਰਾ ਕਿਤਾਬ ਦੀ ਗੋਸ਼ਠੀ ਲਈ ਨਿਰਾਲਾ ਕੋਲ ਬਰਨਾਲਾ ਵੀ ਪੁੱਜੇ। ਇਹ ਹਮੇਸ਼ਾ ਆਪਣੀ ਦੋਸਤ ਮੰਡਲੀ ਨਾਲ ਘਿਰੇ ਰਹਿੰਦੇ ਹਨ-ਤੇ ਦੋਸਤ ਮਿੱਤਰ ਵੀ ਇਨ੍ਹਾਂ ਦੇ ਸਾਥ ਦਾ ਮਾਣ ਕਰਦੇ ਨੇ। ਇਨ੍ਹਾਂ ਦੇ ਘਰ ਕੋਈ ਨਾ ਕੋਈ ਮਿੱਤਰ ਇਨ੍ਹਾਂ ਨੂੰ ਮਿਲਣ ਆਇਆ ਹੀ ਰਹਿੰਦਾ ਹੈ। ਪਰ ਮੈਨੂੰ ਨਹੀਂ ਯਾਦ ਕਿ ਪ੍ਰੇਮ ਪ੍ਰਕਾਸ਼ ਨੇ ਹੋਰ ਕਿਥੇ ਕਿਸੇ ਪੁਸਤਕ ਦੇ ਵਿਮੋਚਨ ਲਈ ਪ੍ਰਧਾਨਗੀ ਕੀਤੀ ਹੋਵੇ। ਕਈ ਵਾਰ ਲੋਕ ਮੈਨੂੰ ਪਹੁੰਚ ਕਰਨ ਲੱਗਦੇ-'ਤੁਸੀਂ ਪ੍ਰੇਮ ਪ੍ਰਕਾਸ਼ ਨੂੰ ਕਹੋ-ਮੈਂ ਉਨ੍ਹਾਂ ਤੋ ਕਿਤਾਬ ਰਿਲੀਜ਼ ਕਰਵਾਣੀ ਹੈ-' ਕੀ ਮੈਂ ਉਨ੍ਹਾਂ ਨੂੰ ਸਿਫਾਰਿਸ਼ ਕਰਨ ਦੀ ਹਿੰਮਤ ਕਰ ਸਕਦੀ ਹਾਂ?

ਪ੍ਰੇਮ ਪ੍ਰਕਾਸ਼ ਨੂੰ ਸਮਾਜ ਦੀਆਂ ਨੈਗਟਿਵ ਗੱਲਾਂ ਬਹੁਤ ਖਿੱਚਦੀਆਂ ਨੇ-ਜਿਨ੍ਹਾਂ ਗੱਲਾਂ ਨੂੰ ਸੁਣਨ 'ਚ ਲੋਕ ਗੁਰੇਜ਼ ਕਰਦੇ ਨੇ, ਇਹ ਉਹ ਗੱਲਾਂ ਨਿੱਠ ਕੇ ਕਰ ਲੈਂਦੇ ਨੇ-ਧਰਮ ਜਾਤ-ਪਾਤ ਵਰਗੇ ਸੈਂਸੇਟਿਵ ਮੁੱਦੇ ਵੀ ਬੜੇ ਅਰਾਮ ਨਾਲ ਡਿਸਕਸ ਕਰਦੇ ਨੇ। ਪ੍ਰੇਮ ਪ੍ਰਕਾਸ਼ ਨੂੰ ਗੜੇ ਮੁਰਦੇ ਪੁੱਟਣ ਦਾ ਜਿਵੇਂ ਸੁਆਦ ਆਉਂਦਾ ਹੈ। ਇਨ੍ਹਾਂ ਲੇਖਕਾਂ ਦੀ ਜਾਤ-ਪਾਤ ਦੀ ਸੂਚੀ ਤਿਆਰ ਕੀਤੀ ਤੇ ਕਈ ਲੇਖਕ ਇਨ੍ਹਾਂ ਤੋਂ ਖ਼ਫ਼ਾ ਵੀ ਹੋ ਗਏ। ਕਈਆਂ ਨੇ ਆਪਣੀ ਜਾਤ ਦਾ ਕੁਝ ਲੁਕੋ ਨਾ ਕਰਦੇ ਹੋਏ ਵੀ ਉਸ ਨੂੰ ਠੀਕ ਕਰਨ ਲਈ ਕਿਹਾ।

ਪ੍ਰੇਮ ਪ੍ਰਕਾਸ਼ ਕਈ ਰਹੱਸਮਈ ਮੁੱਦਿਆਂ ਤੋਂ ਪਰਦਾ ਚੁੱਕਣ ਤੋਂ ਗੁਰੇਜ਼ ਨਹੀਂ ਕਰਦੇ। 'ਕਪਾਲ' ਇਨ੍ਹਾਂ ਦੀ ਕਮਾਲ ਦੀ ਕਹਾਣੀ ਹੈ। ਔਰਤ-ਮਰਦ ਦੇ ਰਿਸ਼ਤਿਆਂ ਨੂੰ ਰੋਚਕ ਤੇ ਨਾਟਕੀ ਢੰਗ ਨਾਲ ਪੇਸ਼ ਕਰਦੇ ਪਾਠਕ ਦੇ ਧੁਰ ਅੰਦਰ ਥਾਂ ਬਣਾ ਲੈਂਦੇ ਨੇ। ਪਾਠਕ ਤੇ ਆਲੋਚਕ ਬੁਖਲਾਹਟ ਨੂੰ ਲੈ ਕੇ ਇਨ੍ਹਾਂ ਤੇ ਅਸ਼ਲੀਲਤਾ ਦਾ ਆਰੋਪ ਵੀ ਲਾ ਦਿੰਦੇ ਨੇ।

ਅਸ਼ਲੀਲਤਾ ਤੇ ਸ਼ੀਲਤਾ ਦੇ ਵੱਖਰਪੁਣੇ ਨੂੰ ਲੈ ਕੇ ਇਨ੍ਹਾਂ ਦਾ ਆਪਣਾ ਅੱਡ ਹੀ ਨਜ਼ਰੀਆ ਹੈ। ਮੰਟੋ ਦੀ ਕਹਾਣੀਆਂ ਵਿਚ ਆਮ ਤੌਰ ਤੇ ਲੋਕ ਅਸ਼ਲੀਲਤਾ ਭਾਲਦੇ ਨੇ। ਇਨ੍ਹਾਂ 'ਮੰਟੋ ਅਤੇ ਅਸ਼ਲੀਲਤਾ' ਪੁਸਤਕ ਲਿਖ ਕੇ ਕਈ ਲੋਕਾਂ ਦਾ ਭਰਮ ਤੋੜਿਆ।

ਮੇਰੀ ਕਹਾਣੀ 'ਮੱਛੀਆਂ' ਜਦੋਂ ਆਈ ਤਾਂ ਇਨ੍ਹਾਂ ਮੈਨੂੰ ਫੋਨ ਕੀਤਾ। ਨਿਰਮਲ ਤੂੰ ਔਰਤ-ਮਰਦ ਦੇ ਰਿਸ਼ਤੇ ਨੂੰ ਬੜੀ ਚੰਗੀ ਤੇ ਸੁਚੇਤਤਾ ਨਾਲ ਨਿਭਾਇਆ ਹੈ-ਕੋਈ ਹੋਰ ਲੇਖਕ ਹੁੰਦਾ ਤਾਂ ਉਸਨੇ ਰੇਪ ਵਿਖਾ ਦੇਣਾ ਸੀ-'ਮੇਰੀ ਇਸ ਕਹਾਣੀ ਦੇ ਥੀਮ ਨੂੰ, ਡਿਪ੍ਰੈਸ਼ਨ ਨੂੰ ਸੁਖਵੰਤ ਕੌਰ ਮਾਨ ਨੇ ਆਪਣੀ ਤਰ੍ਹਾਂ ਲਿਆ। ਅੱਜਕੱਲ੍ਹ ਕਈ ਨਵੀਆਂ ਲੇਖਿਕਾਵਾਂ ਨੇ ਇਸੇ ਥੀਮ ਤੇ ਕਹਾਣੀ ਲਿਖੀ ਹੈ।'

ਪ੍ਰੇਮ ਪ੍ਰਕਾਸ਼ ਦਾ ਇਕ ਇਲਜ਼ਾਮ ਤਾਂ ਬੜਾ ਚਰਚਿਤ ਹੈ-'ਇਨ੍ਹਾਂ ਦੀਆਂ ਕਹਾਣੀਆਂ 'ਚ ਔਰਤ ਜਰੂਰ ਹੁੰਦੀ ਹੈ-ਖਾਸ ਕਰਕੇ ਇਕੋ ਔਰਤ-'

'ਪਦਮਾ ਦੇ ਪੈਰ' ਇਨ੍ਹਾਂ ਦੀ ਬੜੀ ਚਰਚਿਤ ਕਹਾਣੀ ਹੈ। ਹਰ ਥਾਂ 'ਤੇ ਇਕ ਬ੍ਰਾਮਣੀ ਜਰੂਰ ਹੁੰਦੀ ਹੈ। ਪਰ ਕਿਸੇ ਨੇ ਵੀ ਇਹ ਵੇਖਣ ਦਾ ਯਤਨ ਨਹੀਂ ਕੀਤਾ ਕਿ ਹਿੰਦੂ ਬ੍ਰਾਮਣੀ ਦੇ ਚਰਿੱਤਰ ਨੂੰ, ਉਸ ਦੀਆਂ ਖਾਹਿਸ਼ਾਂ ਨੂੰ, ਕਿਸ ਤਰ੍ਹਾਂ ਹਿੰਦੂ ਸਮਾਜ ਨੇ ਪੂਜਾ-ਪਾਠ ਦੇ ਘੇਰੇ 'ਚ ਬੰਨ੍ਹ ਕੇ ਰੱਖ ਦਿੱਤਾ ਹੈ।

ਭੋਗ ਨੂੰ ਪ੍ਰੇਮ-ਪ੍ਰਕਾਸ਼ ਜੀਵਨ ਦੀ ਸਹਿਜ ਪ੍ਰਕਿਰਿਆ ਮੰਨ ਕੇ ਚਲਦੇ ਹਨ। ਬੰਦੇ ਲਈ ਉਹਦੀ ਸੰਤੁਸ਼ਟੀ ਦੀ ਮਹੱਤਾ ਜ਼ਰੂਰੀ ਹੈ। ਸਮਾਜ ਵਿਚ ਕਈ ਤਰ੍ਹਾਂ ਦੇ ਰਿਸ਼ਤੇ ਆਮ ਅੱਖ ਨਹੀਂ ਵੇਖ ਸਕਦੀ, ਜੇ ਉਨ੍ਹਾਂ ਰਿਸ਼ਤਿਆਂ ਨੂੰ ਕੋਈ ਕਹਾਣੀ ਦੇ ਤੌਰ ਤੇ ਦਸਦਾ ਹੈ ਤਾਂ ਇਹ ਗਦਗਦ ਹੋ ਜਾਂਦੇ ਹਨ-'ਕਿਸੇ ਤਾਂ ਹਿੰਮਤ ਕੀਤੀ। ਸਮਾਜ ਨੂੰ ਉਸ ਦੀਆਂ ਪਰਤਾਂ ਫਰੋਲ ਕੇ ਦੱਸਿਆ ਤਾਂ ਸਹੀ।'

ਮੇਰੀ ਇਕ ਕਹਾਣੀ ਹੈ 'ਰੇਤ ਦਾ ਰਿਸ਼ਤਾ' ਜਿਸਨੂੰ ਲੈਸਬੀਅਨ ਦੀ ਕਹਾਣੀ ਕਿਹਾ ਗਿਆ ਪਰ ਪ੍ਰੇਮ ਪ੍ਰਕਾਸ਼ ਨੂੰ 'ਰੇਤਲਾ' ਕਹਾਣੀ ਜ਼ਿਆਦਾ ਟੁੰਬਦੀ ਹੈ ਜੋ ਇਕ ਪਰਿਵਰਟਿਡ ਪਾਤਰ ਅਤੇ ਡਾਕਟਰ ਯੁਨਕ ਮਤਬੁਲ ਅਨੁਪੂਰਕ ਔਰਤ ਲਿੰਗ 'ਤੇ ਅਧਾਰਿਤ ਹੈ। ਕਿਉਂਕਿ ਇਹ ਗੱਲ ਲੀਕ ਤੋਂ ਹੱਟ ਕੇ ਹੈ।

ਪ੍ਰੇਮ ਪ੍ਰਕਾਸ਼ ਦੇ ਆਲੇ ਦੁਆਲੇ ਦੱਬੂ ਕਿਸਮ ਦੇ ਲੇਖਕ, ਤੇਜ਼ ਤਰਾਰ ਆਲੋਚਕ, ਸੰਵੇਦਨਸ਼ੀਲ ਕਵੀ ਤੇ ਪੜਾਕੂ ਬੰਦੇ ਜ਼ਿਆਦਾ ਨੇ। ਕਈ ਐਸੇ ਵੀ ਜੋ ਮਿੱਤਰ ਹੋ ਕੇ ਉਨ੍ਹਾਂ ਲਈ ਕਹਿਣਗੇ ਪ੍ਰੇਮ ਪ੍ਰਕਾਸ਼ ਵਧੀਆ ਲੇਖਕ ਨਹੀਂ-ਉਸਦੀ ਲਿਖਤ ਚੋਰੀ ਵੀ ਕਰ ਲੈਣਗੇ-ਆਪਣੇ ਕੋਲੋਂ ਵਾਕ ਜੋੜ ਵੀ ਦੇਣਗੇ ਪਰ ਪ੍ਰੇਮ ਪ੍ਰਕਾਸ਼ ਗੁੱਸਾ ਕਰਨ ਦੀ ਥਾਂ 'ਤੇ ਕਹਿਣਗੇ 'ਚਲ ਕੋਈ ਨੀ। ਮੈਂ ਉਸਨੂੰ ਕਈ ਵਰ੍ਹਿਆਂ ਤੋਂ ਜਾਣਦਾ ਹਾਂ ਜਲੰਧਰ ਦਾ ਹੈ-' ਆਪਣੀ ਮਿੱਤਰ ਮੰਡਲੀ ਜਾਂ ਉਨ੍ਹਾਂ ਨੂੰ ਬੁੜਾ ਜਾਂ ਬਾਬਾ ਕਹਿਣ ਵਾਲਿਆਂ ਨੂੰ ਥਾਪੜੀ ਦੇਈ ਰੱਖਦੇ ਨੇ-ਭਾਵੇਂ ਉਹ ਲੇਖਕ ਸਾਈਕਲ ਤੇ ਆਉਣ, ਕਾਰ, ਮੋਟਰ ਸਾਈਕਲ 'ਤੇ ਪਰ ਪ੍ਰੇਮ ਪ੍ਰਕਾਸ਼ ਦੀ ਖਿੱਚ ਹੀ ਬਹੁਤ ਹੈ।

ਕਈ ਵਾਰ ਪ੍ਰੇਮ ਪ੍ਰਕਾਸ਼ ਫੋਨ ਕਰਕੇ ਆਪਣੇ ਮਿੱਤਰ ਮੀਆਂ ਜੀ ਨੂੰ ਕਹਿਣਗੇ 'ਆਇਆ ਨਹੀਂ-ਆਜਾ।' ਇਹ ਮੀਆਂ ਕੌਣ ਹੈ ਉਹੀ ਜਾਣਨ।

ਪ੍ਰੇਮ ਪ੍ਰਕਾਸ਼ ਨੂੰ ਲਿਖਣ ਵਾਲੀਆਂ ਬੋਲਡ ਅਤੇ ਸੁਹਣੀਆਂ ਔਰਤਾਂ ਬਹੁਤ ਪਸੰਦ ਨੇ। ਕਹਿਣਗੇ, ਲੈ ਸੱਚੀਂ—। ਫਲਾਣੀ ਨੇ ਉਹ ਲਫਜ਼ ਵਰਤਿਆ ਜੋ ਆਮ ਔਰਤਾਂ ਬੋਲਣ ਤੋਂ ਗੁਰੇਜ਼ ਕਰਦੀਆਂ ਨੇ।

'ਕਿਹੜਾ?' ਮੈਂ ਤਾਂ ਕਦੇ ਗੁਰੇਜ਼ ਨਹੀਂ ਕੀਤੀ?

'ਭਾਈ ਤੂੰ ਹੀ ਨਹੀਂ, ਉਹ ਫਲਾਣੀ ਪੰਜਾਬੀ ਦੀ ਲਿਖਾਰੀ ਬਿਲਕੁਲ ਹੀ ਨਹੀਂ ਝਿਜਕਦੀ-ਕਦੇ ਡਿਸਕਸ ਕਰਨ ਵੇਲੇ ਕਿਸੇ ਸੰਭੋਗ ਲਫ਼ਜ਼ ਵਰਤਿਆ। ਉਹ ਬੜੀ ਬੋਲਡ ਹੈ।

ਪ੍ਰੇਮ ਪ੍ਰਕਾਸ਼ ਦੇ ਮੂਹਰੇ ਕੋਈ ਵੀ ਉਨ੍ਹਾਂ ਦੀ ਦਲੀਲ ਨਹੀਂ ਕੱਟ ਸਕਦਾ।

ਮੈਂ ਵੀ ਆਮ ਤੌਰ ਤੇ ਹਾਂ ਹੂੰ ਕਹੀ ਜਾਂਦੀ ਹਾਂ। ਮੇਰੇ ਕੋਲ ਤਜਵੀਜ਼ ਹੁੰਦੀ ਹੈ ਪਰ ਮੰਤਰ ਮੁਗਧ ਮੈਂ ਉਨ੍ਹਾਂ ਦੀਆਂ ਗੱਲਾਂ ਸੁਣੀ ਜਾਂ ਮੰਨੀ ਜਾਂਦੀ ਹਾਂ।

ਮਾਰਕਸਵਾਦ ਸੋ ਕਾਲਡ ਕਾਮਰੇਡਾਂ ਦੇ ਬੜੇ ਖਿਲਾਫ਼ ਨੇ 'ਐਵੇਂ ਹੀ ਰੀਂਅ ਰੀਂਅ ਕਰੀ ਜਾਂਦੇ ਨੇ-ਮੈਂ ਮਾੜੀ ਜਿਹੀ ਵੀ ਔਰਤ-ਮਰਦ ਦੀ ਗੱਲ ਲਿਖਾਂ, ਝੱਟ ਝੰਡਾ ਚੱਕ ਲੈਂਦੇ ਨੇ...ਲੈ ਮੈਂ ਨਹੀਂ ਡਰਦਾ।'

ਡਰਨਾ ਤਾਂ ਇਨ੍ਹਾਂ ਦੀ ਫਿਤਰਤ ਹੀ ਨਹੀਂ।

'ਮੈਨੂੰ ਆਪਣੇ ਪਿਓ ਨੇ ਚਾਰ ਵਾਰ ਘਰੋਂ ਕੱਢ ਦਿੱਤਾ ਮੈਂ ਨਹੀਂ ਡਰਿਆ। ਹੋਰ ਪੱਕਾ ਹੋ ਗਿਆ। ਜ਼ਰੂਰੀ ਤਾਂ ਨਹੀਂ ਜੋ ਮੇਰਾ ਬਾਪ ਕਹੇ ਉਹੀਓ ਹੋਊ ਜਾਂ ਉਹਓ ਕਰਾਂ?'

ਵੈਸੇ ਬੱਚਿਆਂ ਦੀ ਮਾਨਸਿਕਤਾ ਵੀ ਇਹੀਓ ਹੁੰਦੀ ਹੈ ਜਿਸ ਚੀਜ਼ ਤੋਂ ਉਨ੍ਹਾਂ ਨੂੰ ਰੋਕੀਏ ਉਨ੍ਹਾਂ ਉਹੀਓ ਕਰਨਾ-ਮੈਨੂੰ ਲਗਦਾ ਪ੍ਰੇਮ ਪ੍ਰਕਾਸ਼ ਵੀ ਕਦੀ-ਕਦੀ ਬੱਚਿਆਂ ਵਾਲੀ ਅਵਸਥਾ 'ਚ ਆ ਜਾਂਦੇ ਨੇ। ਇਨ੍ਹਾਂ ਨੇ ਹਰ ਨਵੀਂ ਅਨੋਖੀ ਤੇ ਵਰਜਿਤ ਚੀਜ਼ ਨੂੰ ਫਰੋਲ ਕੇ ਵੇਖਣਾ ਹੁੰਦਾ ਹੈ। ਇਸੇ ਕਰਕੇ ਹਰ ਨਵੇਂ ਲਿਖਾਰੀ, ਲੇਖਕ ਜਾਂ ਕਹਾਣੀਕਾਰ ਨੂੰ ਪਰਚੇ 'ਚ ਬਣਦੀ ਥਾਂ ਜ਼ਰੂਰ ਦਿੰਦੇ ਰਹੇ ਹਨ।

ਉਰਦੂ ਭਾਸ਼ਾ 'ਚ ਐਮ.ਏ.ਕੀਤੀ ਤੇ ਉਰਦੂ ਦੇ ਕਲਮਕਾਰ ਰਹੇ। ਪੰਜਾਬ 'ਚ ਵੈਸੇ ਵੀ ਉਰਦੂ, ਹਿੰਦੀ ਤੇ ਪੰਜਾਬੀ ਕਿਤੋਂ ਵੀ ਵੱਖਰੀ ਨਹੀਂ। ਮੰਟੋ, ਅਸ਼ਕ ਆਦਿ ਕਈ ਲੇਖਕ ਪੰਜਾਬ ਚੋਂ ਹੀ ਹਨ। ਪ੍ਰੇਮ ਪ੍ਰਕਾਸ਼ ਉਰਦੂ-ਹਿੰਦੀ ਦੇ ਜਾਣੂ ਹੋਣ ਕਾਰਣ ਇਨ੍ਹਾਂ ਦਾ ਸਾਹਿਤ ਭੰਡਾਰ ਨੱਕੋ ਨੱਕ ਭਰਿਆ ਹੋਇਆ ਹੈ। ਕਿਤੋਂ ਵੀ, ਕਿਸੇ ਵੀ ਤਰ੍ਹਾਂ ਦੀ ਗੱਲ ਛੇੜ ਲਵੋ-ਜਵਾਬ ਹਾਜ਼ਿਰ ਹੈ।

1990 'ਚ ਇਹ ਰਿਟਾਇਰ ਹੋਏ। ਇਹ ਪਹਿਲਾਂ ਵੀ ਦਲਿਤ ਮੂਵਮੈਂਟ ਨਾਲ ਜੁੜੇ ਹੋਏ ਸਨ ਪਰ ਰਿਟਾਇਰਮੈਂਟ ਤੋਂ ਬਾਅਦ ਇਹ ਉਸ ਮੂਵਮੈਂਟ ਨਾਲ ਹੋਰ ਜੁੜ ਗਏ। ਭਾਵੇਂ ਹੋਰ ਜਾਤੀ ਦੇ ਲੋਕ ਦਲਿਤਾਂ ਨੂੰ ਹਿਕਾਰਤ ਨਾਲ ਵੇਖਦੇ ਹਨ ਪਰ ਪ੍ਰੇਮ ਪ੍ਰਕਾਸ਼ ਇਨ੍ਹਾਂ ਦੀਆਂ ਥੋੜਾਂ ਨੂੰ, ਇਨ੍ਹਾਂ ਦੀਆਂ ਜਰੂਰਤਾਂ ਨੂੰ ਤੇ ਸਮਾਜ ਵਿੱਚ ਇਨ੍ਹਾਂ ਦੀ ਬਣਦੀ ਥਾਂ ਨੂੰ ਪਹਿਚਾਣਦੇ ਸਨ, ਇਸੇ ਕਰਕੇ ਇਹ ਆਪਣੇ ਖਿਲਾਫ਼ ਵੀ ਬੋਲਦੇ ਸਨ।

ਵੈਸੇ ਇਨ੍ਹਾਂ ਦੇ ਖਿਲਾਫ ਕਈ ਅਦਾਰੇ, ਕਈ ਲੇਖਕ ਅੱਜ ਵੀ ਖੜ੍ਹੇ ਨੇ-ਮੈਨੂੰ ਲਗਦਾ ਲੇਖਕਾਂ 'ਚ ਜਾਤ-ਪਾਤ ਦੀ ਸੂਚੀ ਇਨ੍ਹਾਂ ਦੀ ਹੀ ਕਾਢ ਸੀ-ਇਸ ਕਰਕੇ ਕਈ ਲੋਕ ਇਨ੍ਹਾਂ ਦੇ ਖਿਲਾਫ ਹੋਏ। ਮੇਰੇ ਕਹਿਣ ਤੇ ਕਿ ਲੇਖਕਾਂ ਵਿੱਚ ਜਾਤ-ਪਾਤ ਨਹੀਂ ਹੋਣੀ ਚਾਹੀਦੀ-ਲੇਖਕ ਤਾਂ ਲੇਖਕ ਹੁੰਦਾ।

'ਤੈਨੂੰ ਕੀ ਪਤਾ ਤੁਸੀਂ ਤਾਂ ਬਾਹਰੋਂ ਆਏ ਹੋਏ ਹੋ। ਇਥੇ ਆਪਣੇ-ਆਪਣੇ ਜੁਟ ਬਣ ਜਾਂਦੇ ਨੇ...ਚੱਲ ਛੱਡ ਤੈਂਅ ਕੀ ਲੈਣਾ?

ਪ੍ਰੇਮ ਪ੍ਰਕਾਸ਼ ਦੀ ਡਿਓਲ ਪਰਸਨੈਲਿਟੀ ਹੈ-ਬੰਦੇ 'ਚ ਬੰਦਾ। ਉਪਰੋਂ ਹੋਰ ਤੇ ਅੰਦਰਲਾ ਬੜਾ ਸੰਵੇਦਨਸ਼ੀਲ।

ਇਨ੍ਹਾਂ ਕੁੱਤਾ ਪਾਲ ਲਿਆ। ਮੇਰੇ ਘਰ ਵੀ ਪਾਮੇਰੀਅਨ ਪਾਲਤੂ ਫੀਮੇਲ ਸੀ ਪਰ ਜਦੋਂ ਵੀ ਉਸ ਕੁੱਤੇ ਦੇ ਹੁੰਦੇ ਉਨ੍ਹਾਂ ਦੇ ਘਰ ਗਈ ਤਾਂ ਬਾਹਰੋਂ ਹੀ ਕਹਿ ਦਿੰਦੀ 'ਪਲੀਜ਼ ਪਹਿਲਾਂ ਇਸਨੂੰ ਸੰਗਲ ਪਾ ਲਵੋ।' ਕਾਲੇ ਰੰਗ ਦਾ ਕੱਦਾਵਰ ਕੁੱਤਾ। ਖ਼ੂੰਖਾਰ ਸੀ। ਪਰ ਜਿਸ ਤਰ੍ਹਾਂ ਇਨ੍ਹਾਂ ਨੇ ਗਾਂ-ਬੱਛੇ ਜਾਂ ਬੱਕਰੀਆਂ ਦਾ ਖਿਆਲ ਕੀਤਾ ਹੋਣਾ-ਉਸ ਦੋਂ ਵੱਧ ਇਨ੍ਹਾਂ ਨੇ ਕੁੱਤੇ ਦੀ ਸਾਂਭ-ਸੰਭਾਲ ਕੀਤੀ। ਤੇ ਕੁੱਤਾ ਜਵਾਨ ਹੋਣ 'ਤੇ ਘਰੋਂ ਨੱਠ ਗਿਆ।

ਨੱਠ ਗਿਆ ਤਾਂ ਨੱਠ ਗਿਆ-ਪਰ ਨਹੀਂ-ਇਹ ਉਸ ਕੁੱਤੇ ਨੂੰ ਲੱਭ ਕੇ ਲੈ ਆਏ। ਉਹ ਕੁੱਤਾ ਦਿਨੋਂ-ਦਿਨ ਇੰਨਾ ਖ਼ੂੰਖਾਰ ਹੁੰਦਾ ਗਿਆ ਕਿ ਇਹ ਉਸ ਨੂੰ ਆਪ ਕਿਸੇ ਪਿੰਡ ਛੱਡ ਆਏ—ਕਦੀ-ਕਦੀ ਵੇਖਣ ਜਾਂਦੇ ਰਹੇ-ਕੁੱਤਾ ਵੀ ਹੁੰਮਹੁੰਮਾ ਕੇ ਮਿਲਦਾ ਰਿਹਾ। ਹੌਲੀ-ਹੌਲੀ ਕੁੱਤਾ ਆਪਣੀ ਬਿਰਾਦਰੀ 'ਚ ਰਲ ਗਿਆ। ਪ੍ਰੇਮ ਪ੍ਰਕਾਸ਼ ਦੇ ਸ਼ਬਦਾਂ 'ਚ ਉਹ ਮੋਹ ਹੀਣ ਹੋ ਗਿਆ।

ਫੇਰ ਕਦੇ ਇਹ ਕੁੱਤੇ ਨੂੰ ਮਿਲਣ ਲਈ ਨਹੀਂ ਗਏ।

✪

# ਕਹਾਣੀ ਵਰਗੀ
# ਸੁਖਵੰਤ ਕੌਰ ਮਾਨ ਨਾਲ ਗੱਲਾਂ

ਕਈ ਬਾਲ ਕਹਾਣੀਆਂ, ਨਾਵਲ, ਵਾਰਤਕਾਂ ਅਤੇ ਬੋਲਡ ਕਹਾਣੀਆਂ ਆਦਿ ਦੀ ਮਾਲਕ ਸੁਖਵੰਤ ਕੌਰ ਮਾਨ ਨੂੰ ਮੇਰੀ ਜਾਚੇ ਜੇ ਜਾਣਨਾ ਹੈ ਤਾਂ ਉਸ ਦੀਆਂ ਲਿਖਤਾਂ ਨੂੰ ਪੜ੍ਹ ਕੇ ਹੀ ਉਸ ਨੂੰ ਨਹੀਂ ਜਾਣ ਸਕਦਾ, ਸਗੋਂ ਉਸ ਨਾਲ ਖਰਮਸਤੀਆਂ ਕਰਕੇ ਉਸਦੇ ਅੰਦਰ ਦੀ ਖਿਲਖਿਲਾਹਟ ਤੇ ਚੁਲਬੁਲੇਪਨ ਨੂੰ ਵੇਖਿਆ ਜਾਵੇ ਤਦ ਉਸਨੂੰ ਸਮਝਿਆ ਜਾ ਸਕਦਾ ਹੈ। ਮੈਂ ਕਦੇ-ਕਦੇ ਉਹਨੂੰ ਮਿਲਦੀ ਰਹੀ ਹਾਂ। ਚੰਡੀਗੜ੍ਹ ਇਕ ਛੋਟਾ ਜਿਹਾ ਟਾਪੂ ਵਰਗਾ ਹੈ, ਅਸੀਂ ਪੰਜਾਬੀਆਂ ਲਈ ਇਹ ਇਕ ਆਈਲੈਂਡ ਹੀ ਹੈ। ਜਦੋਂ ਵੀ ਕੋਈ ਪੰਜਾਬੀ ਲੇਖਕਾਂ ਦਾ ਕੱਠ, ਗੋਸ਼ਟੀਆਂ, ਕਵੀ ਦਰਬਾਰ, ਵਰਲਡ ਕਾਨਫਰੰਸ ਜਾਂ ਕੋਈ ਪੰਜਾਬੀ ਮੇਲਾ ਹੋਵੇ ਤਾਂ ਗਿਣੇ ਚੁਣੇ ਲੇਖਕ ਇਕ ਦੂਜੇ ਨੂੰ ਮੋਢਾ ਮਾਰਦੇ, ਅੱਖਾਂ ਨਾਲ ਅੱਖਾਂ ਮਿਲਾਉਂਦੇ ਟਿੱਪਣੀਆਂ ਕੱਸਦੇ, ਚੁਗਲੀਆਂ ਕਰਦੇ, ਮਰਦ-ਔਰਤ ਲੇਖਕਾਂ ਨਾਲ ਆਨੇ ਬਹਾਨੇ ਗੱਲਾਂ ਕਰਦੇ ਮਿਲ ਹੀ ਜਾਂਦੇ ਨੇ। ਵੈਸੇ ਔਰਤਾਂ ਵੀ ਆਨੇ ਬਹਾਨੇ ਮਰਦਾਂ ਨਾਲ ਗੱਲਾਂ ਕਰਨੀਆਂ ਲੋਚਦੀਆਂ ਨੇ।

ਮੈਨੂੰ ਇਸ ਆਨੇ ਬਹਾਨੇ ਦੀ ਲੋੜ ਇਕ ਅੱਧ ਨੂੰ ਛੱਡ ਕਿਸੇ ਨਾਲ ਵੀ ਮਹਿਸੂਸ ਨਹੀਂ ਹੋਈ। ਵਿਸ਼ੇਸ਼ ਤੌਰ ਤੇ ਸੁਖਵੰਤ ਕੌਰ ਮਾਨ ਨਾਲ। ਉਹ ਜਦੋਂ ਵੀ ਮਿਲਦੀ ਹੈ— 'ਨੀਂ ਦਸ ਫੇਰ ਕੀ ਹਾਲ ਜੇ?' ਕਹਿੰਦੀ ਖਿੜ ਜਾਂਦੀ ਹੈ। ਅਸੀਂ ਕਈ ਔਰਤਾਂ ਕੋਲ ਆਪਣਾ ਆਪਣਾ ਆਵਾਜਾਈ ਦਾ ਸਾਧਨ ਹੈ। ਸੁਖਵੰਤ ਮੋਹਾਲੀ 10 ਫੇਜ਼ 'ਚ ਰਹਿੰਦੀ ਹੈ। ਉਸਦੀ ਕੋਠੀ ਦੀ ਸੜਕੋਂ ਪਾਰ ਹੀ ਰਮਾ ਰਤਨ ਦਾ ਸਾਰੰਗ ਲੋਕ ਹੈ। ਫੇਜ਼ 10 'ਚ ਹੀ 'ਮੇਰਾ ਮਾਲਵਾ, ਮੇਰਾ ਮਾਝਾ ਤੇ ਮੇਰਾ ਦੁਆਬਾ' ਕਵਿਤਾ ਦੀ ਕਵਿਤਰੀ ਸੁਰਜੀਤ ਕੌਰ ਬੈਂਸ ਰਹਿੰਦੀ ਹੈ। ਪਹਿਲਾਂ 10 ਫੇਸ 'ਚ ਤਾਰਨ ਗੁਜਰਾਲ ਰਹਿੰਦੇ ਸਨ (ਹੁਣ ਉਹ ਸੈਕਟਰ-50 'ਚ ਚਲੇ ਗਏ ਨੇ)। ਮੋਹਾਲੀ ਦੇ ਫੇਸ 9 'ਚ ਸੰਤੋਖ ਸਿੰਘ ਧੀਰ ਜੀ ਤੇ ਅੱਜ ਦੇ ਯੁੱਗ ਦੇ ਸਾਹਿਤ ਵਿਚ ਤਰਲੋ ਮੱਛੀ ਹੁੰਦਾ ਨਵਾਂ ਚਿਹਰਾ ਵੀ ਰਹਿੰਦਾ ਹੈ। ਹੋਰ ਕਈ ਲੇਖਕਾਂ ਦਾ ਗੜ੍ਹ ਵੀ ਮੋਹਾਲੀ ਹੈ। ਇਸੇ ਕਰਕੇ ਸੁਖਵੰਤ ਕੌਰ ਨੂੰ ਕਦੇ ਵੀ ਚੰਡੀਗੜ੍ਹ ਆਉਣ ਜਾਣ ਦੀ ਔਖ ਨਹੀਂ ਹੋਈ। ਕਈ ਵਾਰ ਸੁਖਵੰਤ ਗੁੱਸੇ ਵੀ ਹੋ ਜਾਂਦੇ ਹਨ— 'ਇਹ ਕੀ? ਕਿਸੇ ਨਾਲ ਜੇ ਆਵੋ ਤਾਂ ਬੱਝ ਜਾਂਦੀ ਹਾਂ।' ਇਹੀ ਉਸਦੀ ਮਜਬੂਰੀ ਹੈ। ਪਰ ਅੱਜ ਕੱਲ ਆਟੋ ਰਿਕਸ਼ਾ ਦੀ ਭਰਮਾਰ ਹੈ। ਜਿਥੇ ਹਵਾ 'ਚ ਪ੍ਰਦੂਸ਼ਨ ਨਾਲ ਸਾਹ ਲੈਣਾ ਔਖਾ ਸੀ, ਉਥੇ ਇਹ ਔਖ ਵੀ ਜਾਂਦੀ ਰਹੀ। ਫੇਰ ਵੀ ਥੋੜ੍ਹੀ ਬਹੁਤ ਮਜਬੂਰੀ ਉਸਨੂੰ ਝੱਲਣੀ ਪੈਂਦੀ ਹੈ।

ਮੈਂ ਕਿਸੇ ਕਿਤਾਬ ਦੇ ਪਿੱਛੇ ਸੁਖਵੰਤ ਦੀ ਹੀਰੋਇਨ ਵਰਗੀ ਫੋਟੋ ਵੇਖੀ ਸੀ, ਉਨ੍ਹਾਂ ਦੇ ਮੂੰਹ ਮੁਹਾਂਦਰੇ ਨੂੰ ਵੇਖ ਉਨ੍ਹਾਂ ਦੇ ਸੁਹੱਪਣ ਨੂੰ ਮੈਂ ਮਹਿਸੂਸ ਕਰ ਸਕਦੀ ਹਾਂ। ਕਹਿੰਦੇ ਨੇ— 'ਖੁਸ਼ੀ ਆਦਮੀ ਨੂੰ ਬਣਾ ਦਿੰਦੀ ਹੈ ਗੁਲਾਬ'। ਸ਼ਾਇਦ ਉਨ੍ਹਾਂ ਦੀ ਜ਼ਿੰਦਗੀ ਖੁਦ ਇਕ ਗੁਲਾਬ ਹੈ ਤੇ ਇਸ ਗੁਲਾਬ ਨਾਲ ਕੰਡੇ ਤਾਂ ਹੁੰਦੇ ਹੀ ਹਨ। ਇਨ੍ਹਾਂ ਕੰਡਿਆਂ ਤੋਂ ਕਿਹੋ ਜਿਹਾ ਡਰ?

ਕਈ ਲੇਖਕ ਜਾਂ ਉਨ੍ਹਾਂ ਨੂੰ ਮਿਲਣ ਵਾਲੇ ਵਿਅੰਗ ਕਰਦੇ ਦੱਸਦੇ ਸਨ ਕਿ ਅਸੀਂ ਫੋਟੋ ਵੇਖ ਕੇ ਜਦੋਂ ਉਨ੍ਹਾਂ ਨੂੰ ਮਿਲਣ ਗਏ ਤਾਂ ਅਸੀਂ ਉਨ੍ਹਾਂ ਨੂੰ ਹੀ ਵਾਰ-ਵਾਰ ਕਹਿੰਦੇ ਰਹੇ, 'ਅਸੀਂ ਸੁਖਵੰਤ ਨੂੰ ਮਿਲਣਾ ਜੇ।' ਜਦੋਂ ਉਨ੍ਹਾਂ ਕਿਹਾ, 'ਮੈਂ ਹੀ ਸੁਖਵੰਤ ਹਾਂ।' ਤਾਂ ਸਾਡੇ ਮੂੰਹ ਅੱਡੇ ਦੇ ਅੱਡੇ ਰਹਿ ਗਏ। ਇਹ ਉਹ ਲੋਕ ਹਨ ਜਿਨ੍ਹਾਂ ਕਦੇ ਖੂਬਸੂਰਤੀ ਨਹੀਂ ਸੀ ਵੇਖੀ। ਉਹ ਹੱਡ ਮਾਸ ਦੇ ਪੁਤਲੇ ਨੂੰ ਮਿਲਣ ਗਏ ਸੀ ਨਾ ਕਿ ਸੁਖਵੰਤ ਨੂੰ.......।

ਮੈਂ ਪਹਿਲਾਂ 1998 ਦੀ ਚੰਡੀਗੜ੍ਹ ਪੰਜਾਬੀ ਵਰਲਡ ਕਾਨਫਰੰਸ ਵਿਚ ਉਨ੍ਹਾਂ ਨੂੰ ਮਿਲੀ ਸਾਂ। ਸ਼ਿਵ ਵਾਂਗ ਉਸਦਾ ਤੀਜਾ ਨੇਤਰ ਬੜਾ ਤੇਜ਼ ਹੈ। 'ਤੂੰ ਖਿੰਡਿਆ ਆਦਮੀ ਕਹਾਣੀ ਲਿਖੀ ਹੈ?' ਇਥੇ ਤਾਂ ਸਾਰੇ ਖਿੰਡੇ ਪੁੰਡੇ ਨੇ, ਵੇਖ ਖਾਂ। ਇਹ ਲੇਖਕਾਂ ਦਾ ਜਲੂਸ।' ਕਹਿ ਕੇ ਜ਼ੋਰ ਦੀ ਹੱਸ ਪਏ ਸਨ। ਉਦੋਂ ਉਹ ਅਚਾਨਕ ਘਬਰਾ ਕੇ ਚਹਿਕ ਪੈਂਦੇ ਸਨ ਤੇ ਅਚਾਨਕ ਹੀ ਕੰਬਨੀ ਛੁੱਟ ਪੈਂਦੀ ਸੀ—ਤ੍ਰਬਕ ਕੇ ਦੂਰ ਜਾ ਖਲੋਂਦੇ ਸਨ। ਮੈਨੂੰ ਬੜਾ ਅਜੀਬ ਲੱਗਣਾ। ਇਹ ਮੇਰੇ ਨਾਲ ਇਸ ਤਰ੍ਹਾਂ ਕਿਉਂ ਕਰਦੇ ਨੇ? ਪਰ ਥੋੜ੍ਹੇ ਚਿਰ ਬਾਅਦ ਹੀ ਮੈਂ ਉਨ੍ਹਾਂ ਦਾ ਇਹ ਵਤੀਰਾ ਕਿਸੇ ਹੋਰ ਨਾਲ ਖੜ੍ਹੇ ਵੀ ਵੇਖਿਆ। ਇਹ ਕੁਦਰਤੀ ਸੀ। ਮੇਰੇ ਜ਼ਿਹਨ 'ਚ ਪ੍ਰਸ਼ਨ ਉੱਭਰਿਆ—ਇਸ ਤਰ੍ਹਾਂ ਕਿਉਂ? ਪੁੱਛਾਂਗੀ ਕਦੇ?

ਲੋਕਾਂ ਨੇ ਕਈ ਕੁਝ ਆਪ ਹੀ ਆਪ ਮੇਰੇ ਬਿਨਾਂ ਪੁੱਛੇ ਹੀ ਦੱਸਿਆ,'ਵਿਆਹ ਹੋਇਆ ਸੀ। ਪਰ ਰੱਬ ਜਾਣੇ ਪਤਾ ਨ੍ਹੀ ਕੀ ਹੋਇਆ, 'ਕੱਲੇ ਰਹਿੰਦੇ ਨੇ। ਵਗੈਰਾ ਵਗੈਰਾ—

ਇਸ ਤ੍ਰਾਸਦੀ ਨੂੰ ਲੋਕਾਂ ਨੇ 'ਤਰਸ' ਵਿਚ ਤਬਦੀਲ ਕੀਤਾ ਹੋਇਆ ਹੈ। ਉਹ ਕਨਾਲ ਦੀ ਕੋਠੀ 'ਚ ਕਈ ਜੀਆਂ ਨਾਲ ਰਹਿੰਦੇ ਨੇ, ਨਾਲ ਸੱਕੀ ਭੈਣ ਰਹਿੰਦੀ ਹੈ। ਇਕ ਰਿਸ਼ਤੇਦਾਰ ਭੈਣ ਤੇ ਉਨ੍ਹਾਂ ਦੇ ਜਵਾਕ। ਕਦੀਂ ਕਦੀਂ ਕੋਈ ਨਾ ਕੋਈ ਰਿਸ਼ਤੇਦਾਰ ਕੁੜੀ ਜਾਂ ਮੁੰਡਾ ਚੰਡੀਗੜ੍ਹ ਪੜ੍ਹਾਈ ਕਾਰਨ ਰਹਿਣ ਆਏ ਰਹਿੰਦੇ ਨੇ। ਪਰ 'ਕੱਲੀ ਹੈ। ਇਨ੍ਹਾਂ ਸਾਰੇ ਜੀਆਂ ਵਿਚ ਰਹਿੰਦੇ ਹੋਏ ਵੀ ਲੋਕਾਂ ਅਨੁਸਾਰ 'ਕੱਲੀ ਹੈ। ਮਤਲਬ ਆਪਣਾ ਮਰਦ ਨਹੀਂ ਤਾਂ 'ਕੱਲੀ ਹੈ।

ਪਿੱਛੇ ਜਿਹੇ ਮੈਨੂੰ ਉਨ੍ਹਾਂ ਦੇ ਘਰ ਜਾਣ ਦਾ ਮੌਕਾ ਮਿਲਿਆ। ਮੌਕਾ ਸ਼ਾਇਦ ਨਾਂ ਮਿਲਦਾ ਪਰ ਪ੍ਰੇਮ ਪ੍ਰਕਾਸ਼ ਹੈ ਨਾ, ਕਿਸੇ ਨਾ ਕਿਸੇ ਵਿਚ ਦੀਵਾ ਜਗਾਈ ਰੱਖਦੇ ਨੇ। ਜਾਂ  ਕਹਿ ਲਓ 'ਭਕਾਈ' ਰੱਖਦੇ ਨੇ। ਸੁਖਵੰਤ ਨੂੰ ਜਾਣਨਾ ਚਾਹੀਦਾ ਹੈ। ਉਸਦੇ ਘਰ ਜਾਹ—ਜਾਂ ਉਸਨੂੰ ਸੱਦ।

ਮੈਂ ਇਕ ਦਿਨ 3 ਬੀ ਫੇਸ ਦੇ ਬੈਂਕ ਮੂਹਰੇ ਖੜ੍ਹੀ ਸੀ ਕਿ ਸੁਖਵੰਤ ਜੀ ਨੂੰ ਫੋਨ ਕੀਤਾ। ਉਸ ਕਿਹਾ-'ਹੁਣੇ ਮੇਰੇ ਕੋਲ ਸਿਰਫ ਦੋ ਘੰਟੇ ਜੇ। ਜੇਕਰ ਆਉਣਾ, ਹੁਣੇ ਆ ਜਾ।' ਅਫਸਰ ਦੀ ਅਫਸਰੀ, ਮੈਂ ਉਸੇ ਵੇਲੇ ਆਪਣੀ ਕਾਰ ਉਸਦੇ ਘਰ ਵੱਲ ਮੋੜ ਦਿੱਤੀ। ਉਹ ਮੈਨੂੰ ਉਡੀਕਦੇ ਮਿਲੇ।

'ਮੈਂ ਚਾਹ ਬਣਾਉਨੀ ਹਾਂ' ਉਸ ਦੌਰਾਨ ਮੈਂ ਬਹੁਤੀ ਖਾਸ ਗੱਲ ਨਾ ਕਰ ਸਕੀ। ਉਸ ਨੂੰ ਸਿਰਫ਼ ਜਜ਼ਬ ਕਰ ਸਕੀ। ਜਜ਼ਬ ਮੈਂ ਕਈਆਂ ਵਰ੍ਹਿਆਂ ਤੋਂ ਕਰ ਰਹੀ ਹਾਂ। ਉਹ ਕਈਆਂ ਨਾਲੋਂ ਅਲੱਗ ਥਲੱਗ ਤੇ ਵੱਖਰੀ ਹੈ। ਇਹ ਵੱਖਰਾਪਨ ਉਸਦੀਆਂ ਲਿਖਤਾਂ 'ਚੋਂ ਵੀ ਝਲਕਾਰੇ ਮਾਰਦਾ ਹੈ। ਪੜ੍ਹਨ ਦੀ ਸ਼ੌਕੀਨ ਹੈ। ਕਈ ਨਾਵਲ, ਕਹਾਣੀਆਂ ਤੇ ਲੇਖਕਾਂ ਨੂੰ ਵਾਚਿਆ ਹੈ।

'ਮੈਂ ਇਹ ਸਾਰਾ ਕੁਝ ਜਾਂ ਤਾਂ ਅਨੁਵਾਦ ਕੀਤਾ ਪੜ੍ਹਿਆ' ਜਾਂ ਅੰਗਰੇਜ਼ੀ.'ਚ।..ਲੈ ਮੈਨੂੰ ਉਰਦੂ ਤੇ ਹਿੰਦੀ ਵੀ ਆਉਂਦੀ ਹੈ। 'ਆਗ ਕਾ ਦਰਿਆ', ਲਖਨਊ ਦੀ ਲੇਖਿਕਾ ਹੈ ਕੁਰਤੁਲ ਐਨ ਹੈਦਰ—ਉਰਦੂ 'ਚ ਪੜ੍ਹਿਆ। 'ਲਿਹਾਫ' ਵੀ ਪੜ੍ਹੀ। ਉਸ ਜ਼ਮਾਨੇ 'ਚ ਜਦੋਂ ਇਹੋ ਜਿਹੀਆਂ ਖੁਲ੍ਹੀਆਂ ਗੱਲਾਂ ਲੁਕਵੀਆਂ ਹੁੰਦੀਆਂ ਸਨ ਤਾਂ ਵੀ 'ਲਿਹਾਫ' ਜਿਹੀ ਕਹਾਣੀ ਆਈ।

ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜੀ ਲੇਖਕਾਂ ਤੇ ਉਨ੍ਹਾਂ ਦੀਆਂ ਕ੍ਰਿਤਾਂ ਬਾਰੇ ਗੱਲਾਂ ਕਰੀ ਜਾਂਦੇ ਸਨ। ਉਹ ਰਾਜਨੀਤੀ ਅਤੇ ਧਰਮ ਬਾਰੇ ਵੀ ਗੱਲਾਂ ਕਰ ਸਕਦੇ ਸਨ। ਧਰਮ ਤੇ ਰਾਜਨੀਤੀ ਕੀ ਹੈ। ਮਾਰ ਦਿਉ ,ਵੱਢ ਦਿਉ, ਸੁੱਟ ਦਿਉ ਹੋਰ ਕੀ?

ਸੁਖਵੰਤ ਕੌਰ ਚਾਹ ਬਣਾ ਕੇ ਲੈ ਆਏ ਸਨ। ਚਾਹ ਠੀਕ ਬਣੀ ਸੀ। ਨਾਲ ਮੱਠੀਆਂ ਸਨ। ਮੈਨੂੰ ਚਾਹ ਦੀ ਗੱਲ ਯਾਦ ਆ ਗੀ। ਪਹਿਲਾਂ-ਪਹਿਲਾਂ ਸੁਖਵੰਤ ਮੇਰੇ ਘਰ ਤਿੰਨ ਚਾਰ ਵਾਰ ਆ ਚੁੱਕੇ ਹਨ। ਮੇਰੇ ਮੂਹਰੇ ਚਾਹ ਨਹੀਂ ਸੀ ਪੀ ਸਕਦੇ। ਉਹ ਉੱਠ ਕੇ ਕਿਚਨ ਵਿਚ ਚਾਹ ਪੀਣ ਚਲੇ ਜਾਂਦੇ ਸੀ।

'ਮੈਂ ਕਿਸੇ ਮੂਹਰੇ ਕੁਝ ਖਾ ਪੀ ਨਹੀਂ ਸਕਦੀ, ਬੁਰਾ ਨਾ ਮੰਨੀ। ਮੈਂ ਚਾਹ ਪੀ ਕੇ ਆਈ ਹਾਂ।' ਉਹ ਕੋਈ ਗੱਲ ਨਹੀਂ ਸੀ ਲੁਕਾਂਦੇ। ਅਤਿ ਸੰਵੇਦਨਸ਼ੀਲ ਹੋਣ ਕਾਰਨ ਉਨ੍ਹਾਂ ਦੇ ਸਰੀਰ ਦੀਆਂ ਤਰੰਗਾਂ ਸੰਵੇਦਨ ਹੋ ਕੇ ਕੰਬਣ ਲੱਗ ਪੈਂਦੀਆਂ ਸਨ। ਮੈਨੂੰ ਇਸ 'ਚ ਕੋਈ ਬੁਰਾਈ ਜਾਂ ਨੈਗੇਟਿਵ ਜਿਹਾ ਕੁਝ ਨਜ਼ਰ ਨਹੀਂ ਸੀ ਆਇਆ। 'ਮੇਰੇ 'ਚ ਕਾਨਫੀਡੈਂਸ ਦੀ ਘਾਟ ਹੈ......।' ਦੱਸਦੇ ਹੁੰਦੇ ਸਨ।

ਪਰ ਹੁਣ ਇਸ ਵੇਲੇ ਪੰਜ-ਛੇ ਵਰ੍ਹਿਆਂ ਬਾਅਦ ਉਹ ਸਹਿਜ ਹੀ ਚਾਹ ਬਣਾ ਕੇ ਮੇਰੇ ਮੂਹਰੇ ਰੱਖ ਗਏ ਸਨ ਤੇ ਉਨ੍ਹਾਂ ਵਿਚ ਕੋਈ ਕੰਪਕੰਪਾਹਟ ਜਾਂ ਥਰਥਰਾਹਟ ਨਹੀਂ ਸੀ। ਉਨ੍ਹਾਂ ਕਿਹਾ, ਇਕ ਵਾਰ ਦਿੱਲੀ ਸਾਡੇ ਕੋਈ ਕਰਨਲ ਰਿਸ਼ਤੇਦਾਰ ਨੇ ਪੁੱਛਿਆ, 'ਤੁਸੀਂ ਲੇਖਕ ਹੋ ਤਾਂ ਪੜ੍ਹਦੇ ਹੀ ਹੋਵੋਗੇ? ਖ਼ੁਸ਼ਵੰਤ ਨੂੰ ਪੜ੍ਹਿਆ ਜੇ?

'ਲਿਖਣਾ ਹੈ ਤਾਂ ਪੜ੍ਹਨਾ ਤਾਂ ਹੁੰਦਾ ਹੀ ਹੈ।' ਸੁਖਵੰਤ ਨੇ ਜਵਾਬ ਦਿੱਤਾ। ਵੀਨਾ ਵਰਮਾ ਦੱਸਦੀ ਹੁੰਦੀ ਹੈ— ਮੈਂ ਕੁਝ ਨਹੀਂ ਪੜ੍ਹਦੀ। ਮੇਰੇ  ਅਨੁਭਵ ਹੀ ਮੇਰੀਆਂ ਲਿਖਤਾਂ ਹਨ। ਪਰ ਸੁਖਵੰਤ ਪੜ੍ਹਦੇ ਰਹਿੰਦੇ ਹਨ। ਹੈਰਾਨਕੁਨ ਕਰ ਦੇਣ ਵਾਲੀਆਂ ਲਿਖਤਾਂ ਵੀ—

'ਨਿਰਮਲ, ਖ਼ੁਸ਼ਵੰਤ ਦਾ ਮੈਨੂੰ ਡੈਥ ਐਟ ਮਾਈ ਡੋਰ ਸਟੈਪ (Death at my doorstep) ਬਹੁਤ ਚੰਗਾ ਲੱਗਿਆ। ਰੁਸ਼ਦੀ ਦਾ 'ਫਰੀਡੰਮ ਐਟ ਮਿਡ ਨਾਈਟ'—ਤੂੰ ਪੜ੍ਹਿਆ ਹੈ?' ਉਹ ਮੈਨੂੰ ਤਾਂ ਪੁੱਛਦੇ ਹੀ ਹਨ ਪਰ ਨਾਲ ਹੀ ਗੱਲਾਂ-ਗੱਲਾਂ 'ਚ ਪਤਾ ਚਲ ਜਾਂਦਾ ਹੈ ਕਿ ਜੋ ਉਹ ਮੇਰੇ ਤੋਂ ਪੁੱਛ ਰਹੇ ਹਨ, ਪੜ੍ਹ ਚੁੱਕੇ ਹਨ।

'ਟੈਸ', 'ਗਾਨ ਵਿਦ ਦ ਵਿੰਡ', ਟੈਗੋਰ ਦਾ 'ਗੋਰਾ' ਬੰਗਲਾ ਲੇਖਕਾ, ਤਸਲੀਮਾ ਨਸਰੀਨ ਦੀਆਂ ਲਿਖਤਾਂ ਆਦਿ ਦਾ ਜ਼ਿਕਰ ਬਖ਼ੂਬੀ ਕਰਦੇ ਹਨ।

ਮੈਨੂੰ ਅੰਮ੍ਰਿਤਾ ਨਾਲੋਂ ਕ੍ਰਿਸ਼ਨਾ ਸੋਬਤੀ ਕਿਤੇ ਚੰਗੀ ਲੇਖਿਕਾ ਲਗਦੀ ਹੈ। ਉਸਦੀ 'ਮਿੱਤਰੋ ਮਰਜਾਣੀ' ਕਮਾਲ ਦੀ ਰਚਨਾ ਹੈ। ਅੰਮ੍ਰਿਤਾ ਨੇ ਜ਼ਿਆਦਾਤਰ ਕਾਲਪਨਿਕ ਚੀਜ਼ਾਂ ਪੜ੍ਹੀਆਂ। 'ਦੇਵ' ਨਿਰਾ ਕਾਲਪਨਿਕ ਹੈ।' ਵੈਸੇ ਅੰਮ੍ਰਿਤਾ ਪ੍ਰੀਤਮ ਉੱਤੇ ਖ਼ੂਬ ਇਨਾਮ ਬਰਸਾਏ ਗਏ ਹਨ। ਸਾਡੇ ਸਾਹਿਤਕਾਰ ਮਿੱਤਰ ਤਾਂ ਉਨਾਂ ਦੇ ਤੁਰ ਜਾਣ 'ਤੇ ਵੀ ਘਰ ਜਾ ਕੇ ਦੇ ਕੇ ਆਏ ਹਨ। ਜਿਵੇਂ ਹੋਰ ਪੰਜਾਬੀ ਲੇਖਕ ਕੋਈ ਹੈ ਹੀ ਨਹੀਂ—

'ਕਿਉਂ? ਉਨ੍ਹਾਂ ਦੇ ਪਰਚੇ ਨੇ ਕਈ ਲੇਖਕ ਪੈਦਾ ਕੀਤੇ।'

'ਹਾਂ— ਉਹ ਲੇਖਕ ਨੇ ਬਸ।' ਮੁਸਕਰਾ ਪੈਂਦੇ ਨੇ।

'ਤੁਹਾਡੀਆਂ ਲਿਖਤਾਂ 'ਚ ਕਿੰਨੀ ਕੁ ਕਲਪਨਾ ਹੈ? '

'ਮੈਂ ਜ਼ਿੰਦਗੀ ਨੂੰ ਨੇੜਿਓਂ ਵੇਖਿਆ ਹੈ? ' ਠਹਾਕਾ ਲਾ ਕੇ ਹੱਸਦੇ ਹਨ।

'ਵੈਸੇ ਮੇਰਾ ਪਿਛੋਕੜ ਨਨਕਾਣਾ ਸਾਹਿਬ (ਪਾਕਿਸਤਾਨ) ਦਾ ਹੈ।

ਤੁਸੀਂ ਉਥੋਂ ਕਿਸ ਤਰ੍ਹਾਂ ਆਏ। ਮੈਂ ਹੁਣੇ ਪੁੱਛਣ ਹੀ ਲੱਗੀ ਸਾਂ ਕਿ 'ਤੂੰ ਚਾਹ ਪੀ।' ਮੈਂ ਨਹੀਂ ਜੇ ਪੀਣੀ, ਮੇਰੀ ਤਬੀਅਤ ਖਰਾਬ ਹੋ ਜਾਂਦੀ ਹੈ।' ਉਹ ਉਚੀ ਹੱਸਦੇ ਹੋਏ ਕਹਿੰਦੇ ਹਨ।

'ਕਿਉਂ'? ਮੇਰੇ ਪਿੱਤੇ 'ਚ ਸਟੋਨ ਹੈ। ਜੋ ਤੰਗ ਕਰੀ ਰੱਖਦਾ ਹੈ। ਮੈਂ ਆਪਰੇਸ਼ਨ ਕਰਾ ਕੇ ਪਰ੍ਹਾਂ ਕਰ ਦੇਣਾ ਇਸਨੂੰ।

ਹੁਣ ਮੈਂ ਹੋਮਿਓਪੈਥੀ ਦੀ ਦਵਾ ਲੈ ਰਹੀ ਹਾਂ। ਪਤਾ ਨ੍ਹੀ ਕੀ ਕੂੜ-ਅੰਦਰੋਂ ਅੰਦਰੀ ਸੜਦਾ ਪਿਆ ਹੈ'। ਕਹਿ ਕੇ ਫੇਰ ਜ਼ੋਰ ਦੀ ਹੱਸਦੇ ਨੇ। ਤਣਾਅ ਮੁਕਤ ਹਾਸਾ ਉਨ੍ਹਾਂ ਦੇ ਸਾਰੇ ਚਿਹਰੇ 'ਤੇ ਫੈਲ ਜਾਂਦਾ ਹੈ। ਮੈਨੂੰ ਸੈਕਟਰ-16 ਦੇ ਕਲਾ ਭਵਨ ਵਿਚ ਹੁਲਾਰੇ ਮਾਰਦੀ ਤੇ ਮੇਰੀ ਕਮਰ ਵਿਚ ਉਂਗਲਾਂ ਖੁਭੋ ਕੇ ਮੈਨੂੰ ਹਸਾਉਣ ਵਾਲੀ ਸੁਖਵੰਤ ਯਾਦ ਆ ਜਾਂਦੀ ਹੈ।

'ਜੀਣ ਦਾ ਜਿਗਰਾ ਜੇ ਕਿਸੇ ਕੋਲ ਹੈ ਤਾਂ ਕੋਈ ਸੁਖਵੰਤ ਕੋਲੋਂ ਸਿੱਖੇ।' ਮੈਂ ਫੇਰ ਆਵਾਂਗੀ ਕਹਿ ਕੇ ਤੁਰ ਆਉਂਦੀ ਹਾਂ। ਪਰ ਮੇਰੇ ਜਿਹਨ 'ਚ ਉਸ ਦੀ ਇਕੱਲਤਾ ਦੀ ਜ਼ਿੰਦਗੀ ਫੜਫੜਾਉਣ ਲੱਗਦੀ ਹੈ। ਜਦੋਂ ਮੇਰੇ ਪੁੱਛਣ 'ਤੇ ਉਸ ਦਸਿਆ ਸੀ

ਮੇਰੀ ਵਿਆਹੁਤਾ ਜ਼ਿੰਦਗੀ ਸਿਰਫ ਇਕ ਹਫਤੇ ਦੀ ਰਹੀ। ਉਸ ਤੋਂ ਬਾਅਦ ਮੈਂ ਸਹੁਰੇ ਘਰ ਕਦੇ ਨ੍ਹੀ ਗਈ। ਉਸਦਾ ਰੁਤਬਾ ਮੇਰੇ ਨਾਲੋਂ ਘੱਟ ਸੀ। ਮੈਨੂੰ ਜਾਪਦਾ ਇਹ Insecurity ਦਾ ਕਾਰਨ ਹੀ ਉਨ੍ਹਾਂ ਦੇ ਸਰੀਰ ਦੀਆਂ ਤਰੰਗਾਂ ਨੂੰ ਟਿਕਾਅ ਨਹੀਂ ਦਿੰਦਾ। ਅੱਜ ਕੱਲ੍ਹ ਸੁਖਵੰਤ ਖੁਸ਼ ਰਹਿੰਦੇ ਹਨ ਤੇ ਖੁਸ਼ ਦਿੱਸਦੇ ਹਨ। ਉਨ੍ਹਾਂ ਦੇ ਚਿਹਰੇ ਤੇ ਗੁਲਾਬੀ ਰੰਗਤ, ਹਲਕੀ ਲਿਪਸਟਿਕ ਤੇ ਸਿਲਕ ਦੇ ਸੂਟਾਂ ਦਾ ਫਬਦਾ ਪਹਿਰਾਵਾ ਤੇ ਗਲੇ 'ਚ ਹਮੇਸ਼ਾ ਵਾਂਗ ਗੁਲਾਬੀ ਭਾਅ ਮਾਰਦਾ ਮੋਤੀਆਂ ਦਾ ਨੈਕਲੈਸ ਵੇਖਿਆ ਜਾ ਸਕਦਾ ਹੈ।

21 ਦਸੰਬਰ ਦੁਪਹਿਰ ਵੇਲੇ—ਸੁਖਵੰਤ ਜੀ ਮੈਨੂੰ ਫੇਰ ਸੱਦਿਆ, 'ਦੁਪਹਿਰ ਦਾ ਖਾਣਾ ਇਥੇ ਹੀ ਖਾਉਣਾ। ਮੈਂ ਆਪ ਹੀ ਰਸੋਈ ਕਰਦੀ ਹਾਂ।'

ਤੇ ਬਾਹਰ ਲਾਅਨ 'ਚ ਪਾਈਪ ਵਾਲੇ ਮੰਜੇ 'ਤੇ ਝਾਲਰਾਂ ਵਾਲੀ ਚਾਦਰ ਵਿਛੀ ਪਈ ਸੀ। ਅਸੀਂ ਦੋਹੇਂ ਧੁੱਪ ਸੇਕਦੇ ਆਪਸ 'ਚ ਗੱਲਾਂ ਕਰਦੇ ਰਹੇ। ਆਪਣੇ ਆਪ ਨੂੰ ਫਰੋਲਦੇ ਰਹੇ। ਮੇਰੀ ਨਿਗਾਹ ਵਾਰ-ਵਾਰ ਉਨ੍ਹਾਂ ਦੇ ਗਲੇ ਤੇ ਜਾ ਰਹੀ ਸੀ। ਅੱਜ ਉਨ੍ਹਾਂ ਦੋ ਲੜੀਆਂ ਵਾਲਾ ਨੈਕਲੈਸ ਪਾਇਆ ਹੋਇਆ ਸੀ।

'ਲੈ ਤੂੰ ਨਨਕਾਣਾ ਸਾਹਿਬ ਦੇ ਪਿਛੋਕੜ ਦਾ ਪੁੱਛਿਆ ਸੀ। ਸਾਡਾ ਪਰਿਵਾਰ ਉਥੋਂ ਆ ਕੇ ਆਹ ਜਿਹੜਾ ਫਤਿਹਗੜ੍ਹ ਸਾਹਿਬ ਕੋਲ ਪਿੰਡ ਤਲਾਣੀਆ ਹੈ ਨਾ, ਉਥੇ ਸਾਨੂੰ ਥਾਂ ਮਿਲ ਗਈ ਸੀ। ਚਾਹੁੰਦੀ ਸਾਂ, ਸੜਕ ਨੇੜੇ ਜੇ ਮੈਨੂੰ ਪਲਾਟ ਮਿਲ ਜਾਂਦਾ ਤਾਂ ਮੈਂ ਉਥੇ ਆਪਣਾ ਘਰ ਬਣਾ ਲੈਂਦੀ। ਇਹ ਮੇਰੀ ਭੈਣ ਦੀ ਕੋਠੀ ਹੈ, ਭਾਵੇਂ ਮੈਨੂੰ ਕੋਈ ਤਕਲੀਫ਼ ਨਹੀਂ। ਫੇਰ ਵੀ ਆਪਣੀ ਪੈਰਾਂ ਹੇਠਲੀ ਜ਼ਮੀਨ ਆਪਣੀ ਹੀ ਹੁੰਦੀ ਹੈ, ਸੋਚ ਕੇ ਸੁੱਖ ਮਿਲਦਾ ਹੈ। ਪਰ ਮੇਰੇ ਭਰਾਵਾਂ ਮੇਰੇ ਨਾਲ ਜ਼ਿਆਦਤੀ ਕੀਤੀ। ਉਨ੍ਹਾਂ ਮੈਨੂੰ ਪਿੰਡ ਦੇ ਪਿੱਛੇ ਹਿੱਸੇ ਵੱਲ ਪਲਾਟ ਦੇ ਦਿੱਤਾ। ਮੈਂ ਕੀ ਕਰਨਾ ਜੇ ਉਸਦਾ।'

'ਤੁਸੀਂ ਕਦੀ ਮੁੜ ਪਾਕਿਸਤਾਨ ਵੀ ਗਏ ਹੋ?'

'ਤੂੰ ਗਈ ਹੈਂ? ਲੈ ਤੂੰ ਤਾਂ ਅਮਰੀਕਾ, ਕਨਾਡਾ ਜਾਣਾ....ਹਾਂ ਮੈਂ ਪਿੱਛਲੇ ਵਰ੍ਹੇ ਗਈ ਸਾਂ ਅੰਬਰਸਰ ਹਰਿਮੰਦਰ ਸਾਹਿਬ ਮੀਆਂ ਮੀਰ ਫਕੀਰ ਦੀ ਇਕ ਸੰਸਥਾ ਹੈ। ਬਲਜੀਤ ਕੌਰ ਬਲੀ ਤੇ ਉਸ ਦੀ ਇਕ ਸਹੇਲੀ ਨਾਲ ਮੈਂ ਪਾਕਿਸਤਾਨ ਗਈ ਸਾਂ। ਬਹੁਤਾ ਚੰਗਾ ਅਨੁਭਵ ਨਹੀਂ ਸੀ ਰਿਹਾ।

'ਕਿਉਂ? '

'ਪਤਾ ਜੇ ਕਿਸੇ ਨਾਲ ਜਾ ਕੇ ਬੰਨ੍ਹ ਜਾਂਦਾ ਬੰਦਾ। ਬਲਜੀਤ ਬਲੀ ਤੇ ਉਸਦੀ ਸਹੇਲੀ ਦੀਆਂ ਆਪਣੀਆਂ ਮਜਬੂਰੀਆਂ ਸਨ। ਮੈਂ ਜਿਆਦਾ ਘੁੰਮ ਫਿਰ ਨਾ ਸਕੀ। ਨਾ ਹੀ ਕੋਈ ਸਾਨੂੰ ਲੈਣ ਆਇਆ ਤੇ ਜ਼ਿਆਦਾ ਮਾਣ-ਸਨਮਾਣ ਨਹੀਂ ਜਾਪਿਆ। ਮਜ਼ਾ ਨਹੀਂ ਆਇਆ। ਮੈਨੂੰ ਲੱਗਦਾ ਕਿਸੇ ਸੰਸਥਾ ਵੱਲੋਂ ਸੱਦੇ ਤੇ ਜਾਣਾ ਠੀਕ ਤੇ ਚੰਗਾ ਰਹਿੰਦਾ। ਬੰਦਾ ਘੁੰਮ ਫਿਰ ਵੀ ਸਕਦਾ, ਮਿਲ ਜੁਲ ਵੀ ਸਕਦਾ। ਅਸੀਂ ਤਾਂ ਮਸਾਂ ਹੀ ਬੰਦਾ ਲੱਭਿਆ।'

'ਆਰੰਭ 'ਚ ਸੁਖਵੰਤ ਜੀ ਤੁਸੀਂ ਮਾਰਕਸਵਾਦੀ ਕਹਾਣੀਆਂ ਲਿਖੀਆਂ ਸਨ?'

'ਕੌਣ ਕਹਿੰਦਾ? ਮੈਂ ਕੋਈ ਮਾਰਕਸਵਾਦੀ ਕਹਾਣੀ ਨਹੀਂ ਲਿਖੀ। ਮਾਰਕਸਵਾਦੀ ਪੜ੍ਹੀਆਂ ਜ਼ਰੂਰ ਨੇ।

'ਤੇ ਫੇਰ 'ਚੱਟੂ' ਕਹਾਣੀ ਕਿਵੇਂ ਬਣੀ—'

'ਹਾਂਅ ਨੀ ਚੱਟੂ ਦੀ ਗੱਲ ਨਾ ਕਰ...।' ਜ਼ੋਰ ਦੀ ਹੱਸਦੀ ਹੈ ਸੁਖਵੰਤ—ਇਸ ਦਾ ਐਂਡ ਤਾਂ ਬੜਾ ਹਾਸੇ ਵੀਨ੍ਹਾ ਹੈ। ਆਪ ਹੀ ਬਣ ਗਿਆ। ਵੈਸੇ ਸਾਡੇ ਮੁਸਲਮਾਨ ਭਰਾਵਾਂ ਨਾਲ ਚੰਗੇ ਰਿਸ਼ਤੇ ਰਹੇ ਹਨ। ਇਹ ਨਫ਼ਰਤ ਵਗੈਰਾ ਲੋਕਾਂ 'ਚ ਥੋੜ੍ਹਾ ਸੀ। ਇਹ ਤਾਂ ਆਪਣੀ ਆਪਣੀ ਮਾਨਸਿਕਤਾ ਹੈ। ਮੈਂ ਦੰਗੇ ਫਸਾਦ ਵਰਗੀ ਮਾਨਸਿਕਤਾ ਤੋਂ ਬਹੁਤ ਦੂਰ ਹਾਂ। ਸਾਡੇ ਸਾਰੇ ਪਰਿਵਾਰ ਦਾ ਹਰ ਇਨਸਾਨ (ਜਾਤ-ਪਾਤ ਤੋਂ ਪਰੇ) ਨਾਲ ਚੰਗਾ ਵਰਤਾਰਾ ਸੀ। 'ਚੱਟੂ' ਕਹਾਣੀ ਉਸੇ ਮਾਨਸਿਕਤਾ ਵਿਚੋਂ ਨਿਕਲੀ ਕਹਾਣੀ ਹੈ। ਵਿਰਕ ਦੀ ਖੱਬਲ ਕਹਾਣੀ ਦੀ ਯਾਦ ਆ ਗਈ।' ਕਹਿੰਦੇ ਹੋਏ ਸੁਖਵੰਤ ਕੁਝ ਸੋਚਦੇ ਹਨ—'ਵੈਸੇ ਜੇ ਤੂੰ ਕਹੇਂ ਤਾਂ ਉਹ ਮੇਰਾ ਗਲਪ ਕਾਵਿ ਹੈ ਨਾ।'

'ਡਿਊੜੀ', ਹਾਂ ਉਹ ਉਸ ਵਿੱਚ ਪਿੰਡ ਦੇ ਗਰੀਬ ਕਿਰਸਾਨ, ਕਾਮਿਆਂ ਨਾਲ ਸੰਵੇਦਨਸ਼ੀਲਤਾ ਰੱਖਣ ਵਾਲੀ ਗੱਲ ਜ਼ਰੂਰ ਹੈ। ਮੇਰਾ ਗੱਚ ਭਰ ਆਉਂਦਾ ਹੈ। ਜਦੋਂ ਮੈਂ ਪਿੰਡਾਂ ਵਿੱਚ ਵਸਦੇ ਗਰੀਬ ਲੋਕ ਵੇਖਦੀ ਹਾਂ।' 'ਹਾਂ ਵਾਰਤਕ ਲਿਖਣ ਨੂੰ ਜੀ ਹੋਰ ਕਰਦਾ। ਵੈਸੇ ਹੁਣ ਤੀਜੀ ਗਲਪ ਕਾਵਿ ਤਿਆਰ ਹੈ।

'ਸੁਖਵੰਤ ਤੁਸਾਂ ਐਮ.ਏ. ਪੰਜਾਬੀ ਦੀ ਕੀਤੀ। ਮਨੋਵਿਗਿਆਨ ਵੀ ਪੜ੍ਹਿਆ ਹੋਣਾ। ਆਦਮੀ ਦੇ ਅੰਦਰ ਦਾ ਮਨੋਵਿਗਿਆਨ?' ਮੈਂ ਛੇੜਦੀ ਹਾਂ।

'ਹਾਂ ਹਾਂ—ਤੇਰੇ ਕਹਿਣ ਦਾ ਮਤਲਬ ਮਰਦ ਦਾ ਮਨੋਵਿਗਿਆਨ। ਰੋਜ਼ ਹੀ ਆਲੇ-ਦੁਆਲੇ ਹਰ ਤਰ੍ਹਾਂ ਦੇ ਬੰਦੇ ਮਿਲਦੇ, ਫੇਰ ਕੁਝ ਲੁਕ ਜਾਂਦੇ ਨੇ..... ਛੱਡ, ਸਾਰੇ ਹੀ ਚੰਗੇ ਨੇ।

'ਕੀ ਸਾਰੇ ਮਰਦ ਲੇਖਕ ਵੀ ਚੰਗੇ ਨੇ? '

'ਨਿਰਮਲ ਵੇਖਿਆ ਜਾਵੇ ਤਾਂ ਠੀਕ ਹੀ ਹਨ। ਲਮਕਾ ਕੇ ਗੱਲ ਕਰਦੇ ਨੇ, ਬਹੁਤੀ ਖੁਲ੍ਹ ਕੇ ਨਹੀਂ ਕਹਿੰਦੇ। ਇਕ ਲਕੀਰ ਜਿਹੀ ਖਿੱਚੀ ਹੁੰਦੀ ਹੈ ਚਿਹਰੇ ਤੇ। ਵਿਅੰਗ ਤੇ ਉਦਾਸੀ ਦੀ।'

'ਤੇ ਇਸ ਉਮਰ 'ਚ 'ਮਕੜੀਆਂ' ਕਿਵੇਂ ਨਿਕਲ ਆਈ।' ਮੈਂ ਉਨ੍ਹਾਂ ਨੂੰ ਫੇਰ ਛੇੜਦੀ ਹਾਂ। ਤੁਹਾਡੇ unconscious mind 'ਚ ਕੋਈ ਬੈਠਾ ਤੁਹਾਨੂੰ ਉਡੀਕ ਤਾਂ ਨਹੀਂ ਰਿਹਾ।

'ਮੈਨੂੰ ਹੁਣ ਕਿਸ ਉਡੀਕਣਾ। ਇਹ ਤਾਂ ਅੰਦਰ ਕਿਤੇ ਲੁਕਵੇਂ ਮਨ 'ਚ ਬੀਤੇ ਪਲ ਬੈਠੇ ਹਨ ਜੋ ਜਾਲ ਬੁਣਦੇ ਬਾਹਰ ਆ ਜਾਂਦੇ ਨੇ। ਵੈਸੇ ਤੈਨੂੰ ਦੱਸਾਂ—ਲੇਖਕ (ਮਰਦ) ਕੋਈ ਚੰਗਾ ਨ੍ਹੀ।

'ਕਿਉਂ ਪ੍ਰੇਮ ਪ੍ਰਕਾਸ਼, ਗੁਰਬਚਨ ਭੁੱਲਰ ਤੇ ਕਰਨਲ ਭੁਲਰ ਚੰਗੇ ਨ੍ਹੀ? '

'ਤੂੰ ਬੜੀ ਚਲਾਕ ਹੈਂ। ਮੈਨੂੰ ਛੇੜਦੀ ਹੈਂ....

'ਚਲੋ ਚੰਗਾ ਨਹੀਂ ਛੇੜਦੀ। ਪਰ ਵਿਆਹ ਤੋਂ ਬਾਅਦ ਕੋਈ ਦੋਸਤੀ ਯਾਰੀ ਨਹੀਂ ਰਹੀ?' ਮੈਂ ਹੌਲੀ ਜਿਹੇ ਉਨ੍ਹਾਂ ਨੂੰ ਨਾ ਛੇੜਣ ਦਾ ਵਾਅਦਾ ਕਰਕੇ ਵੀ ਛੇੜ ਦਿੰਦੀ ਹਾਂ।

'ਯਾਰ —ਕੋਈ ਨਾ ਕੋਈ ਤਾਂ ਹਰ ਵੇਲੇ ਚੰਗਾ ਲੱਗਦਾ ਹੀ ਹੈ। ਤੇ ਚੰਗਾ ਲੱਗਣਾ ਹੁਣ ਵੀ ਜਾਰੀ ਹੈ। ਉਹ ਹਵਾ 'ਚ ਹੱਥ ਹਿਲਾ ਕੇ ਇਕ ਦਮ ਚਹਿਕ ਪੈਂਦੇ ਨੇ। ਚਿਹਰੇ ਤੇ ਗੁਲਾਬੀ ਰੰਗਤ ਆ ਜਾਂਦੀ ਹੈ। 'ਤੇਰਾ ਕੋਈ ਦੋਸਤ ਮਿੱਤਰ ਨਹੀਂ" ਮੈਨੂੰ ਸਵਾਲ ਪੁੱਛਦੇ-ਪੁੱਛਦੇ ਕਹਿੰਦੇ ਨੇ, 'ਹਾਇ ਓ ਰੱਬਾ—ਨ੍ਹੀ ਬੱਸ 'ਚ ਮਿਲਣ ਵਾਲਾ ਉਹ ਮੁੰਡਾ ਹੁਣ ਤੱਕ ਮੈਨੂੰ ਯਾਦ ਹੈ। ਉਸਦੀ ਸ਼ਕਲ ਹੁਣ ਵੀ ਮੇਰੇ ਮੂਹਰੇ ਆ ਜਾਂਦੀ ਹੈ। ਪਤਾ ਨ੍ਹੀ ਕਿਉਂ ਨਹੀਂ ਭੁਲਦੀ।'

'ਅੱਛਾ ਵੈਸੇ ਹੁਣ ਕੋਈ ਖ਼ਾਸ ਮਿੱਤਰ? '

'ਮੈਂ ਖ਼ਾਸ—ਕਿਸ ਤੇ ਉਂਗਲ ਟਿਕਾਵਾਂ।'.. ਉਹ ਖਿੜਖਿੜਾ ਪੈਂਦੇ ਨੇ। ਤੇ ਇਹ ਉਂਗਲ ਈ ਨਹੀਂ ਟਿਕਦੀ ਕਿਸੇ ਤੇ।

ਤੇ ਇਸਤਰੀ ਲੇਖਿਕਾ 'ਚ ਕੌਣ ਚੰਗੀ ਲੱਗਦੀ? '

'ਇਹ ਇਸਤਰੀ ਤੇ ਪੁਰਸ਼ ਲੇਖਕ ਕੀ ਹੁੰਦਾ? '

'ਮੈਂ ਤੇ ਤੁਸੀਂ ਔਰਤਾਂ ਹਾਂ—ਇਸ ਨਾਤੇ?'

'ਹੱਛਾ—ਵੈਸੇ ਲੇਖਕ ਤਾਂ ਲੇਖਕ ਹੁੰਦਾ, ਪਰ ਵੱਡੇ ਮੈਟਰੋਸਿਟੀ ਦੀਆਂ ਲੇਖਿਕਾਵਾਂ ਆਪਣੇ ਆਪ ਨੂੰ ਸੁਪਰ-ਮੋਸਟ ਸਮਝਦੀਆਂ ਹਨ।'

'ਤੇ' ਹੈ ਨਹੀਂ ਜੇ।' ਉਹ ਫੇਰ ਹੱਸ ਪੈਂਦੇ ਨੇ।

'ਤੁਹਾਨੂੰ ਆਪਣੀਆਂ ਕਹਾਣੀਆਂ ਚੋਂ ਸਭ ਤੋਂ ਟਰੇਜਿੱਕ ਕਹਾਣੀ ਕਿਹੜੀ ਮਹਿਸੂਸ ਹੁੰਦੀ ਹੈ?'

ਤ੍ਰਾਸਦੀ ਵਾਲੀ ਕਹਾਣੀ 'ਬੋਲ ਮੇਰੀ ਮੱਛਲੀ', 'ਅੱਡਿਆ ਹੋਇਆ ਹੱਥ', 'ਚਾਦਰ ਹੇਠਲਾ ਬੰਦਾ'।

'ਹਾਂ ਸੱਚ ਇਹ ਲੇਖਕ ਕਹਾਣੀ ਦੇ ਨਾਂਅ ਕਿਉਂ ਚੋਰੀ ਕਰ ਲੈਂਦੇ ਨੇ?'...ਆ ਜਿੰਦਰ ਨੇ ਮੇਰੀ ਕਹਾਣੀ 'ਬੋਲ ਮੇਰੀ ਮੱਛਲੀ' ਦਾ ਟਾਈਟਲ ਚੋਰੀ ਕੀਤਾ।

'ਛੱਡੋ—ਲੋਕਾਂ ਨੇ ਕਈ ਕੁਝ ਚੋਰੀ ਕੀਤਾ ਹੁੰਦਾ ਹੈ। ਜੇ ਚੋਰੀ ਨਾ ਕਰਨ ਤਾਂ ਰੱਬ ਵਲੋਂ ਹਾਜ਼ਮਾ ਦਰੁਸਤ ਨ੍ਹੀ ਹੁੰਦਾ। ਇਹ ਚੋਰੀ ਕਰਨਾ ਜਾਂ ਆਪਣੇ ਆਪ ਹੀ ਚੋਰੀ ਹੋ ਜਾਣਾ ਕੁਦਰਤੀ ਹੈ।

'ਤੂੰ ਅਤੇ ਵੀਨਾ ਵਰਮਾ ਨੇ ਵੀ ਤਾਂ ਕਹਾਣੀ ਦਾ ਨਾਂ 'ਚੂਹਾ' ਰੱਖਿਆ।

'ਸੁਖਵੰਤ ਜੀ—ਤੁਹਾਡੀ 'ਚੂਹਾ' ਕਹਾਣੀ 'ਚ ਚੂਹਾ ਟਿੰਡੇ ਭਾਂਡੇ ਖੜਕਾਉਂਦਾ ਰਹਿੰਦਾ ਹੈ।...ਵੀਨਾ ਵਰਮਾ ਦਾ ਮਰਿਆ ਚੂਹਾ ਹੈ ਤੇ ਮੇਰਾ ਜਿਉਂਦਾ ਜਾਗਦਾ ਟਪੂਸੀਆਂ ਮਾਰਦਾ ਚੂਹਾ ਹੈ।'

'ਅੱਛਾ ਚੂਹੇ ਚੂਹੇ 'ਚ ਫਰਕ ਹੈ—ਫੇਰ ਕੋਈ ਨ੍ਹੀ, ਪਰ ਜਿੰਦਰ ਨੇ ਜਾਣ-ਬੁਝ ਕੇ 'ਬੋਲ ਮੇਰੀ ਮੱਛਲੀ' ਨਾਂ ਚੋਰੀ ਕੀਤਾ।'

'ਕਦੇ ਤੁਸਾਂ ਚੋਰੀ ਨੀ ਕੀਤੀ? '

'ਪਰਾਂਅ੍ਹ ਹੋ—ਮੈਂ ਚੋਰੀ ਕਰਾਂਗੀ? '

'ਮੇਰਾ ਕਹਿਣ ਦਾ ਮਤਲਬ ਤੁਹਾਡੀਆਂ ਕਹਾਣੀਆਂ ਵਰਜਿਤ ਰਿਸ਼ਤਿਆਂ (extra marital relation) ਦੀ ਗੱਲ ਵੀ ਕਰਦੀਆਂ ਹਨ। ਮਸਲਨ ਮਕੜੀਆਂ-2 ਕੀ ਤੁਸੀਂ ਕਿਸੇ ਨਾਲ ਦੋਸਤੀ ਜਾਂ ਪਿਆਰ ਦੀ ਚੋਰੀ ਨ੍ਹੀ ਕੀਤੀ।

'ਜੇ ਇਸ ਤਰ੍ਹਾਂ ਹੁੰਦਾ ਤਾਂ ਮੈਂ ਡਿਪ੍ਰੇਸਡ ਹੋ ਜਾਣਾ ਸੀ। ਮੈਨੂੰ ਕਦੇ ਡਿਪ੍ਰੇਸ਼ਨ ਨਹੀਂ ਹੋਇਆ। ਕਈ ਵਾਰ ਕੋਈ ਚੰਗਾ ਲਗਦਾ ਹੈ। ਪਰ ਇਸ ਤਰ੍ਹਾਂ ਕਦੇ ਨਹੀਂ ਹੋਇਆ।'

'ਵਿਆਹ ਦੀ ਸੰਸਥਾ ਨੂੰ ਜੇ ਮੰਨਦੇ ਹੋ ਤਾਂ ਮੁੜ ਵਿਆਹ ਦਾ ਕਦੇ ਨ੍ਹੀ ਸੋਚਿਆ? ' ਮੈਂ ਸਹਿਜ ਹੀ ਪੁੱਛਿਆ। ਮੈਨੂੰ ਉਨ੍ਹਾਂ ਦੀ ਇਕੱਲਤਾ ਉਦਾਸ ਕਰ ਰਹੀ ਸੀ, ਪਰ ਸੁਖਵੰਤ ਜੀ ਉਸ ਗੀਤ ਦੇ ਬੋਲਾਂ ਵਾਂਗ ਹੱਸਣ ਤੇ ਮਸ਼ਕਰੀਆਂ ਕਰਨ ਲੱਗ ਪਏ।

'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ, ਹਰ ਫਿਕਰ ਕੋ ਧੂੰਏਂ ਮੇਂ ਉੜਾਤਾ ਚਲਾ ਗਯਾ'

'ਵੇਖ ਵਿਆਹ ਕਰਕੇ ਪਤੀ ਨੂੰ ਨਾਲ ਬੰਨ੍ਹ ਕੇ ਕੀ ਕਰਨਾ ਏ। ਕੁੱਤੇ ਵਾਂਗ ਸੰਗਲੀ ਖਿੱਚੀ ਫਿਰੋ। ਕਦੀ ਰਿਸ਼ਤੇਦਾਰ ਉਸਦੇ, ਕਦੇ ਦੋਸਤ ਮੇਰੇ। ਕਦੀ ਉਹ ਬੀਮਾਰ, ਕਦੇ ਮੈਂ ਬੀਮਾਰ ਤੇ ਕਦੇ ਬੱਚਾ, ਬਸ ਘੜੀਸੀ ਫਿਰੋ ਸੰਗਲੀ ਫੜ ਕੇ।'

'ਜੁੱਤੀ ਖੜਕੀ ਤੇ ਤੂੰ ਵੀ ਖੜਕੀ...' ਤੇ ਦਿਲ ਖੋਲ੍ਹ ਕੇ ਹੱਸਦੇ ਮੈਨੂੰ ਈ ਸੁਆਲ ਕਰ ਦਿੰਦੇ ਹਨ।

'ਤੂੰ ਦੱਸ ਨਿਰਮਲ, ਤੂੰ ਕਿਉਂ ਨੀਂ ਵਿਆਹ ਕਰਾਉਂਦੀ?' ਮੈਂ ਕੁਝ ਕਹਿਣ ਹੀ ਲਗੀ ਸਾਂ ਕਿ ਸੁਖਵੰਤ ਤ੍ਰਬਕ ਪਏ।

'ਲੈ ਮੈਂ ਹੀ ਤੈਨੂੰ ਸੁਆਲ ਕਰਨ ਲੱਗ ਪਈ ਆਂ, ਰਹਿਣ ਦੇ।'

ਅੱਠ ਕਹਾਣੀ ਸੰਗ੍ਰਹਿ, ਮਨਮਤੀਆਂ, ਲੰਮੀਆਂ ਕਹਾਣੀਆਂ, ਘੌਰਾ, ਮਕੜੀਆਂ, ਮਹਿਰੂ ਮੀਆਂ, ਅੱਠ ਬਾਲ ਸਾਹਿਤ, ਬੱਚਿਆਂ ਲਈ ਨਾਵਲ ਤੇ ਅੰਗਰੇਜ਼ੀ ਦੇ ਨਾਂ ਦੀ ਇਕ ਕਹਾਣੀ ਜਿਸਦਾ ਨਾਂ 'ਡ੍ਰਾਪ-ਆਉਟ' ਲਿਖਣ ਵਾਲੀ ਸੁਖਵੰਤ ਕੌਰ ਦੇ ਜੀਵਨ ਦੇ

ਰੇਗਿਸਤਾਨ 'ਚ ਚੱਪੂ ਚਲਾਏ ਜਾ ਰਹੇ ਹਨ—'ਮੌਤ ਤੋਂ ਡਰ ਨਹੀਂ ਲਗਦਾ?' ਪੁੱਛਣ ਤੇ ਮੁਸਕਰਾ ਕੇ ਕਹਿੰਦੇ ਹਨ— 'ਬਾਰ੍ਹਾਂ ਕੋਹ ਦਰਿਆ, ਤੰਬਾ ਮੋਢੇ 'ਤੇ ਜੁੱਤੀ ਵੀ ਸਿਰ 'ਤੇ। ਕਿਉਂ ਡਰਨਾ.. ਮੌਤ ਤੋਂ। ਪਹਿਲਾਂ ਹੀ ਕਿਉਂ ਡਰਨਾਂ।'

'ਵੈਸੇ ਨਿਰਮਲ ਜਦੋਂ ਅਸੀਂ ਇਕ ਦੂਜੇ ਨਾਲ ਮਿਲਦੇ ਰਹੀਏ ਤਾਂ ਪਾਜ਼ਿਟਿਵੀਟੀ ਹੀ ਇਕ ਦੂਜੇ ਦੀ ਸੋਚ 'ਚ ਆਉਂਦੀ ਹੈ। ਨਹੀਂ ਤਾਂ ਲੋਕ ਤਾਂ ਖਉਂ ਖਉਂ ਕਰਦੇ ਰਹਿੰਦੇ ਹਨ।...ਇਕ ਦੂਜੇ ਲਈ ਚੰਗਾ ਨੀ ਬੋਲਦੇ, ਚੰਗਾ ਨ੍ਹੀ ਸੋਚਦੇ।'.... ਫੇਰ ਸੜਕ ਵੱਲੋਂ ਕਿਸੇ ਅਵਾਜ਼ ਤੇ ਇਕ ਦਮ ਉੱਠ ਪੈਂਦੇ ਨੇ।

'ਅੱਛਾ ਲੈ ! ਉਹ ਗੈਸ ਦਾ ਚੁੱਲ੍ਹਾ ਠੀਕ ਕਰਨ ਵਾਲਾ ਆ ਗਿਆ। ਅਸੀਂ ਦੋਹੇ ਗੈਸ ਵਾਲੇ ਨਾਲ ਪੈਸੇ ਘੱਟ ਵਧ ਕਾਰਨ ਬਹਿਸਦੇ ਹਾਂ। ਅਖੀਰ ਗੈਸ ਦਾ ਚੁਲ੍ਹਾ ਠੀਕ ਕਰਵਾ ਲੈਂਦੇ ਹਾਂ। ਸੁਖਵੰਤ ਕੌਰ ਮੇਰਾ ਅਹਿਸਾਨ ਮੰਨਦੇ ਹਨ।.. 'ਇਹ ਗੈਸ ਵਾਲੇ ਨੇ ਤਾਂ ਲੁੱਟ ਹੀ ਲੈਣਾ ਸੀ?' ਮੇਰੀਆਂ ਪੁਤਲੀਆਂ ਫੈਲ ਜਾਂਦੀਆਂ ਨੇ।

'ਸੁਖਵੰਤ ਜੀ ਤੁਸਾਂ ਤਾਂ ਸਾਰਾ ਜੱਗ ਲੁੱਟ ਲਿਆ, ਥੋਨੂੰ ਕੌਣ ਲੁੱਟੂ?' ਸੁਣਦੇ ਹੀ ਖਿੜ ਪੈਂਦੇ ਨੇ, ਫਿਰ ਉਦਾਸ ਹੋ ਕਹਿਣ ਲੱਗਦੇ ਨੇ—

'ਵੈਸੇ ਅਸੀਂ ਲਿਖਣ ਪੜ੍ਹਨ ਆਲੀਆਂ, ਇਹ ਗੈਸ, ਚੁਲ੍ਹੇ ਲਈ ਥੋੜ੍ਹਾ ਬਣੀਆਂ ਹਾਂ। ਸਾਨੂੰ ਤਾਂ ਬਸ ਮਸਤ ਰਹਿਣਾ ਚਾਹੀਦਾ ਹੈ। ਲਿਖਣਾ ਪੜ੍ਹਨਾ ਤੇ ਪੜ੍ਹਨਾ। ਇਥੇ ਕੋਈ ਇੱਜ਼ਤ ਨਹੀਂ। ਘੜੀਸੀ ਜਾਓ ਜ਼ਿੰਦਗੀ ਨੂੰ.....'

**ਮਿਲਣੀ : ਜੂਨ 2009**

✪

# ਲੋਕੇਂਦਰ
# ਕਲਾ ਹੀ ਜਿਸ ਲਈ ਸਭ ਕੁਝ ਹੈ

ਵਿਅਕਤੀ ਵਿਸ਼ੇਸ਼ ਕਿਹੋ ਜਿਹਾ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ, ਇਸ ਨੂੰ ਹਰ ਕੋਈ ਆਪਣੇ ਨਜ਼ਰੀਏ ਤੋਂ ਹੀ ਵੇਖ ਸਕਦਾ ਹੈ। ਇਕ ਨੌਜਵਾਨ ਹੈ—ਲੋਕੇਂਦਰ-ਚਿੱਤਰਕਾਰ, ਤੰਤਰ-ਮੰਤਰ ਵਿੱਦਿਆ ਨੂੰ ਜਾਨਣ ਦਾ ਇਛੁੱਕ ਕਦੇ-ਕਦੇ ਸੱਪ ਪਾਲਦਾ ਹੈ, ਇਕ ਸਾਥੀ ਹੈ ਭੈਰੋਂ ਦਾ ਰੂਪ ਕਾਂ ਜਿਸ ਦਾ ਨਾਂਅ ਹੈ ਸ਼ਨੀ। ਪਰ ਜਦੋਂ ਮੈਂ ਲੋਕੇਂਦਰ ਦੀਆਂ ਸਿਰਜਨ ਕ੍ਰਿਤਾਂ ਵੇਖੀਆਂ ਤਾਂ ਮੈਨੂੰ ਬਹੁਤ ਕੁਝ ਯਾਦ ਆਇਆ। ਇਹ ਵੀਹ-ਬਾਈ ਵਰ੍ਹੇ ਪਹਿਲਾਂ ਦੀ ਗੱਲ ਹੈ। ਉਦੋਂ ਮੈਂ ਰੋਪੜ ਦੇ ਸਰਕਾਰੀ ਕਾਲਜ ਵਿਚ ਨਵੀਂ-ਨਵੀਂ ਲੈਕਚਰਾਰ ਲੱਗੀ ਸਾਂ ਤੇ ਮੇਰਾ ਘਰ ਲੁਧਿਆਣਾ ਹੋਣ ਕਾਰਨ ਆਉਂਦੀ-ਜਾਂਦੀ ਸਾਂ। ਰੋਪੜ ਦੇ ਡਿਪਟੀ ਕਮਿਸ਼ਨਰ ਮਿਸਟਰ ਕੈਲੇ ਦੇ ਜਵਾਈ ਪ੍ਰੋ. ਮੱਘਰ ਸਿੰਘ ਨੂੰ ਮੈਂ ਸਰਕਾਰੀ ਕਾਲਜ ਲੁਧਿਆਣਾ ਕਿਸੇ ਕੰਮ ਲਈ ਮਿਲਣ ਗਈ, ਉਹ ਘਰ ਗਏ ਹੋਏ ਸਨ, ਕਾਲਜ ਦੇ ਕੈਂਪਸ 'ਚ ਘਰ ਸੀ। ਪ੍ਰੋਫੈਸਰ ਮੱਘਰ ਸਿੰਘ ਦੀ ਸੋਹਣੀ ਬੀਵੀ ਅਮਰਜੀਤ ਤਾਂ ਮਿਲੀ ਹੀ, ਪਰ ਉਥੇ ਭੁੰਜੇ ਬਹੁਤ ਹੀ ਪਿਆਰਾ, ਗੋਰਾ ਚਿੱਟਾ, ਨੀਲੀਆਂ ਅੱਖਾਂ ਵਾਲਾ ਬੱਚਾ ਹੱਥਾਂ 'ਚ ਖਿਡੌਣਾ ਫੜੀ ਖੇਡ ਰਿਹਾ ਸੀ, ਏਨਾ ਸੋਹਣਾ ਤੇ ਆਕਰਸ਼ਕ ਬੱਚਾ ਕਿ ਮੈਂ ਉਸ ਵੱਲ ਖਿੱਚੀ ਗਈ। ਦੂਜੇ ਹੀ ਪਲ ਉਸ ਤੋਂ ਥੋੜ੍ਹਾ ਵੱਡਾ ਇਕ ਹੋਰ ਜੁਆਕ ਖੇਡਦਾ, ਨੱਠਦਾ ਆਇਆ ਓਹੀਓ ਨੀਲੀਆਂ—ਗੇ੍ ਅੱਖਾਂ। ਮੇਰੇ ਮਨ 'ਚ ਉਨ੍ਹਾਂ ਦੀ ਦਿੱਖ ਪ੍ਰਤੀ ਪ੍ਰਸ਼ੰਸਾ ਹੀ ਨਹੀਂ ਹੋਈ, ਸਗੋਂ ਮੈਂ ਕਿਹਾ, 'ਹਾਂ-ਅ ਮੈਂ ਪਹਿਲਾਂ ਹੀ ਕਿਉਂ ਨਾ ਮਿਲੀ- 'ਤੇ ਉਦੋਂ ਹੀ ਮੇਰੇ ਮਨ 'ਚ ਇਕ ਖਿਆਲ ਇਕ ਕਲਪਨਾ ਜਾਗਦੀ ਹੈ— ਮੈਂ ਕਿਸੇ ਗੋਰੇ ਰੰਗ ਦੇ ਮੁੰਡੇ ਨਾਲ ਹੀ ਵਿਆਹ ਕਰਵਾਉਣਾ, ਖ਼ੂਬਸੂਰਤ ਨਿਆਣੇ ਤਾਂ ਹੋਣਗੇ।'

ਇਹ ਸੀ ਲੋਕੇਂਦਰ ਦਾ ਖ਼ੂਬਸੂਰਤ ਬਚਪਨ—ਮੈਂ ਜਦੋਂ ਹੁਣ ਲੋਕੇਂਦਰ ਨੂੰ ਚੰਡੀਗੜ੍ਹ ਮਿਲੀ ਤਾਂ ਉਸ ਵਿੱਚ ਓਹੀਓ ਖ਼ੂਬਸੂਰਤੀ, ਨੀਲੀਆਂ ਅੱਖਾਂ ਅਤੇ ਗੋਰਾ ਰੰਗ ਭਾਲ ਰਹੀ ਸਾਂ—ਇਕ ਆਰਟਿਸਟ, ਜਿਵੇਂ ਦਿਸਦਾ ਹੈ ਜਾਂ ਦਿਸਣਾ ਚਾਹੀਦਾ ਹੈ ਹੂ-ਬ-ਹੂ ਉਸੇ ਤਰ੍ਹਾਂ ਦਾ ਲੋਕੇਂਦਰ। ਦਰਮਿਆਨਾ ਕੱਦ, ਪਤਲਾ-ਦੁਬਲਾ, ਫੁਰਤੀਲਾ, ਅੱਖਾਂ 'ਚ ਹਿਪਨੋਟਾਈਜ਼, ਸੰਮੋਹਨ ਕਰਨ ਵਾਲੀ ਚਮਕ, ਢਿੱਲੇ-ਢਾਲੇ ਕੱਪੜੇ, ਚੁਸਤ-ਦਰੁੱਸਤ ਵਾਕ ਆਦਿ, ਪਰ ਗੋਰਾ ਰੰਗ ਲਾਲੀ 'ਚ ਬਦਲ ਚੁੱਕਾ ਹੈ ਤੇ ਨੀਲੀਆਂ ਅੱਖਾਂ 'ਚ ਸਮੁੰਦਰ ਦੀ ਗਹਿਰਾਈ ਆ ਗਈ ਹੈ।

ਮੇਰੇ ਕਈ ਸੁਆਲਾਂ ਦੇ ਜਵਾਬ ਵਿੱਚ ਜੋ ਲੋਕੇਂਦਰ ਨੇ ਦੱਸਿਆ ਕਿ ਉਹ ਮੈਂ ਆਪ ਵੀ ਜਜ਼ਬ ਕੀਤੇ ਤੇ ਉਨ੍ਹਾਂ ਪਲਾਂ ਨੂੰ ਫੜਨ ਦਾ ਯਤਨ ਕੀਤਾ।

ਸੈਕਟਰ 15 ਡੀ ਦੇ ਮਕਾਨ ਨੰਬਰ 3239 ਵਿਚ ਜਾਂਦੇ ਹੀ ਬੂਹੇ ਪਿੱਛੇ ਤਿਆਰ-ਬਰ-ਤਿਆਰ ਪੇਂਟਿੰਗਾਂ ਪਈਆਂ ਹਨ, ਜਿਨ੍ਹਾਂ ਵਿੱਚੋਂ ਕਈਆਂ ਨੂੰ ਫਰੇਮਾਂ ਨੇ ਜਕੜ ਲਿਆ ਹੈ ਤੇ ਕਈਆਂ ਨੂੰ ਜਕੜਨ ਦੀ ਉਡੀਕ ਜਾਰੀ ਹੈ। ਪੇਪਰ 'ਤੇ ਅਤੇ ਵੱਡੇ ਕੈਨਵਸ 'ਤੇ ਲੋਕੇਂਦਰ ਦੀ ਕਲਪਨਾ ਨੇ ਉਡਾਣਾਂ ਭਰੀਆਂ ਹਨ। ਇਹ ਸਾਰਾ ਕੰਮ ਕ੍ਰਿਏਟਿਵ ਵਰਕ ਅਰਥਾਤ ਸਿਰਜਣਾਤਮਕ ਕੰਮ ਹੈ। ਆਰੰਭ ਵਿੱਚ ਭਾਵੇਂ ਇਹ ਅਰਨਿੰਗ ਪੁਆਇੰਟ ਆਫ ਵਿਊ ਯਾਨੀ ਕਮਾਈ ਕਰਨ ਲਈ ਸੀ, ਪਰ ਬਾਅਦ ਵਿਚ ਇਸ ਨੂੰ ਕਲਾ ਨੇ ਆਪਣੀ ਲਪੇਟ ਵਿਚ ਲੈ ਲਿਆ, ਕਿਉਂਕਿ ਜਨਮ ਤੋਂ ਹੀ ਕੁਝ ਨਾ ਕੁਝ ਤੋੜਨਾ-ਭੰਨਣਾ ਤੇ ਫੇਰ ਜੋੜਨਾ ਬਣਾਉਣਾ, ਇਸ ਦਾ ਸ਼ੌਕ ਰਿਹਾ ਹੈ। ਨੇਚਰ ਨੇ ਇਸ ਦੇ ਨਾਲ ਜੋ ਧੱਕਾ ਕੀਤਾ, ਉਸ ਦਾ ਬਲਾਸਟ ਜਿਵੇਂ ਅੰਦਰ ਕੋਈ ਬੰਬ ਫੁੱਟਿਆ ਹੋਵੇ, ਉਸ ਨੇ ਲੋਕੇਂਦਰ ਵਿੱਚ ਅਜੀਬੋ-ਗਰੀਬ ਰੁਝਾਣਾਂ ਹੀ ਪੈਦਾ ਕੀਤੀਆਂ। ਸਿਰਜਣਾ ਦੀ ਸ਼ੁਰੂਆਤ ਇਥੋਂ ਹੀ ਹੋਈ।

ਕੁਦਰਤ ਦਾ ਭੇਤ ਕਿਸੇ ਨੇ ਨਹੀਂ ਪਾਇਆ—ਲੋਕੇਂਦਰ ਹੀ ਨਹੀਂ ਇਸ ਦੇ ਦੋਵੇਂ ਭਰਾ ਰੁਪਿੰਦਰ, ਹਰਪ੍ਰੀਤ ਹੀਮੋਫੀਲੀਆ ਬਿਮਾਰੀ ਦੇ ਸ਼ਿਕਾਰ ਹਨ, ਪਰ ਇਹ ਸਰੀਰਕ ਕਮੀ ਕਿਸੇ ਵਿੱਚ ਦੀ ਵੀ ਮਾਨਸਿਕ ਤਾਕਤ ਨੂੰ ਘੱਟ ਨਹੀਂ ਕਰ ਸਕੀ। ਲੋਕੇਂਦਰ ਰੱਬੀ ਤਾਕਤ ਨੂੰ ਹੀ ਮੰਨਦਾ ਹੈ।

ਲੋਕੇਂਦਰ ਨੇ 200 ਦੇ ਲੱਗਭੱਗ ਮਾਡਰਨ ਆਰਟ ਦੀਆਂ ਐਬਸਰਡ ਕ੍ਰਿਤਾਂ ਪ੍ਰਦਰਸ਼ਨੀ ਲਈ ਤਿਆਰ ਕੀਤੀਆਂ ਹਨ—ਵਾਟਰ ਕਲਰ, ਆਇਲ, ਫਾਈਬਰ ਦਾ ਪ੍ਰਯੋਗ ਹੈ। ਸਪ੍ਰੇਅਗਨ ਭਾਵੇਂ ਵੱਡੀ ਹੈ, ਪਰ ਦੱਸਿਆ ਕਿ ਮੈਂ ਇਸੇ ਤੋਂ ਛੋਟਾ ਪੈਚ ਬਣਾ ਲੈਂਦਾ ਹਾਂ। ਇਸ ਲਈ ਸਿਰਫ ਤਕਨੀਕ ਦੀ ਜ਼ਰੂਰਤ ਹੈ।

ਇਸ ਦੀਆਂ ਸਾਰੀਆਂ ਪੇਂਟਿੰਗ ਕਾਲਪਨਿਕ ਹਨ, ਜੋ ਵੇਖਿਆ, ਸੋਚਿਆ, ਉਸ ਦਾ ਸਿੱਟਾ ਕੱਢਦੇ-ਕੱਢਦੇ ਰੰਗਾਂ ਦਾ ਬੁਰਸ਼ ਹੱਥ 'ਚ ਫੜਿਆ ਤੇ ਰੰਗਾਂ ਨੂੰ ਲਿਟਰੇਚਰ ਵਿੱਚ ਤਬਦੀਲ ਕਰ ਦਿੱਤਾ, ਭਾਵੇਂ ਸਾਰੀਆਂ ਪੇਂਟਿੰਗਾਂ ਕਾਲਪਨਿਕ ਹਨ, ਪਰ ਇਕ-ਇਕ ਪੇਂਟਿੰਗ ਵਿਚ ਤਰਕ ਹੈ—ਲਾਜਿਕ ਹੈ, ਭਾਵੇਂ ਉਹ ਕਿਸੇ ਵੀ ਆਰਟ ਕਲਾਸਾਂ ਦਾ ਵਿਦਿਆਰਥੀ ਨਹੀਂ ਰਿਹਾ। ਲੋਕੇਂਦਰ ਦੀ ਪਰਸਨੈਲਿਟੀ ਦੀਆਂ ਕਈ ਤੈਹਾਂ, ਕਈ ਡਾਇਮੈਨਸ਼ਨਜ਼ ਹਨ।

ਲੋਕੇਂਦਰ ਨੇ ਦੱਸਿਆ ਮੈਨੂੰ ਤੇ ਮੇਰੇ ਤਿੰਨੇ ਭਰਾਵਾਂ ਨੂੰ ਹੀਮੋਫੀਲੀਆ ਸੀ, ਸਰੀਰ ਤੋਂ ਕਮਜ਼ੋਰ ਸਾਂ। ਇਸੇ ਕਾਰਨ ਮੇਰੇ ਮਾਂ-ਬਾਪ ਕਈ ਜਿਓਤਸ਼ੀਆਂ ਕੋਲ ਵੀ ਜਾਂਦੇ ਸਨ, ਜਦੋਂ ਕਦੇ ਵੀ ਕੋਈ ਸੱਟ ਵਜਦੀ ਸੀ ਤਾਂ ਖ਼ੂਨ ਨਹੀਂ ਸੀ ਰੁਕਦਾ—ਸ਼ਾਇਦ ਕੋਈ ਪੰਡਤ, ਕੋਈ ਤਾਂਤਰਿਕ ਇਨ੍ਹਾਂ ਨੂੰ ਠੀਕ ਕਰ ਦੇਵੇ। ਮਾਂ-ਬਾਪ ਸੋਚਦੇ ਪਰ ਸਭ ਲਾਇਲਾਜ। ਇਹੋ ਦੁਨੀਆਵੀ ਚੀਜ਼ਾਂ ਲੋਕੇਂਦਰ ਦੇ ਭਰਮ ਨੂੰ ਤੋੜਦੀਆਂ ਹੋਈਆਂ, ਉਸ ਨੂੰ ਇਸ ਦੀ ਖੋਜ ਵੱਲ ਵੀ ਧੱਕ ਦਿੰਦੀਆਂ ਹਨ। ਇਸੇ ਕਾਰਨ ਲੋਕੇਂਦਰ ਤੰਤਰ-ਮੰਤਰ-ਯੰਤਰ-ਵਿੱਦਿਆ ਵੱਲ ਖਿੱਚਿਆ ਗਿਆ। ਪੇਂਟਿੰਗ ਲੋਕੇਂਦਰ ਲਈ ਗਾਡ ਗਿਫਟਿਡ ਹੈ।

ਲੋਕੇਂਦਰ ਨੂੰ ਆਰੰਭ ਵਿੱਚ ਦੇਵ-ਆਰਟਿਸਟ ਦੀਆਂ ਤਿੰਨ ਪੇਂਟਿੰਗਾਂ ਨੇ ਖਿੱਚਿਆ—(1) ਇਕ ਪੇਂਟਿੰਗ ਵਿੱਚ ਗਾਲ੍ਹਾਂ ਲਿਖੀਆਂ ਸਨ, ਜਿਵੇਂ ਘਰ ਦੀ ਬਾਹਰਲੀ ਕੰਧ 'ਤੇ ਪੇਸ਼ਾਬ ਕਰਨ ਦੀ ਤਾੜਨਾ ਦਿੰਦੇ ਹੋਏ ਗਾਲ੍ਹਾਂ ਲਿਖੀਆਂ ਹੁੰਦੀਆਂ ਹਨ ਅਤੇ ਉੱਥੇ ਹੀ ਦੇਵੀ ਦੀ ਸ਼ਕਲ ਵੀ ਬਣੀ ਸੀ।

(2) ਦੂਜੀ—ਫੇਸ ਐਂਡ ਸਪੇਸ ਤੇ ਤੀਜੀ-ਇਕੱਲੀ ਪੈਂਟ ਸੀ। ਇਨ੍ਹਾਂ ਪੇਂਟਿੰਗਾਂ ਵਿੱਚ ਉਦਾਸੀ ਤੇ ਨੈਗੇਟਿਵ ਅਪਰੋਚ ਝਲਕਦੀ ਸੀ। ਇਸ ਤੇ ਉਲਟ ਲੋਕੇਂਦਰ ਨੇ ਆਪਣੀ ਜ਼ਿੰਦਗੀ ਵਿਚ ਪਾਜ਼ਿਟਿਵ ਅਪਰੋਚ ਲਿਆਂਦੀ ਤੇ ਜਿਸ ਦਾ ਸਦਕਾ ਇਹ ਆਪਣੇ 'ਲੀਓ ਗਰੁੱਪਾਂ'—ਯਾਨੀ ਕ੍ਰਿਏਟਿਵ ਵਰਕ ਵਲੋਂ ਵੀ ਪਹਿਚਾਣੇ ਜਾਂਦੇ ਹਨ—ਜੀਵਨ ਨਿਰੰਤਰ ਹੈ ਤੇ ਲੋਕੇਂਦਰ ਵਿਚ ਜ਼ਿੰਦਗੀ ਭਰਪੂਰ ਹੈ।

ਲੀਓ ਗਰੁੱਪ ਵਿਚ ਪ੍ਰਿੰਟਿੰਗ, ਡਿਜ਼ਾਇਨਿੰਗ ਅਤੇ ਇਲੈਕਟ੍ਰੋਨਿਕਸ ਹੈ। ਇਹ ਲੋਕੇਂਦਰ ਦੀ ਆਪਣੀ ਪਹਿਚਾਣ ਹੈ—ਲੀਓ ਯਾਨੀ ਸ਼ੇਰ, ਇਸ ਦੇ ਵਿਅਕਤੀਤਵ ਦਾ ਚਿੰਨ੍ਹ ਵੀ ਹੈ।

ਪੇਂਟਿੰਗਾਂ ਨੂੰ ਵੇਖੀਏ ਤਾਂ ਜ਼ਿਆਦਾਤਰ ਪੇਂਟਿੰਗਾਂ ਵਿੱਚ ਸੂਰਜ ਜਾਂ ਲਾਲ ਰੰਗ ਜ਼ਰੂਰ ਹੁੰਦਾ ਹੈ। ਲੋਕੇਂਦਰ ਦੇ ਅਨੁਸਾਰ ਚੜ੍ਹਦਾ ਸੂਰਜ ਆਤਮ ਬਲ ਦਿੰਦਾ ਹੈ, ਆਪਣੇ-ਆਪ ਵਿੱਚ ਸੋਲਰ ਐਨਰਜੀ ਹੈ। ਲਾਲ ਰੰਗ ਖਵਾਹਸ਼ ਪੈਦਾ ਕਰਦਾ ਹੈ, ਲਾਲਸਾ ਦਿੰਦਾ ਹੈ। ਉਸ ਨੂੰ ਡੁੱਬਦਾ ਸੂਰਜ ਚੰਗਾ ਲੱਗਦਾ ਹੈ, ਪਰ ਚੜ੍ਹਦੇ ਸੂਰਜ ਨੂੰ ਇਹ ਸਲਾਮ ਕਰਦਾ ਹੈ।

ਕੀ-ਕੀ ਚੰਗਾ ਲੱਗਦਾ ਹੈ, ਪੁੱਛਣ 'ਤੇ ਲੋਕੇਂਦਰ ਨੂੰ ਨਿਸ਼ਾਨ ਸਾਹਿਬ ਚੰਗਾ ਲੱਗਦਾ ਹੈ, ਤਾਜਮਹਲ ਚੰਗਾ ਨਹੀਂ ਲੱਗਦਾ, ਮਕਬਰਾ ਜੁ ਹੈ। ਉਸ ਨੂੰ ਸਾਰੀਆਂ ਉੱਚੀਆਂ ਚੀਜ਼ਾਂ ਚੰਗੀਆਂ ਲੱਗਦੀਆਂ ਹਨ ਜਾਂ ਹਰਿਆ-ਭਰਿਆ ਦਰੱਖਤ ਚੰਗਾ ਲੱਗਦਾ ਹੈ। ਬੰਦਾ ਬਹਾਦਰ ਵਰਗਾ ਲੋਕੇਂਦਰ ਪਹਿਲਾਂ ਸਿਪਾਹੀ ਫੇਰ ਆਪਣੀ ਸੋਚ ਵਾਂਗ ਧਰਮ ਵੱਲ ਪਰਤ ਗਿਆ। ਧਰਮ ਹਰ ਕਿਸੇ ਦੇ ਜੀਣ ਦਾ ਢੰਗ ਹੁੰਦਾ ਹੈ। ਲੋਕੇਂਦਰ ਦੇ ਜੀਣ ਦੀ ਵੀ ਆਪਣੀ ਵੱਖਰੀ ਪਹਿਚਾਣ ਹੈ।

ਪਿਕਾਸੋ ਦੀ ਪੇਂਟਿੰਗ ਕਦੇ ਵੀ ਨਹੀਂ ਵੇਖੀ, ਪਰ ਰੂਸੀ ਪੇਂਟਿੰਗਾਂ ਦੀ ਝਲਕ ਇਸ ਦੀਆਂ ਪੇਂਟਿੰਗਾਂ ਵਿੱਚ ਹੈ। ਇਹ ਪੇਂਟਿੰਗ ਨੂੰ ਸਾਹਿਤ ਵਾਂਗ ਉੱਚੀ ਸੋਚ ਦੀ ਬਣਾਉਣਾ ਲੋਚਦਾ ਹੈ—ਹਰ ਪੇਂਟਿੰਗ ਵਿਚ ਬਾਰੀਕੀ ਹੈ।

ਸ਼ਿਵ ਸਿੰਘ ਬੁੱਤ ਤਰਾਸ਼ ਨੇ ਲੋਕੇਂਦਰ ਦੀਆਂ ਕ੍ਰਿਤਾਂ ਨੂੰ ਵੇਖ ਸਰਾਹੁੰਦੇ ਹੋਏ ਕਿਹਾ—'ਇਸ ਵਿਚ ਨਕਲ ਨਹੀਂ, ਸਿਰਜਣਾ ਹੈ, ਚੰਗਾ ਕੰਮ ਹੈ....।' ਲੋਕੇਂਦਰ ਅਨੁਸਾਰ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਇਨ੍ਹਾਂ ਪੇਂਟਿੰਗਾਂ ਵਿੱਚ ਹਨ।

ਲੋਕੇਂਦਰ ਸਿਰਫ ਪੇਂਟਿੰਗਜ਼ ਹੀ ਨਹੀਂ ਕਰਦਾ—ਉਨ੍ਹਾਂ ਦੇ ਫਰੇਮ ਵੀ ਆਪ ਹੀ ਬਣਾਉਂਦਾ ਹੈ। ਤਰਖਾਣੀ ਕੰਮ ਯਾਨੀ ਵੁੱਡ ਕਟਰ ਨਾਲ, ਕਦੇ ਆਰੀ ਨਾਲ, ਕਦੇ ਰੰਦੇ ਨਾਲ ਫਰੇਮ ਨੂੰ ਤਰਾਸ਼ਣ ਦਾ ਕੰਮ ਕਰਦਾ ਹੈ, ਕਦੇ ਮੇਖਾਂ ਠੋਕਦਾ ਦਿਸਦਾ ਹੈ। ਉਸ ਦੇ ਅਨੁਸਾਰ ਬਜ਼ਾਰੋਂ ਇਕ ਫਰੇਮ ਦੀ ਲਾਗਤ 800-1000 ਰੁਪਏ ਤੱਕ ਹੈ, ਪਰ ਘਰ ਵਿੱਚ ਉਹ 100 ਜਾਂ 200 ਰੁਪਏ ਦੀ ਬਣਾ ਲੈਂਦਾ ਹੈ।

ਗੁੱਸਾ ਬਹੁਤ ਹੈ। ਬਚਪਨ ਵਿਚ ਹਵਾਈ ਫਾਇਰ ਨਾਲ ਕਬੂਤਰ ਮਾਰੇ ਜਾਂ ਗਾਂ ਨੂੰ ਜ਼ਖ਼ਮੀ ਕੀਤਾ, ਚਿੜੀ ਨੂੰ ਮਾਰਿਆ ਫੇਰ ਗਤੀ ਲਈ ਮਿੱਟੀ 'ਚ ਦੱਬਿਆ— ਇਹ ਕੀ ਹੈ? ਇਹ ਕੁਦਰਤ ਵੱਲ ਗੁੱਸਾ ਜ਼ਾਹਿਰ ਕਰਨ ਦਾ ਇਕ ਤਰੀਕਾ ਸੀ— ਬਾਅਦ ਵਿੱਚ ਪਾਪ ਬੋਧ ਹੋਣ 'ਤੇ ਮੈਡੀਟੇਸ਼ਨ ਵੱਲ ਹੋ ਗਿਆ।

ਭਾਵੇਂ ਬਾਰੂਦ ਬਣਾਉਣ ਦੀ ਸਿੱਖਣ ਦੀ ਲਾਲਸਾ ਵੀ ਰਹੀ, ਪਰ ਇਹ ਬਾਰੂਦੀ ਤਾਕਤ ਉਸ ਦੇ ਦਿਮਾਗ ਵਿਚ ਇੰਨੀ ਭਰ ਗਈ ਕਿ ਇਸ ਦਾ ਨਿਕਾਸ, ਇਸ ਦਾ ਇਲਾਜ ਤੰਤਰ ਵਿੱਦਿਆ ਵੱਲ ਹੋ ਗਿਆ।

ਜਿਸਮਾਨੀ ਤਾਕਤ ਨਾਲੋਂ ਜ਼ਿਆਦਾ ਰੂਹਾਨੀ ਤਾਕਤ ਦਾ ਮਾਲਕ ਇਹ ਲੋਕੇਂਦਰ ਆਪਣੀ ਲੋੜ ਜਾਂ ਸਮੇਂ ਦੀ ਮੰਗ ਅਨੁਸਾਰ ਸੱਪ ਪਾਲ ਲੈਂਦਾ ਹੈ। ਖੰਭ ਕੱਟ ਕੇ ਭੈਰੋਂ ਦਾ ਰੂਪ ਕਾਂ ਰੱਖ ਲੈਂਦਾ ਹੈ, ਜੋ ਸ਼ਨੀ ਕਹਿ ਕੇ ਬੁਲਾਉਣ 'ਤੇ ਹੁੰਗਾਰਾ ਵੀ ਭਰਦਾ ਹੈ।

ਤੰਤਰ-ਮੰਤਰ ਦੀ ਵਿੱਦਿਆ ਦੇ ਰੁਝਾਣ ਬਾਰੇ ਪੁੱਛਣ 'ਤੇ ਇਹ ਕਬੂਲਦਾ ਹੈ ਕਿ ਮੇਰੇ ਮਾਤਾ-ਪਿਤਾ ਦਾ ਜਿਓਤਸ਼ੀਆਂ ਵੱਲ ਜਾਣਾ ਉਨ੍ਹਾਂ ਦੇ ਮੁਤਾਬਕ ਠੀਕ ਸੀ—ਕੌਣ ਨਹੀਂ ਚਾਹੁੰਦਾ ਕਿ ਮੇਰੇ ਬੱਚੇ ਠੀਕ ਹੋਣ। ਮਾਤਾ-ਪਿਤਾ ਦੇ ਇਸ ਰੁਝਾਣ ਨੇ ਹੀ ਲੋਕੇਂਦਰ ਨੂੰ ਤੰਤਰ ਵਿੱਦਿਆ ਦੀ ਡੂੰਘਾਈ ਵੱਲ ਅਚਨਚੇਤ ਹੀ ਤੋਰ ਦਿੱਤਾ, ਇਸੇ ਕਾਰਨ ਇਸ ਦੀ ਸਾਰੀ ਸ਼ਖ਼ਸੀਅਤ ਆਪਣੇ ਮਾਤਾ-ਪਿਤਾ ਤੋਂ ਉਲਟ ਹੈ।

ਉਹ ਦੱਸਦਾ ਹੈ ਕਾਲਾ ਇਲਮ ਅਤੇ ਲਾਲ ਕਿਤਾਬ ਨੂੰ ਪੜ੍ਹਿਆ ਹੈ। ਗੁਰੂ ਵੀ ਧਾਰਨ ਕੀਤਾ ਹੈ। ਇਹ ਇਕ ਵਿਸ਼ਵਾਸ ਦਾ ਇਲਮ ਹੈ ਤੇ ਵਿਸ਼ਵਾਸ ਨਾਲ ਹੀ ਮੁੱਕਦਾ ਹੈ—ਕਿਸੇ ਤੋਂ ਕੁਝ ਵੀ ਨਹੀਂ ਲੈਂਦਾ।

ਜੇਕਰ ਲੋਕੇਂਦਰ ਨੂੰ ਮਿਲੋ ਤਾਂ ਲੱਗਦਾ ਨਹੀਂ ਕਿ ਫੱਕੜ ਜਿਹੇ ਇਸ ਨਵਯੁਵਕ ਦੇ ਸਿਰ ਦੇ ਗੁੰਬਦ ਵਿੱਚ ਏਨਾ ਬਰੂਦ ਭਰਿਆ ਹੋਇਆ ਹੈ।

ਇਸ ਦੀ ਸਾਧਨਾ ਹੀ ਇਹੋ ਜਿਹੀ ਹੈ ਕਿ ਕੁਝ ਵੀ ਵਾਪਰਨ ਤੋਂ ਪਹਿਲਾਂ ਇਸ ਨੂੰ ਅਹਿਸਾਸ ਹੋ ਜਾਂਦਾ ਹੈ—ਅਚੇਤ ਮਨ ਤੋਂ ਵਿਚਾਰ ਘੁੰਮਦੇ ਹੋਏ ਅਵਚੇਤਨ ਦੀ ਡੂੰਘਾਈ ਵਿਚ ਚੱਕਰ ਕੱਢਦੇ ਰਹਿੰਦੇ ਹਨ ਫੇਰ ਅਚਾਨਕ ਧੁੰਦ ਹਟ ਜਾਂਦੀ ਹੈ ਤੇ ਵਿਚਾਰ ਜਾਂ ਫਲ ਸੁਚੇਤ ਮਨ 'ਤੇ ਉਜਾਗਰ ਹੋ ਜਾਂਦੇ ਹਨ।

ਤੰਤਰ ਦੀ ਵਿੱਦਿਆ ਮਨ ਨੂੰ ਭਟਕਾਉਂਦੀ ਵੀ ਹੈ, ਪਰ ਇਸ ਕੋਲ ਸ਼ਿਵ ਸ਼ਕਤੀ ਹੈ ਜੋ ਸਿਰਫ਼ ਮੰਗਲ ਯਾਨੀ ਚੰਗੇ ਵੱਲ ਹੀ ਇਸ਼ਾਰਾ ਕਰਦੀ ਹੈ ਤੇ ਇਹ ਚੰਗਾ ਹੀ ਕਰਦਾ ਹੈ। ਲੋਕਾਂ ਦੇ ਭਰਮਾਂ ਨੂੰ ਲਾਜ਼ਿਕ ਨਾਲ, ਕਾਰਨ ਦੱਸ ਕੇ ਹੀ ਦੂਰ ਕਰਦਾ ਹੈ। ਫੇਰ ਇਸ ਦੇ ਵਿਚਾਰਾਂ ਨਾਲ ਕੋਈ ਸਹਿਮਤ ਹੋਵੇ ਜਾਂ ਨਾ ਹੋਵੇ, ਇਸ ਨੂੰ ਕੋਈ ਫਰਕ ਨਹੀਂ ਪੈਂਦਾ।

ਜਾਦੂ ਜਾਂ ਟੂਣੇ ਦਾ ਇਲਮ ਇਸ ਕੋਲ ਨਹੀਂ। ਵਿਗਿਆਨਕ ਜਾਂ ਹੰਢਾਏ ਹੋਏ ਅਨੁਭਵ ਜਾਂ ਪ੍ਰੈਕਟੀਕਲ ਸੋਚ ਹੀ ਭਾਰੂ ਹੈ ਲੋਕੇਂਦਰ ਦੀ। ਨੌਂ ਗ੍ਰਹਿਆਂ ਦੇ ਪੱਥਰਾਂ ਦਾ ਭਰਪੂਰ ਗਿਆਨ ਹੈ—ਗੁਰੂ, ਕੇਤੂ, ਮੰਗਲ ਦੀਆਂ ਨਜ਼ਰਾਂ ਨੂੰ ਫੜ ਲੈਂਦਾ ਹੈ।

ਸ਼ਿਵ ਸ਼ਕਤੀ ਦੇ ਤ੍ਰਿਸ਼ੂਲ ਦੀ ਸਾਧਨਾ ਕਰਨ ਵਾਲੇ ਇਸ ਲੋਕੇਂਦਰ ਦਾ ਮਨ ਕਦੇ-ਕਦੇ ਭਟਕਦਾ ਵੀ ਹੈ। ਪਿਆਰ-ਮੁਹੱਬਤ ਦਾ ਜਜ਼ਬਾ ਵੀ ਭਾਰੂ ਹੈ, ਪਰ ਉਸ ਸਾਰੇ ਜਜ਼ਬੇ ਨੂੰ ਕੇਂਦਰਿਤ ਕਰਕੇ ਉਸ ਨੂੰ ਪੇਂਟਿੰਗ ਵਿਚ ਢਾਲ ਕੇ ਸੁਰਖ਼ਰੂ ਹੋ ਜਾਂਦਾ ਹੈ।

ਲੋਕੇਂਦਰ ਆਪਣੇ ਨਾਨਾ ਜੀ ਸਵਰਗੀ ਸ੍ਰੀ ਮਲਕੀਤ ਸਿੰਘ ਕੈਲੇ ਤੋਂ ਬਹੁਤ ਪ੍ਰਭਾਵਤ ਰਿਹਾ ਹੈ। ਸੋਭਾ ਸਿੰਘ ਦੀਆਂ ਅਸਲ ਪੇਂਟਿੰਗਾਂ ਵੀ ਕੈਲੇ ਸਾਹਿਬ ਦੇ ਘਰ ਪਈਆਂ ਹਨ। ਇਸੇ ਤਰ੍ਹਾਂ ਲੋਕੇਂਦਰ ਕੋਲ ਪੇਂਟਿੰਗਾਂ ਦੀਆਂ 7-8 ਵਿਸ਼ੇਸ਼ ਕਿਤਾਬਾਂ ਹਨ, ਜੋ ਘੱਟ ਹੀ ਕਿਸੇ ਹੋਰ ਕੋਲ ਹੋਣ।

ਲੋਕੇਂਦਰ ਨੂੰ ਵੇਖ ਕੇ ਲੱਗਦਾ ਨਹੀਂ ਕਿ ਜ਼ਿੰਦਗੀ ਐਨੀ ਔਖੀ ਹੈ। ਕੁਦਰਤ ਨੇ ਸੰਸਾਰ ਵਿੱਚ ਕਈ ਰੰਗ ਭਰੇ ਹਨ। ਹਿੰਮਤ ਹੈ ਤਾਂ ਚੁਣ ਲਓ, ਲਾਲਸਾ ਹੈ ਤਾਂ ਲੱਭ ਲਓ—ਲੋਕੇਂਦਰ ਵਾਂਗ ਆਪਣਾ ਰੰਗ-ਜੀਣ ਦੀ ਖਵਾਹਸ਼।

✪

# ਜ਼ਿੰਦਗੀ ਨੂੰ ਤਲਾਸ਼ਦੀ
# ਬਲਬੀਰ ਕੌਰ ਸੰਘੇੜਾ

ਸਤੰਬਰ 2012 ਦੀ ਗੱਲ ਹੈ।

ਮੈਂ ਆਪਣੀ ਬੇਟੀ ਦੇ ਵਿਆਹ ਲਈ ਟਰਾਂਟੋ (ਕੈਨੇਡਾ) ਜਾਣਾ ਸੀ। ਬੇਟੀ ਦੇ ਸਹੁਰੇ ਪਰਿਵਾਰ 'ਚ ਮੈਂ ਨਹੀਂ ਸੀ ਠਹਿਰਣਾ ਚਾਹੁੰਦੀ ਅਤੇ ਮੇਰੀ ਬੇਟੀ ਤੇ ਜੁਆਈ ਨੂੰ ਆਪਣਾ ਅਪਾਰਟਮੈਂਟ ਅਕਤੂਬਰ 'ਚ ਮਿਲਣਾ ਸੀ। ਇਸ ਲਈ ਮੈਂ ਬਲਬੀਰ ਕੌਰ ਸੰਘੇੜਾ ਨੂੰ ਪਹਿਲਾਂ ਹੀ ਈ. ਮੇਲ ਰਾਹੀਂ ਦੱਸ ਦਿੱਤਾ ਸੀ ਕਿ ਮੈਂ ਆ ਰਹੀ ਹਾਂ। ਉਸਨੇ ਜੁਆਬ 'ਚ ਮੈਨੂੰ ਈ. ਮੇਲ ਭੇਜੀ ਸੀ— 'ਯੂ ਨੋ ਵੇਅਰ ਯੂ ਟੂ ਸਟੇਅ? ਵਿਦ ਮੀ.....' ਅਤੇ ਸੱਚ ਮੈਂ ਉਨ੍ਹਾਂ ਕੋਲ ਹੀ ਚਲੇ ਗਈ। ਆਨਟਾਰੀਓ ਦੇ ਮਿਲਟਨ ਕਸਬੇ 'ਚ 1266 ਨੰ: ਵਿੱਚ ਅਤੇ ਆਪਣੇ ਰੋਪੜ ਵਾਂਗ ਹੀ ਨਾਂਅ 'ਰੋਪਰ ਡਰਾਈਵ' ਮੈਨੂੰ ਜਾਪਿਆ ਜਿਵੇਂ ਇਸਦਾ ਨਾਂ ਰੋਪੜ ਹੈ।

ਪਹਿਲਾਂ ਜਦੋਂ ਮੈਂ ਕੈਨੇਡਾ ਆਉਣ ਦਾ ਸੋਚਿਆ ਸੀ ਤਾਂ ਇਕ ਚਿਹਰਾ ਮੂਹਰੇ ਆਉਂਦਾ ਸੀ— ਚਿਹਰਾ ਹੀ ਨਹੀਂ ਪੂਰਾ ਭਰਿਆ-ਭਰਿਆ ਜਿਸਮ, ਚੰਗਾ ਡੀਲ ਡੌਲ, ਪੰਜਾਬੀ 'ਚ ਜੇ ਕਹੀਏ ਤਾਂ ਭਾਬੋ ਵਰਗਾ। ਠਹਿਰੇ ਠਰ੍ਹੰਮੇ ਵਾਲੀ ਆਵਾਜ਼— ਚੁੱਪ ਤੇ ਗਹਿਰੀ ਨਜ਼ਰਾਂ ਦੀ ਤੱਕਣੀ, ਜਗਤ ਤਮਾਸ਼ੇ ਨੂੰ ਵੇਖਣ ਵਾਲੀ ਅਤੇ ਕਲਮਾਂ ਦੇ ਕਾਫ਼ਲੇ ਨੂੰ ਲੈ ਕੇ ਤੁਰਨ ਵਾਲੀ ਮਲਕੀਤ ਕੌਰ ਸ਼ੇਰਗਿੱਲ।

ਜੀ ਹਾਂ— ਇਹ ਇਸਦਾ ਵਿਆਹ ਤੋਂ ਪਹਿਲਾਂ ਵਾਲਾ ਨਾਂਅ ਹੈ। ਸਾਹਿਤਕ ਨਾਂਅ ਹੈ— ਬਲਬੀਰ ਕੌਰ ਸੰਘੇੜਾ— ਲਾਲ ਸਿੰਘ ਸੰਘੇੜਾ ਦੀ ਸੰਗਦੀ ਜੋ 25 ਵਰ੍ਹਿਆਂ ਤੱਕ ਇੰਗਲੈਂਡ ਰਹਿ ਕੇ ਹੁਣ ਇੱਥੇ ਕੈਨੇਡਾ ਦੇ ਮਿਸੀਸਾਗਾ ਤੋਂ ਹੋ ਕੇ ਮਿਲਟਨ 'ਚ ਵਸ ਗਈ ਹੈ। ਕੈਨੇਡਾ ਦੀ ਸਭਿਅਤਾ ਅਤੇ ਮੌਸਮ ਦੀ ਤਬੀਅਤ ਨਾਲ ਰਲਗਡ ਗਈ ਹੈ:-

ਕਨਾਡਾ ਬਾਰੇ ਜੇ ਕਹੀਏ ਕਿ—

"ਕੁਛ ਤੋ ਇਸ ਸ਼ਹਿਰ ਨੇ ਦੀਆ ਹੋਗਾ, ਕੁਛ ਤੋ ਆਇਆ ਹੋਗਾ ਸ਼ਬਾਬ।

ਆਈਏ ਦੇਖੇਂ ਇਸ ਸ਼ਹਿਰ ਮੇਂ ਕੁਛ ਤੋ ਖਿਲੇ ਹੋਂਗੇ ਗੁਲਾਬ...."

ਕਹਿਣ ਦੀ ਲੋੜ ਨਹੀਂ ਇਸ ਸ਼ਹਿਰ ਟਰਾਂਟੋ 'ਚ ਗੁਲਾਬ ਦੀ ਖੁਸ਼ਬੋ ਹੈ। ਚਿਹਰਿਆਂ, ਆਲੇ ਦੁਆਲੇ, ਖੁਸ਼ਬੋ 'ਚ ਤੇ ਰੌਸ਼ਨੀ 'ਚ ਸ਼ਹਿਰ ਦਗਦਗ ਕਰਦਾ ਹੈ। ਵੈਸੇ ਜਦੋਂ ਮੇਰੇ ਜੁਆਈ ਨੇ ਪਿਅਰਸਨ ਹਵਾਈ ਅੱਡੇ 'ਤੇ ਮੈਨੂੰ ਗੁਲਾਬ ਭੇਟ ਕਰਕੇ ਸੁਆਗਤ ਕੀਤਾ ਤਾਂ ਮੇਰੇ ਅੰਦਰ ਵੀ ਇਕ ਗੁਲਾਬ ਦੀ ਖੁਸ਼ਬੂ ਖਿੜ ਗਈ।

ਬੇਟੀ ਤੇ ਜੁਆਈ ਮੈਨੂੰ ਮੇਰੀ ਇਸ ਦੋਸਤ ਦੇ ਘਰ ਬਲਬੀਰ ਕੌਰ ਸੰਘੇੜਾ ਕੋਲ ਮਿਲਟਨ ਛੱਡਣ ਆ ਗਏ ਜੋ ਨਵਾਂ ਸ਼ਹਿਰ ਜਾਂ ਫਿਲੌਰ ਜਾਂ ਜਲੰਧਰ ਤੋਂ ਕਿਸੇ ਵੀ ਸੜਕ ਥਾਣੀਂ ਪਿੰਡ ਬਿਲਗਾ ਤੇ ਮੁਕੰਦਪੁਰ ਦੇ ਪਿਛੋਕੜ ਵਾਲੀ ਆ। ਆਹੋ ਹੁਣੇ ਹੁਣੇ ਹੀ ਬਿਲਗਾ ਸਾਬਕਾ ਐਮ. ਪੀ. ਹੈਨਰੀ ਕਰਕੇ ਅਖ਼ਬਾਰਾਂ 'ਚ ਛਾਇਆ ਹੋਇਆ ਸੀ। ਬਿਲਗਾ ਮਸ਼ਹੂਰ ਕਾਮਰੇਡ ਭਗਤ ਸਿੰਘ ਤੋਂ ਵੀ ਜਾਣਿਆ ਜਾਂਦਾ ਹੈ। ਇਤਿਹਾਸਕ ਤੌਰ 'ਤੇ ਵੀ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਕਰਕੇ ਵੀ ਜਾਣਿਆ ਜਾਂਦਾ ਹੈ।

ਬਲਬੀਰ ਕੌਰ ਵੈਸੇ ਵੀ ਮੇਰੇ ਲਈ ਕੋਈ ਅਣਜਾਣ ਨਾਂਅ ਨ੍ਹੀਂ— 2002 'ਚ ਮੈਂ ਡਾ. ਕਰਨੈਲ ਸਿੰਘ ਸ਼ੇਰਗਿੱਲ ਯੂ. ਕੇ. ਵੱਲੋਂ ਕਰਵਾਈ ਜਾ ਰਹੀ ਵਰਲਡ ਕਾਨਫਰੰਸ 'ਚ ਸ਼ਾਮਿਲ ਹੋਣਾ ਸੀ ਤਾਂ ਬੇਟੀ ਦੇ ਕਨਾਡਾ ਹੋਣ ਕਰਕੇ ਮੈਂ ਕਨਾਡਾ ਜਾਣ ਦੀ ਵੀ ਪਲਾਨਿੰਗ ਕੀਤੀ ਸੀ। ਉਦੋਂ ਕਨਾਡਾ ਦੇ ਕਈ ਲੇਖਕਾਂ ਦੇ ਪਤੇ ਤੇ ਟੈਲੀਫੋਨ ਨੰਬਰ ਨੋਟ ਕਰ ਲਏ ਸਨ ਜਿਨ੍ਹਾਂ ਵਿਚੋਂ ਕੁਲਵਿੰਦਰ ਖੈਰਾ, ਕੁਲਜੀਤ ਮਾਨ, ਗੁਰਦੇਵ ਚੌਹਾਨ ਤੋਂ ਵੱਖ ਜਿਸ ਨਾਂ ਨੇ ਮੈਨੂੰ ਖਿੱਚਿਆ ਉਹ ਸੀ ਬਲਬੀਰ ਕੌਰ ਸੰਘੇੜਾ— ਜੋ ਉਸ ਵਕਤ ਪੰਜਾਬੀ ਕਲਮਾਂ ਦਾ ਕਾਫ਼ਲਾ ਦੀ ਕੋ-ਆਰਡੀਨੇਟਰ ਵੀ ਸੀ। ਮੈਂ ਉਨ੍ਹਾਂ ਦੀਆਂ ਕਹਾਣੀਆਂ ਦੀ ਚਰਚਾ ਵੀ ਸੁਣ ਚੁੱਕੀ ਸਾਂ। ਸ਼ਾਇਦ 'ਰਿਸ਼ਤਾ' ਕਹਾਣੀ ਸੀ ਤੇ ਕਈਆਂ ਨੇ ਮੇਰੇ ਕਹਾਣੀਕਾਰ ਹੋਣ ਕਰਕੇ ਵੀ ਕਿਹਾ ਸੀ ਕਿ ਬਲਬੀਰ ਕੌਰ ਚੰਗੀ ਕਹਾਣੀਕਾਰਾ ਹੈ, ਸੁਹਿਰਦ ਹੈ ਤੇ ਪਰਵਾਸੀ ਵੀ ਹੈ।

ਪਰਵਾਸੀ ਲਫ਼ਜ਼ ਸਾਰਿਆਂ ਨੂੰ ਖਿੱਚਦਾ ਹੈ ਖਾਸ ਕਰਕੇ ਉਨ੍ਹਾਂ ਲੇਖਕਾਂ ਲਈ ਜੋ ਪੰਜਾਬ 'ਚ ਰਹੇ ਹੋਣ ਤੇ ਉਨ੍ਹਾਂ ਦਾ ਟਿਕਾਣਾ ਕਨਾਡਾ 'ਚ ਕਿਤੇ ਨਾ ਹੋਵੇ ਜਾਂ ਉਨ੍ਹਾਂ ਦੇ ਰਿਸ਼ਤੇਦਾਰ, ਭੈਣ ਭਰਾ, ਬੇਟਾ ਬੇਟੀ ਉਥੇ ਨਾ ਹੋਣ।

ਤੇ ਉਦੋਂ ਤਾਂ ਹੋਰ ਵੀ ਚੰਗਾ ਲੱਗਦਾ ਹੈ ਜਦੋਂ ਕੋਈ ਪਰਵਾਸੀ ਲੇਖਕ ਇਹ ਉਮੀਦ ਨਾ ਕਰੇ ਕਿ ਭਾਈ ਇਹ ਜੋ ਮੇਰੇ ਕੋਲ ਟਿਕਿਆ ਹੈ ਤਾਂ ਮੇਰੇ ਬਾਰੇ ਜ਼ਰੂਰ ਲਿਖੇ। ਪੰਜਾਬ ਤੋਂ ਬਾਹਰ ਮੁਲਕਾਂ 'ਚ ਵਸਦੇ ਕਈ ਲੇਖਕ ਇਹ ਜ਼ਰੂਰ ਲੋਚਦੇ ਹਨ ਕਿ ਪੰਜਾਬ ਦਾ ਕੋਈ ਆਲੋਚਕ ਜਾਂ ਲੇਖਕ ਉਨ੍ਹਾਂ ਦੀ ਪੁਸਤਕ ਜਾਂ ਉਨ੍ਹਾਂ ਬਾਰੇ ਪਬਲੀਸਿਟੀ ਜ਼ਰੂਰ ਕਰੇ, ਕਿਉਂ ਜੁ ਕਿਤਾਬਾਂ ਦੇ ਢੇਰ ਦੇ ਢੇਰ ਛਪਵਾ ਕੇ ਰੱਖੇ ਹੁੰਦੇ ਹਨ। ਜੇ ਇੰਟਰਸਟਿੰਗ ਜਾਂ ਮਨ ਨੂੰ ਟੁੰਬਦੀ ਗੱਲ ਹੋਵੇਗੀ ਤਾਂ ਆਲੋਚਕ ਤੇ ਪਾਠਕ ਆਪ ਹੀ ਪੁਸਤਕ ਜਾਂ ਲੇਖਕ ਦੀ ਚੋਣ ਕਰ ਲੈਂਦੇ ਹਨ, ਤੇ ਜੇ ਲੇਖਕ 'ਚ ਕੁਝ ਵੀ ਹੈ ਤਾਂ ਦੂਜੇ ਬੰਦੇ ਅੰਦਰ ਜ਼ਰੂਰ ਉਥਲ-ਪੁਥਲ ਹੁੰਦੀ ਕਿ ਇਹ ਹੁਣ ਤੱਕ ਜਗ ਜ਼ਾਹਿਰ ਕਿਉਂ ਨਹੀਂ ਹੋਇਆ— ਕੀ ਸਿਆਸਤ ਹੈ ਕਿ ਹੁਣ ਤੱਕ ਇਸਦੀ ਜਾਂ ਇਸਦੀਆਂ ਲਿਖਤਾਂ ਦੀਆਂ ਗੱਲਾਂ ਨਹੀਂ ਹੋਈਆਂ। ਉੱਤਰੀ ਅਮਰੀਕਾ 'ਚ ਰਹਿਣ ਵਾਲੀਆਂ ਪੰਜਾਬੀ ਔਰਤ ਲੇਖਕਾਂ ਦੀ ਗੱਲ ਕਰਨ ਵਾਲੀ, ਮਰਦਾਂ ਨਾਲ ਔਰਤ ਦੇ ਹੱਕ ਲਈ ਬਹਿਸ ਕਰਨ ਵਾਲੀ, ਪੰਜਾਬੀ ਲੇਖਕਾਂ ਨੂੰ ਖਿੜੇ ਮੱਥੇ ਆਪਣੇ ਘਰ 'ਚ ਜੀ ਆਇਆਂ ਕਹਿਣ ਵਾਲੀ, ਇਕ ਨੁੱਕਰ ਤੋਂ ਸ਼ਹਿਰ ਦੀ ਦੂਜੀ ਨੁੱਕਰ ਤੱਕ ਪੰਜਾਬੀ ਸੱਥ 'ਚ ਸ਼ਾਮਿਲ ਹੋਣ ਵਾਲੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਲੜਨ ਵਾਲੀ ਇਕ ਔਰਤ ਜੋ ਕਹਾਣੀਕਾਰਾ ਦੇ ਤੌਰ 'ਤੇ ਉੱਭਰ ਕੇ ਆਈ ਤੇ ਫੇਰ 'ਹੱਕ ਦੀ ਮੰਗ' ਅਤੇ 'ਇਕ ਖ਼ਤ ਨਾਂਅ ਸੱਜਣਾਂ ਦੇ' ਨਾਵਲ ਲਿਖ ਕੇ ਆਪਣੇ ਦੌਰ 'ਚ ਪੰਜਾਬੀ ਜਗਤ 'ਚ ਛਾਈ ਰਹਿਣ ਵਾਲੀ ਇਸ ਲੇਖਿਕਾ ਬਲਬੀਰ ਕੌਰ ਸੰਘੇੜਾ ਨੂੰ ਉਸਦੀ ਥਾਂ ਕਿਉਂ ਨਹੀਂ ਮਿਲੀ— ਅਚੰਭਿਤ ਹੋ ਜਾਂਦੀ ਹਾਂ।

ਘਰ ਤੇ ਪਤੀ ਨਾਲ ਮੋਢਾ ਜੋੜ ਕੇ ਤੁਰਨ ਵਾਲੀ— ਕਾਫ਼ਲਾ, ਕਲਾ ਕੇਂਦਰ ਤੇ ਕਹਾਣੀ ਵਿਚਾਰ ਮੰਚ ਨੂੰ ਇਕ ਤਾਰ ਨਾਲ ਜੋੜਨ ਵਾਲੀ ਬਲਬੀਰ ਕੌਰ ਸੰਘੇੜਾ ਦੀ ਬਹੁਤੀ ਗੱਲ ਕਿਉਂ ਨਹੀਂ ਹੋਈ— ਇਸ ਦਾ ਕਾਰਣ ਲੱਭਣ ਦੀ ਕੋਸ਼ਿਸ਼ ਕਰਦੀ ਹਾਂ।

ਜਦੋਂ ਮੈਂ ਸੁਖਵੰਤ ਕੌਰ ਕੋਲੋਂ ਕੁਝ ਪੁੱਛਦੀ ਸਾਂ ਤਾਂ ਉਹ 'ਲੈ ਕੀ ਪੁਛਨੀ ਹੈਂ' ਤੁਨਕ ਕੇ ਬੋਲਦੇ ਸਨ ਪਰ ਜਦੋਂ ਮੈਂ ਬਲਬੀਰ ਕੋਲੋਂ ਕੁਝ ਪੁੱਛਿਆ ਤਾਂ ਉਹ ਸ਼ਾਂਤ ਹੋ ਕੇ ਗੱਲ ਕਰਦੇ ਹਨ ਭਾਵੇਂ ਨਾਨ-ਸਟਾਪ ਗੱਲ ਕਰ ਸਕਦੇ ਹਨ।

ਹਰ ਲੇਖਕ ਦੀ ਆਪਣੀ ਪਛਾਣ ਤੇ ਆਪਣੀ ਸ਼ਖ਼ਸੀਅਤ ਹੁੰਦੀ ਹੈ। ਛੋਟੀ-ਛੋਟੀ ਗੱਲ 'ਤੇ ਤੁਨਕ ਕੇ, ਭੜਕ ਕੇ ਜਾਂ ਮਰਦ ਲੇਖਕਾਂ ਨਾਲ ਪੰਗੇ ਲੈ ਕੇ ਜਾਂ ਉਨ੍ਹਾਂ ਦੀ ਗੱਲ ਦਾ ਜਵਾਬ ਦੇ ਕੇ ਔਰਤ ਆਪਣੇ ਸੁਭਾਅ ਨਾਲ ਲੋਕਾਂ ਦੀ ਨਜ਼ਰਾਂ 'ਚ ਆ ਜਾਂਦੀਆਂ ਹਨ। ਵਿਸ਼ੇਸ਼ ਤੌਰ 'ਤੇ ਮੰਨੇ-ਪ੍ਰਮੰਨੇ ਲੇਖਕ ਦਾ ਜੇਕਰ ਔਰਤ ਲੇਖਕ ਜਵਾਬ ਦੇ ਦਵੇ ਜਾਂ ਉਸ ਦੀ ਗੱਲ ਕੱਟ ਦੇਵੇ ਤਾਂ ਮਾਸ਼ਾ ਅੱਲ੍ਹਾ! ਸਭ ਦੀਆਂ ਨਜ਼ਰਾਂ ਪੈਨੀਆਂ ਹੋ ਜਾਂਦੀਆਂ ਹਨ।

ਬਲਬੀਰ ਚੁੱਪ ਚੁਪੀਤੇ ਰਿਐਕਟ ਜ਼ਰੂਰ ਕਰਦੀ ਹੈ ਪਰ ਖੁੱਲ੍ਹ ਕੇ ਕਿਸੇ ਨਾਲ ਵਿਗਾੜ ਨਹੀਂ ਸਕਦੀ।

ਖ਼ੈਰ ਆਲੇ ਦੁਆਲੇ ਦੀਆਂ ਘਟਨਾਵਾਂ, ਗੱਲਾਂ ਦਾ ਬਲਬੀਰ 'ਤੇ ਬਹੁਤ ਅਸਰ ਪੈਂਦਾ ਹੈ ਜੋ ਉਨ੍ਹਾਂ ਦੀਆਂ ਲਿਖਤਾਂ ਦਾ ਕਾਰਨ ਵੀ ਬਣ ਜਾਂਦਾ ਹੈ। ਹੁਣੇ-ਹੁਣੇ ਹੀ 'ਜਾਲ' ਨਾਵਲ ਛਪ ਕੇ ਆਇਆ ਹੈ ਜਿਸ ਦੀਆਂ ਘਟਨਾਵਾਂ ਪਿੰਡ ਤੋਂ ਆਰੰਭ ਹੋ ਕੇ ਕਨਾਡਾ ਦੀ ਹੰਢਾਉਂਦੀ ਜ਼ਿੰਦਗੀ ਦੀ ਆਪ ਬੀਤੀ ਹੈ। 'ਪਰਛਾਈਆਂ ਦੇ ਓਹਲੇ ਪਰਿਕਰਮਾ' ਵਿਚ ਆਪਣੀ ਜ਼ਿੰਦਗੀ ਦੇ ਭਾਵੁਕ ਛਿਣਾਂ ਨੂੰ ਸਮੇਟਿਆ ਹੈ। ਆਪਣੇ ਘਰ ਪਰਿਵਾਰ, ਮਾਂ-ਬਾਪ, ਭੈਣ-ਭਰਾ ਨਾਲ ਬੀਤੇ ਛਿਣਾਂ ਦੀਆਂ ਯਾਦਾਂ ਦਾ ਸਮਰਪਣ ਹੈ ਇਹ ਪੁਸਤਕ। 'ਜਾਲ' ਨੂੰ ਬਹੁਤ ਵੱਡੇ ਫਲਕ 'ਚ ਫੈਲਾ ਦਿੱਤਾ ਹੈ ਜੋ ਮੈਨੂੰ ਭਾਵੇਂ ਰੜਕਦਾ ਹੈ। ਪਰ ਇਹ ਲੇਖਕ ਦੀ ਸੋਚ ਹੈ— ਹਰ ਪਾਠਕ ਮੇਰੇ ਵਰਗਾ ਨਹੀਂ।

ਕਨਾਡਾ, ਇੰਗਲੈਂਡ ਤੇ ਪੰਜਾਬ ਦਾ ਸੁਮੇਲ ਹੈ ਬਲਬੀਰ। ਧੜੱਲੇ ਨਾਲ ਜਿੱਥੇ ਪੰਜਾਬੀ ਬੋਲਦੀ ਹੈ, ਉੱਥੇ ਅੰਗ੍ਰੇਜ਼ੀ ਦਾ ਪ੍ਰਭਾਵ ਵੀ ਹੈ। ਅੰਗ੍ਰੇਜ਼ੀ ਸਭਿਅਤਾ ਨੂੰ ਬਾਖ਼ੂਬੀ ਨਿਭਾਉਂਦੇ ਹਨ।

ਇਨ੍ਹਾਂ ਦੇ ਪਰਿਵਾਰ 'ਚ ਤਿੰਨ ਬੇਟੇ ਨੇ। ਤਿੰਨੇ ਪੰਜਾਬੀ ਸਭਿਅਤਾ ਦੇ ਨਾਲ-ਨਾਲ ਪੱਛਮੀ ਸਭਿਅਤਾ 'ਚ ਸਰਾਬੋਰ ਨੇ। ਅਨੁਸ਼ਾਸਨ ਦੇ ਪੱਕੇ। ਘਰ ਪਰਿਵਾਰ 'ਚ ਬਲਬੀਰ ਕਦੇ ਵੀ ਕਿਸੇ ਨਾਲ ਵੀ ਰੋਕ ਟੋਕ ਨਹੀਂ ਕਰਦੀ। ਜ਼ਿੰਦਗੀ ਨੂੰ ਜ਼ਿੰਦਗੀ ਵਾਂਗ ਲੈਂਦੀ ਹੈ— ਖ਼ੁਸ਼ਦਿਲ ਤੇ ਬੱਚਿਆਂ ਦੇ ਭਵਿੱਖ ਲਈ ਚਿੰਤਾਤੁਰ। ਬੱਚਿਆਂ ਨੂੰ ਚਿੜੀ ਵਾਂਗ ਇਕ-ਇਕ ਦਾਣਾ ਚੁਗਾਇਆ। ਭਵਿੱਖ ਨੂੰ ਸੁਰੱਖਿਅਤ ਕਰ ਉਨ੍ਹਾਂ ਨੂੰ ਉਡਾਰੀ ਦੇ ਦਿੱਤੀ ਸਾਰੇ ਆਕਾਸ਼ 'ਚ ਚਹਿਚਹਾਉਣ ਲਈ। ਪੋਤੇ-ਪੋਤਰੀਆਂ ਦੀਆਂ ਗੱਲਾਂ ਤੋਰਦੇ ਹੀ ਇਨ੍ਹਾਂ ਦੀਆਂ ਅੱਖਾਂ 'ਚ ਇਕ ਵਿਸ਼ੇਸ਼ ਚਮਕ ਆ ਜਾਂਦੀ ਹੈ। ਜਿਵੇਂ ਸਾਰੇ ਜਹਾਨ ਦੀਆਂ ਖ਼ੁਸ਼ੀਆਂ ਮਿਲ ਗਈਆਂ ਹੋਣ।

ਬਲਬੀਰ ਵੈਸੇ ਹੱਸਮੁਖ ਤੇ ਸੰਜੀਦਾ ਰਹਿਣ ਵਾਲੀ ਹੈ। ਉਸ ਦੱਸਿਆ 'ਮੈਂ ਲਾਈਫ 'ਚ ਬੜੀ ਮਿਹਨਤ ਕੀਤੀ— ਤਿੰਨ ਸਾਢੇ ਤਿੰਨ ਘੰਟੇ ਕਦੇ ਬਸ ਤੇ ਕਦੇ ਟਰੇਨ 'ਤੇ ਕੰਮ 'ਤੇ ਜਾਂਦੀ ਰਹੀ ਹਾਂ.... ਚੰਗੇ ਦਿਨ ਵੀ ਤੇ ਮਾੜੇ ਦਿਨ ਵੀ ਵੇਖੇ ਪਰ ਕਦੇ ਵੀ ਨਾ ਟੁੱਟੀ ਤੇ ਨਾ ਹਾਰੀ।'

ਬਲਬੀਰ ਨੂੰ ਮੈਂ ਕਦੇ ਗੁੱਸੇ 'ਚ ਨਹੀਂ ਵੇਖਿਆ। ਮਿੰਨੀ ਗਰੇਵਾਲ ਨਾਲ ਵਾਹਵਾ ਨਿਭਦੀ ਹੈ ਕਿਉਂਕਿ 'ਅੰਡਰਸਟੈਂਡਿੰਗ ਹੀ ਲਾਈਫ ਆ' ਇਹ ਦੱਸਦੀ ਹੈ। ਅਸਾਂ ਕਦੇ ਵੀ ਪਰਵੋਕ ਹੋ ਕੇ ਆਪੇ ਤੋਂ ਬਾਹਰ ਨਹੀਂ ਹੋਈਆਂ। ਜੇ ਕੋਈ ਗੱਲ ਹੈ ਵੀ ਤਾਂ ਆਪਸ 'ਚ ਮਿਲ ਕੇ, ਡਿਸਕਸ ਕਰਕੇ ਉਸਦਾ ਹੱਲ ਕੱਢ ਲਈਦਾ ਹੈ....।

'ਤੁਸੀਂ ਔਰਤ ਤੇ ਮਰਦੇ ਦੇ ਸੰਬੰਧਾਂ ਨੂੰ ਕਿਸ ਤਰ੍ਹਾਂ ਲੈਂਦੇ ਹੋ?— ਮੈਂ ਉਸਨੂੰ ਪੁੱਛਿਆ ਕਿਉਂਕਿ ਉਹ ਨਾ ਡਰਾਕਲ ਹੈ ਤੇ ਨਾ ਮਰਦਾਂ ਨਾਲ ਬੈਠਣ ਤੋਂ ਜਾਂ ਗੱਲਾਂ ਕਰਨ ਤੋਂ ਗੁਰੇਜ਼ ਕਰਦੀ ਹੈ। ਉਸ ਮੈਨੂੰ ਹੀ ਪ੍ਰਸ਼ਨ ਕੀਤਾ 'ਕੀ ਮਰਦ ਤੋਂ ਬਿਨਾਂ ਇਹ ਸਮਾਜ, ਇਹ ਸੰਸਾਰ ਚਲ ਸਕਦਾ? ਜਵਾਬ ਸਟੀਕ ਸੀ ਕਿਉਂਕਿ ਮਰਦ ਦੀ ਹੋਂਦ ਸੰਸਾਰ ਦੇ ਆਰੰਭ ਹੋਣ ਨਾਲ ਹੀ ਆਰੰਭ ਹੋ ਜਾਂਦੀ ਹੈ।

ਦੋਸਤਾਂ ਦਾ ਵੱਡਾ ਦਾਇਰਾ ਹੈ ਬਲਬੀਰ ਕੌਰ ਦਾ ਜਿਨ੍ਹਾਂ ਨਾਲ ਇਨ੍ਹਾਂ ਦੀ ਸਾਂਝ ਹੈ ਪਰ ਵਿਚਾਰਾਂ 'ਚ ਕਈ ਵਾਰ ਤਾਲਮੇਲ ਨਾ ਹੋਣ ਕਾਰਣ ਇਹ ਜ਼ਿਆਦਾਤਰ ਚੁੱਪ ਦਾ ਸਾਥ ਦਿੰਦੇ ਹਨ। ਜਿਵੇਂ ਕਿਸੇ ਨੇ ਇਸ 'ਤੇ ਆਰੋਪ ਲਗਾਇਆ ਕਿ 'ਤੁਸੀਂ ਲੋਕ ਤਾਂ ਮਰਦਾਂ ਦੀਆਂ ਗੱਲਾਂ ਵਿੱਚ ਹਾਂ 'ਚ ਹਾਂ ਮਿਲਾਉਂਦੀਆਂ ਹੋ ਮਰਦ ਨੂੰ ਬਹੁਤਾ ਸੁਪੀਰੀਅਰ ਸਮਝਦੀਆਂ ਨੇ।' ਇਹ ਗੁੱਸੇ 'ਚ ਹੋ ਕੇ ਵੀ ਗੁੱਸੇ 'ਚ ਨਹੀਂ ਆਏ ਸਗੋਂ ਮੈਨੂੰ ਪੁੱਛਿਆ ਕਿ ਉਹ ਔਰਤ ਜੋ ਆਪਣੇ ਪਤੀ ਨੂੰ ਖ਼ੁਸ਼ ਕਰਨ ਲਈ ਡਾਰਲਿੰਗ, ਡਿਅਰ ਕਹਿੰਦੀ ਹੈ ਉਸ ਦੀਆਂ ਬਾਹਾਂ 'ਚ ਬਾਹਾਂ ਪਾ ਤੁਰਦੀ ਹੈ— ਕੀ ਇਹ ਗੁਲਾਮੀ ਹੈ ਜਾਂ ਮਰਦ ਸੁਪੀਰੀਅਰ ਹੈ, ਦੀ ਇਹ ਸੋਚ ਕਿ ਉਹ ਖ਼ੁਸ਼ ਰੱਖਦੀ ਹੈ? ਉਹ ਹੱਸਦੀ ਹੈ ਤੇ ਫੇਰ ਕਹਿੰਦੀ ਹੈ ਬਈ ਇਹ ਤਾਂ ਜ਼ਰੂਰਤ, ਪਿਆਰ ਤੇ ਆਦਰ ਹੈ। ਔਰਤ-ਮਰਦ ਦੀ ਇਕ-ਦੂਜੇ ਲਈ ਸਾਂਝ ਹੈ।

ਘਮੰਡ, ਈਰਖਾ ਬਲਬੀਰ ਦੀ ਸ਼ਖ਼ਸੀਅਤ ਦਾ ਹਿੱਸਾ ਨਹੀਂ। ਇਹ ਕਿਸੇ ਨਾਲ ਵੀ ਈਰਖਾ ਨਹੀਂ ਕਰਦੇ? ਮੈਂ ਹੈਰਾਨ ਹੁੰਦੀ ਹਾਂ। ਉਨ੍ਹਾਂ 'ਚ ਈਗੋ ਕਿਤੇ ਕਿਤੇ ਤਾਂ ਝਲਕਦੀ ਹੈ ਪਰ ਹਾਵੀ ਨਹੀਂ ਹੁੰਦੀ। ਜਿਵੇਂ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ 'ਚ ਕਿਸੇ ਵੱਡੇ ਸਥਾਪਿਤ ਲੇਖਕ ਨੇ ਕਨਾਡਾ ਦੇ ਲੇਖਕਾਂ ਦੇ ਨਾਂਅ 'ਚ ਇਨ੍ਹਾਂ ਦਾ ਨਾਂਅ ਜਾਣ ਬੁੱਝ ਕੇ ਹੀ ਨਹੀਂ ਲਿਆ। ਇਨ੍ਹਾਂ ਨੇ ਉਸਦਾ ਕੋਈ ਨੋਟਿਸ ਨਹੀਂ ਲਿਆ। ਬਾਅਦ 'ਚ ਉਹ ਵੱਡਾ ਲੇਖਕ ਇਸ ਤੋਂ ਨਜ਼ਰਾਂ ਚੁਰਾਉਂਦਾ ਫਿਰੇ।

ਅੰਗਰੇਜ਼ੀ ਰੰਗ-ਢੰਗ ਇਸ ਦੀ ਜ਼ਿੰਦਗੀ ਦੇ ਕਈ ਪਹਿਲੂਆਂ 'ਚ ਝਲਕਦਾ ਹੈ। ਖਾਣ-ਪੀਣ, ਉੱਠਣ-ਬੈਠਣ, ਵਰਤਾਰੇ ਅਤੇ ਡ੍ਰੈਸ ਕੋਡ ਤੋਂ ਵੀ। ਵਕਤ ਦੇ ਪਾਬੰਦ— ਅਨੁਸ਼ਾਸਤ।

ਮੇਰੀ ਬੇਟੀ ਦੀ ਵਿਆਹ ਪਾਰਟੀ 'ਚ ਆਪਣੇ ਪੰਜਾਬੀਆਂ ਦਾ ਪਿਆਰ ਵੀ ਸੀ ਜਿਸ ਵਿਚ ਮੇਰੀ ਦੋਸਤ ਡਾ. ਬਲਜੀਤ ਕੌਰ ਸਾੜ੍ਹੀ ਪਾ ਕੇ ਆਏ। ਕੁਲਵਿੰਦਰ ਖੈਰਾ ਤੇ ਉਨ੍ਹਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਪੰਜਾਬੀ ਸੂਟ 'ਚ, ਗੁਰਦੀਪ ਸਿੰਘ ਵਿੰਨੀਪੈੱਗ ਤੋਂ ਆਪਣੇ ਖੁੱਲ੍ਹੇ ਡੁਲ੍ਹੇ ਵਿਅਕਤੀਤਵ ਤੇ ਹਸਮੁਖ ਸੁਭਾਅ ਨੂੰ ਲੈ ਕੇ ਅਤੇ ਬਲਬੀਰ ਕੌਰ ਵਿਆਹ ਦੇ ਰੁਤਬੇ ਅਨੁਸਾਰ ਅੰਗਰੇਜ਼ੀ ਡ੍ਰੈਸ 'ਚ ਫਬਦੇ ਹੀ ਨਹੀਂ ਰਹੇ ਸਗੋਂ ਇਹ ਡਾਂਸਡਾਇਸ 'ਤੇ ਬਾਲਰੂਮ ਡਾਂਸ 'ਚ ਥਿਰਕੇ ਵੀ।

ਕਹਿਣ ਦਾ ਮਤਲਬ ਬਲਬੀਰ ਕੌਰ ਹਰ ਰੰਗ-ਢੰਗ ਵਿਚ ਆਪਣੇ ਆਪ ਨੂੰ ਢਾਲ ਲੈਂਦੀ ਹੈ।

ਬਲਬੀਰ ਵੇਖਣ 'ਚ ਇਕ ਸਾਧਾਰਨ ਜਿਹੀ ਔਰਤ ਦਿਸਦੀ ਹੈ ਪਰ ਲਿਖਾਰੀ ਹੋਣ ਦੇ ਨਾਤੇ ਇਨ੍ਹਾਂ 'ਚ ਬਹੁਤ ਕੁਝ ਹੈ। ਬੋਲਡ ਤੇ ਬੇਬਾਕ ਔਰਤ ਮਰਦਾਂ ਦੀ ਖਿੱਚ ਦਾ ਕਾਰਨ ਛੇਤੀ ਹੀ ਬਣਦੀ ਹੈ। ਕੀ ਬਲਬੀਰ ਕੌਰ ਬੋਲਡ ਹੈ? ਇਹ ਪ੍ਰਸ਼ਨ ਜ਼ਿਹਨ 'ਚ ਉੱਭਰਦਾ ਹੈ। ਮੈਂ ਪੁੱਛਦੀ ਹਾਂ ਕੀ ਕਦੇ ਪਿਆਰ ਕੀਤਾ? ਉਸਨੇ ਗੋਲ ਮੋਲ ਜਵਾਬ ਦੇ ਕੇ ਟਾਲਣਾ ਚਾਹਿਆ। 'ਮੁਹੱਬਤ ਤਾਂ ਸਾਡੀਆਂ ਮਾਵਾਂ, ਦਾਦੀਆਂ, ਨਾਨੀਆਂ ਨੇ ਵੀ ਕੀਤੀ ਹੋਣੀ'—

'ਇਹ ਤਾਂ ਯੂਨੀਵਰਸਲ ਟਰੁਥ ਆ ਤੁਸੀਂ ਆਪਣੀ ਗੱਲ ਦੱਸੋ....' ਮੈਂ ਹੱਸ ਕੇ ਪੁੱਛਦੀ ਹਾਂ।

'ਹਾਂ ਪਿਆਰ ਮੁਹੱਬਤ ਦਾ ਹੁੰਦੀ ਹੀ ਆ- ਸਾਰਿਆਂ ਨੂੰ ਹੁੰਦੀ ਹੈ--' ਉਸ ਫੇਰ ਗੋਲ ਮੋਲ ਜਿਹਾ ਕਿਹਾ।

ਕੁਝ ਹੋਰ ਪੁੱਛਦੇ-ਪੁੱਛਦੇ ਮੈਂ ਆਪਣੀ ਜੀਭ ਦੰਦਾਂ ਵਿਚ ਕੈਦ ਕਰਤੀ— ਪੋਤੇ-ਪੋਤੀਆਂ ਦੀ ਇਸ ਉਮਰ ਵਿਚ ਜਵਾਨੀ ਵੇਲੇ ਦੇ ਕਿੱਸੇ ਨਹੀਂ ਫਰੋਲਣੇ ਚਾਹੀਦੇ— ਹਰ ਇਕ ਦਾ ਆਪਣਾ ਅਤੀਤ ਤੇ ਆਪਣਾ-ਆਪਣਾ ਅਸਮਾਨ ਹੁੰਦਾ ਹੈ। ਵੈਸੇ ਵੀ ਉਨ੍ਹਾਂ ਦੇ ਪਤੀ ਸੰਘੇੜਾ ਨੂੰ ਵੇਖ ਕੇ ਪਤਾ ਚਲ ਜਾਂਦਾ ਹੈ ਕਿ ਮੁਹੱਬਤ ਹੋਵੇਗੀ ਵੀ ਤਾਂ ਇਸ ਵਰਗੇ ਗੱਭਰੂ ਨਾਲ ਹੀ ਹੋਵੇਗੀ ਭਾਵੇਂ ਵਿਆਹ ਤੋਂ ਬਾਅਦ ਹੀ ਸਹੀ।

ਅਤੇ ਉਸ ਦੱਸਿਆ— 'ਮੁਹੱਬਤ ਦੀ ਪੀੜ' ਮੈਂ ਬਾਅਦ ਵਿਚ ਮਹਿਸੂਸ ਕੀਤੀ, ਇਹ ਸਭ ਕੁਝ ਮੇਰੀ ਇਕ ਕਹਾਣੀ 'ਇਕ ਰਾਜ ਮੁਹੱਬਤ ਦਾ' ਵਿੱਚ ਵੀ ਹੈ— ਪਰ ਮੈਨੂੰ ਇਸ ਤਰ੍ਹਾਂ ਦੀ ਕੋਈ ਮੁਹੱਬਤ ਨਹੀਂ ਹੋਈ ਜਿਸ ਤਰ੍ਹਾਂ ਦਾ ਨਿਰਮਲ ਤੁਸੀਂ ਮੈਨੂੰ ਉਕਸਾ ਕੇ ਪੁੱਛਣਾ ਚਾਹੁੰਦੀ ਹੋ।

ਕਦੇ ਪਿਆਰ ਨਹੀਂ ਹੋਇਆ? ਫੇਰ ਪਿਆਰ ਮੁਹੱਬਤ ਦੀਆਂ ਕਹਾਣੀਆਂ ਕਿਵੇਂ ਆਈਆਂ? ਸੋਚਦੀ ਹਾਂ ਪਰ ਉਸਦੇ ਹਾਸੇ 'ਚ ਗੁਆਚ ਜਾਂਦੀ ਹਾਂ। ਉਹ ਹੱਸਦੀ ਹੈ— ਉਸਦਾ ਹਾਸਾ ਉਸਦੇ ਸਟੱਡੀ ਤੇ ਆਰਾਮਦੇਹ ਕਮਰੇ ਵਿਚ ਖਿੱਲਰ ਕੇ ਰਹਿ ਜਾਂਦਾ ਹੈ— ਸਵੇਰ ਦੇ ਅੱਠ ਵਜੇ— ਚਾਹ ਸਿਪ ਕਰਦੇ ਉਹ ਬੜੇ ਆਰਾਮ ਨਾਲ ਸੋਫੇ 'ਤੇ ਪਸਰ ਕੇ ਬੈਠੀ ਹੋਈ ਕੋਈ ਮੈਗਜ਼ੀਨ ਫਰੋਲ ਰਹੀ ਸੀ।

'ਵੇਖੋ ਇਹ ਨਵੀਂ ਕਹਾਣੀਕਾਰਾਂ ਵਾਲੀ ਮੇਰੀ ਉਹ ਕਹਾਣੀ 'ਸੌਂਹ ਰੱਬ ਦੀ' 35-40 ਸਾਲ ਪੁਰਾਣੀ ਕਹਾਣੀ ਹੈ ਪਰ ਇਹੋ ਵਿਸ਼ਾ ਲੈ ਕੇ ਉਸਨੇ ਵੀ ਕਹਾਣੀ ਲਿਖੀ— ਕੀ ਇਹ ਸਾਹਿਤਕ ਚੋਰੀ ਨਹੀਂ? ਉਹ ਤਲਖ ਤਾਂ ਹੁੰਦੀ ਹੈ— ਗੁੱਸਾ ਵੀ ਕਰਦੀ ਹੈ ਪਰ ਸਿੱਧੇ ਜਿਹੇ ਨਾਂਅ ਨਹੀਂ ਲੈਂਦੀ।'

'ਮੈਂ ਉਸਦਾ ਨਾਂ ਦੱਸ ਸਕਦੀ ਹਾਂ, ਮੈਨੂੰ ਵੀ ਉਕਸਾਹਟ ਹੋਈ— ਕ੍ਰਿਏਟੀਵਿਟੀ ਹਰ ਕਿਸੇ 'ਚ ਨਹੀਂ ਹੁੰਦੀ— ਚੋਰੀ ਵੀ ਇਕ ਆਰਟ ਆ, ਇਨ੍ਹਾਂ ਨੂੰ ਚੋਰੀ ਦਾ ਲਿਖਿਆ ਹੀ ਹੰਢਾਉਣ ਦਿਉ।' ਮੈਂ ਨਾਂਅ ਦਸਣ ਹੀ ਲੱਗਦੀ ਹਾਂ।

ਕਿ ਉਸ ਮੈਨੂੰ ਇਕ ਦਮ ਰੋਕ ਦਿੱਤਾ 'ਨਾਅ ਨਹੀਂ ਦਸੋ। ਪਲੀਜ਼।'

ਵਰਜਿਤ ਰਿਸ਼ਤਿਆਂ ਦੀ ਅਸੀਂ ਜੇ ਗੱਲ ਕਰੀਏ ਤੇ ਵਰਜਿਤ ਤੁਹਾਨੂੰ ਕੀ ਲੱਗਦਾ? ਮੈਂ ਗੱਲ ਤੋਰਦੀ ਹਾਂ— ਵਰਜਿਤ ਵੁਰਜਿਤ ਕੁਝ ਨਹੀਂ ਹੁੰਦਾ— ਨਜ਼ਰਾਂ ਦੀਆਂ ਗੱਲਾਂ ਨੇ ਤੇ ਇਥੇ ਇਸ ਮੁਲਕ 'ਚ ਹੀ ਨਹੀਂ ਹੁਣ ਪੰਜਾਬ ਜਾਂ ਹੋਰ ਸਟੇਟਾਂ 'ਚ ਵੀ ਵਰਜਿਤ ਲਫ਼ਜ਼ ਕਿਥੋਂ ਲੱਭਾਂਗੇ? ਉਹ ਹੱਸਦੀ ਸੋਫ਼ੇ 'ਚ ਬੈਠੇ ਹੋਰ ਧੱਸ ਜਾਂਦੀ ਹੈ।

ਮੈਨੂੰ ਉਸ ਦੀਆਂ ਪੁਰਾਣੀਆਂ ਫੋਟੋਆਂ 'ਚ ਇਕ ਬਹੁਤ ਹੀ ਸੁਹਣੀ ਮੁਟਿਆਰ ਨਜ਼ਰ ਆਉਂਦੀ ਹੈ— ਉਸਦੇ ਪਤੀ ਲਾਲ ਸਿੰਘ ਵੀ ਉੱਚੇ ਲੰਮੇ ਗਭਰੂ ਜਵਾਨ। ਉਸ ਦੱਸਿਆ ਲਾਲ ਸਿੰਘ ਬਹੁਤ ਹੀ ਆਕਰਸ਼ਕ ਤੇ ਹੱਸਮੁਖ ਇਨਸਾਨ ਹਨ।

ਮੈਨੂੰ ਸ਼ਰਾਰਤ ਸੁੱਝੀ— ਤੁਸੀਂ ਗੋਰੇ ਚਿੱਟੇ ਤੇ ਬਹੁਤ ਹੀ ਸੁਹਣੇ ਸੀ ਤੇ ਲਾਲ ਸਿੰਘ ਹੁਰੀਂ ਵੀ ਪਿੰਡ ਤੋਂ ਹੀ ਗੋਰੇ ਅਤੇ ਇੰਗਲੈਂਡ ਵਿੱਚ ਤਾਂ ਹੋਰ ਰੰਗ ਗੋਰਾ ਹੁੰਦਾ ਹੋਣਾ। ਤੁਹਾਨੂੰ ਕਦੇ ਈਰਖਾ ਨਹੀਂ ਹੋਈ ਜੇ, ਇਨ੍ਹਾਂ ਉੱਤੇ ਤਾਂ ਕਈ ਮਰਦੀਆਂ ਹੋਣੀਆਂ।

ਉਸ ਮੈਨੂੰ ਮੁਸਕਰਾਂਦੇ ਕਿਹਾ— ਸੁੱਖ ਨਾਲ ਇਹ ਤਾਂ ਹੁਣ ਵੀ ਉਹੋ ਜਿਹੇ ਨੇ— ਮੈਨੂੰ ਤਾਂ ਹੁਣ ਵੀ ਈਰਖਾ ਨਹੀਂ ਹੁੰਦੀ ਜਦੋਂ ਤੁਸੀਂ ਉਨ੍ਹਾਂ ਨਾਲ ਸੈਰ ਜਾਂ ਮਾਰਕੀਟ ਇਕੱਲੇ ਜਾਂਦੇ ਹੋ। ਮੈਂ ਉਚੀ ਥਾਣੀ ਹੱਸ ਪੈਂਦੀ ਹਾਂ। ਕਿਉਂ ਜੁ ਇਹ ਈਰਖਾ ਦਾ ਹੀ ਤਾਂ ਪਹਿਲੂ ਹੈ।

ਤੁਹਾਨੂੰ ਨਹੀਂ ਲੱਗਦਾ ਕਿ ਅਸੀਂ ਲੋਚਦੇ ਹਾਂ ਸਾਡੀਆਂ ਲਿਖਤਾਂ ਬਾਰੇ ਆਲੋਚਕ ਕੁਝ ਲਿਖਣ। ਮੈਂ ਸਮਝਦੀ ਹਾਂ ਕਿ ਆਲੋਚਕਾਂ ਨੂੰ ਵੀ ਸਾਡੀਆਂ ਲਿਖਤਾਂ ਦਾ ਇੰਤਜ਼ਾਰ ਰਹਿੰਦਾ ਹੈ, ਉਨ੍ਹਾਂ ਨੂੰ ਵੀ ਲੇਖਕ ਚਾਹੀਦੇ ਨੇ, ਜੋ ਉਨ੍ਹਾਂ ਦੇ ਵਿਚਾਰਾਂ 'ਚ ਵਾਧਾ ਕਰ ਸਕਣ।

'ਸਾਡੇ ਪੰਜਾਬੀ ਲੇਖਕਾਂ 'ਚ ਕਈ ਤਰ੍ਹਾਂ ਦੇ ਨਿਰਥਕ ਤੇ ਸੁਚੱਜੇ ਇਨਸਾਨ ਵੀ ਨੇ। ਉਹ ਵੀ ਵੇਖ ਲੈਂਦੇ ਨੇ ਕਿ ਔਰਤ ਕਿਹੋ ਜਿਹੀ ਹੈ ਜਾਂ ਕਦੇ-ਕਦੇ ਗਲਤ ਮਤਲਬ ਵੀ ਕੱਢ ਲੈਂਦੇ ਹਨ।'

ਗੱਲ ਕਰਨ 'ਤੇ ਉਹ ਇਕਦਮ ਕਹਿ ਉੱਠਦੇ ਨੇ 'ਮੇਰੇ ਨਾਲ ਇਹੋ ਜਿਹਾ ਕੁਝ ਨਹੀਂ ਹੋਇਆ। ਇੰਗਲੈਂਡ 'ਚ ਇਕ ਬੀਬੀ ਨੇ ਇਕ ਵਾਰ ਮਰਦ ਲੇਖਕਾਂ ਨੂੰ ਆਪਣੇ ਘਰ ਪਾਰਟੀ 'ਤੇ ਸੱਦਿਆ ਉਨ੍ਹਾਂ ਵਿਚੋਂ ਕਈਆਂ ਨੇ ਕੁਝ ਹੋਰ ਹੀ ਮਤਲਬ ਕੱਢ ਲਿਆ— ਮੇਰਾ ਮਤਲਬ ਜੇ ਉਸ ਡਰਿੰਕ ਲੈ ਵੀ ਲਈ ਤਾਂ ਕੀ ਉਹ ਚੰਗੀ ਲੇਡੀ ਨਹੀਂ ਰਹੀ। ਇਹ ਮਰਦ ਆਪਣੇ ਅਨੁਸਾਰ ਹੀ ਆਪੇ ਮੀਨਿੰਗ ਕੱਢ ਲੈਂਦੇ ਹਨ।'

ਉਸਦਾ ਚਿਹਰਾ ਲਾਲ ਹੋ ਗਿਆ ਸੀ— 'ਮੈਂ ਸਮਝ ਸਕਦੀ ਸਾਂ ਇਨ੍ਹਾਂ ਮਰਦਾਂ ਦੀ ਫਿਤਰਤ।'

ਮੈਂ ਉਨ੍ਹਾਂ ਨੂੰ ਕਿਹਾ— ਬਲਬੀਰ ਜੀ ਪਹਿਲਾਂ ਤਾਂ ਇਹ ਕਿ ਮਰਦ ਤੇ ਔਰਤ 'ਚ ਸਾਨੂੰ ਫਰਕ ਨਹੀਂ ਸਮਝਣਾ ਚਾਹੀਦਾ ਖ਼ਾਸ ਕਰਕੇ ਪੱਛਮੀ ਮੁਲਕਾਂ 'ਚ। ਦੂਜੀ ਗੱਲ ਨੂੰ ਤੂਲ ਦਿਓ ਤਾਂ ਇਹ ਮਰਦ ਮਚਲ ਜਾਂਦੇ ਨੇ।'

'ਹਾਂ ਤੁਹਾਡੇ ਤੋਂ ਵੈਸੇ ਵੀ ਇਹ ਮਰਦ ਦੂਰ ਹੀ ਰਹਿਣਗੇ।' ਮੈਂ ਮੁਸਕਰਾਈ।

'ਕਿਉਂ?' ਉਸਨੇ ਆਪਣੇ ਭਰਵੱਟੇ ਤਾਂਅ ਚੱਕੇ।

ਕਿਉਂਕਿ ਤੁਹਾਡੇ ਕੋਲ ਆਪਣਾ ਸਾਥੀ ਹੈ। ਖੇਤਾਂ 'ਚ ਡਰਨੇ ਵਾਂਗ ਨਹੀਂ ਸਗੋਂ ਹਰ ਥਾਂ, ਹਰ ਪਲ ਤੁਹਾਡਾ ਸਾਥ ਦੇਣ ਲਈ। ਉਸਦੇ ਚਿਹਰੇ 'ਤੇ ਸਕੂਨ ਝਲਕਦਾ ਹੈ।

ਵੈਸੇ ਮਰਦ ਨੂੰ ਬਿੰਦਾਸ ਤੇ ਹਸਮੁਖ ਔਰਤਾਂ ਜ਼ਿਆਦਾ ਖਿੱਚਦੀਆਂ ਹੁੰਦੀਆਂ ਨੇ। ਕੱਲੀ-ਕਾਰੀ, ਇੱਟ ਦਾ ਜਵਾਬ ਪੱਥਰ ਵਾਂਗ ਦੇਣ ਵਾਲੀ। ਅਸੀਂ ਦੋਹਵੇਂ ਬੜੀ ਦੇਰ ਤੱਕ ਹੱਸਦੀਆਂ ਰਹੀਆਂ— ਉਸ ਦੀਆਂ ਅੱਖਾਂ 'ਚ ਹੱਸਦੇ ਹੋਏ ਤ੍ਰੇਲ ਵੀ ਨਜ਼ਰੀਂ ਪਈ।

ਉਸ ਦੱਸਿਆ ਇਕ ਵਾਰ ਸਾਡੇ ਪੰਜਾਬੀ ਲੇਖਕਾਂ ਦੀ ਬੈਠਕ 'ਚ ਮਰਦਾਂ ਅਤੇ ਔਰਤਾਂ ਦਾ ਜ਼ਿੰਦਗੀ ਵਿੱਚ ਕਿੰਨਾ ਕੁ ਹਿੱਸਾ ਹੁੰਦਾ ਹੈ 'ਤੇ ਬਹਿਸ ਛਿੜ ਪਈ। ਸਾਡੀ ਪੇਂਟਰ ਤੇ ਕਵਿੱਤਰੀ ਪਰਵੀਨ ਕੁਰ ਕਿਹਾ— ਔਰਤ ਹੀ ਇਸ ਸੰਸਾਰ ਦੀ ਜਨਨੀ ਹੈ ਤੇ ਉਸਦਾ ਬੱਚਾ ਜੰਮਣ ਤੋਂ ਲੈਕੇ ਪਰਵਰਿਸ਼ ਤੱਕ ਉਸਦਾ ਬਹੁਤ ਹਿੱਸਾ ਹੁੰਦਾ ਹੈ ਤਾਂ ਜ਼ੀਰਵੀ ਨੇ ਹੌਲੀ ਜਿਹੇ ਕਿਹਾ ਮਰਦ ਦਾ ਕੁਝ ਹਿੱਸਾ ਹੁੰਦਾ ਹੀ ਹੈ ਨਾ— ਧਰਤੀ ਤੇ ਅਕਾਸ਼ ਵਾਂਗ।

'ਹਾਂ— ਇਕ ਚਮਚਾ ਬੀਰਜ ਹੀ ਨਾਂ'

ਤੇ ਜੋ ਹਾਸਾ ਪਿਆ— ਨਿਰਮਲ ਮੈਂ ਦੱਸ ਨਹੀਂ ਸਕਦੀ। ਇਹ ਸਾਡੀ ਪੇਂਟਰ ਆਰਟਿਸਟ ਕਦੇ-ਕਦੇ ਬਹੁਤ ਅਗਾਂਹ ਦੀ ਗੱਲ ਕਹਿ ਦਿੰਦੀ ਹੈ ਤੇ ਸਿਆਪੇ ਵੀ ਬੜੇ ਖੜ੍ਹੇ ਹੋ ਜਾਂਦੇ ਨੇ।

ਭਾਰਤ ਦੇ ਪੰਜਾਬ ਤੋਂ ਇੰਗਲੈਂਡ ਅਤੇ ਇੰਗਲੈਂਡ ਤੋਂ ਕਨਾਡਾ ਦੀ ਧਰਤੀ 'ਤੇ ਵਸਣ ਲਈ ਬਲਬੀਰ ਨੂੰ ਕਾਫ਼ੀ ਪਾਪੜ ਵੇਲਣੇ ਪਏ 'ਭਾਵੇਂ ਪਤੀ ਲਾਲ ਸਿੰਘ ਇੰਜੀਨੀਅਰ ਸੀ ਤਾਂ ਵੀ ਮੈਨੂੰ ਬ੍ਰੈਡ ਅਰਨ ਕਰਨ ਲਈ ਬੜੇ ਕੰਮ ਕਰਨੇ ਪਏ। ਮੈਂ ਬਸ ਅਤੇ ਮੈਟਰੋ ਫੜ ਕੰਮ 'ਤੇ ਜਾਂਦੀ ਰਹੀ ਹਾਂ। ਬੀਮਾਰ ਪੈਣ 'ਤੇ ਵੀ ਮੈਂ ਕਈ ਵਾਰ ਬੈਠ-ਬੈਠ ਕੇ ਪੌੜੀਆਂ ਉਤਰਦੀ ਕੰਮ 'ਤੇ ਪਹੁੰਚਦੀ ਰਹੀ ਹਾਂ। ਮੀਂਹ ਕਣੀ, ਸਰਦੀ-ਗਰਮੀ ਦੀ ਪਰਵਾਹ ਨ੍ਹੀਂ ਕੀਤੀ। ਐਜੂਕੇਸ਼ਨ ਆਫਿਸ ਵਿਚ ਵੀ ਕੰਮ ਕੀਤਾ ਅੱਜ ਐਵੇਂ ਹੀ ਨਹੀਂ ਸੁਖਾਲੀ ਜ਼ਿੰਦਗੀ ਜੀਅ ਰਹੀ ਹਾਂ। ਮੇਰੇ ਬੱਚੇ ਵੈੱਲ ਸੈਟਲਡ ਨੇ, ਤਿੰਨੇ ਬੇਟੇ ਖੁਸ਼ਹਾਲ ਨੇ, ਪੋਤੇ-ਪੋਤੀਆਂ ਪੜ੍ਹ ਰਹੇ ਨੇ।'

'ਮਿਹਨਤ ਦਾ ਫਲ ਤਾਂ ਚੰਗਾ ਹੀ ਹੁੰਦਾ ਹੈ। ਕਦੇ ਤੁਸੀਂ ਮੈਡੀਕਲੀ ਅਨਫਿਟ ਹੋ ਕੇ ਤਾਂ ਨਹੀਂ ਜੇ ਸਰਕਾਰ ਤੋਂ ਕੋਈ ਮੁਆਵਜ਼ਾ ਲਿਆ?' ਮੈਂ ਉਸਨੂੰ ਪੁੱਛਿਆ।

'ਕਦੇ ਵੀ ਨਹੀਂ, ਵੈਸੇ ਇਟ ਇਜ਼ ਸੈਡ ਸਾਡੇ ਬੰਦੇ ਕਈ ਵਾਰ ਆਲਸੀ ਹੋ ਕੇ ਇਹੋ ਜਿਹਾ ਕੰਮ ਕਰ ਲੈਂਦੇ ਨੇ। ਸਰਕਾਰ ਹੁਣ ਸੁਚੇਤ ਹੈ... ਉਸ ਖੁੱਲ੍ਹ ਕੇ ਗੱਲ ਨਹੀਂ ਕੀਤੀ— ਚੁੱਪ ਵੱਟ ਲਈ।'

'ਨਿਰਮਲ ਬਾਹਰਲੇ ਮੁਲਕ 'ਚ ਜੇ ਸਿਰ 'ਤੇ ਛੱਤ ਹੈ ਅਤੇ ਫਰਿਜ ਫੂਡ ਨਾਲ ਭਰਿਆ ਹੈ ਤਾਂ ਇਥੇ ਕੋਈ ਫਿਕਰ ਵਾਲੀ ਗੱਲ ਨਹੀਂ।'

ਉਦੋਂ ਹੀ ਮਿੰਨੀ ਗਰੇਵਾਲ ਦਾ ਫ਼ੋਨ ਆਉਂਦਾ ਹੈ। ਦੋਵੇਂ ਬੜੀ ਦੇਰ ਗੱਲਾਂ ਕਰਦੀਆਂ ਰਹੀਆਂ ਕਿਸੇਟਿਮ ਹਾਰਟਨ ਵਿੱਚ ਕਾਫੀ ਪੀਣ ਲਈ।

'ਅਸੀਂ ਚਾਰ-ਪੰਜ ਜਣੇ ਕਦੀਂ-ਕਦਾਈਂ ਮਿਸੀਸਾਗਾ ਦੇ ਟਿਮ ਹਾਰਟਨ 'ਚ ਕਾਫੀ ਲਈ ਇਕੱਠੇ ਹੁੰਦੇ ਹਾਂ। ਆਹ ਸੜਕ ਪਾਰ ਹੀ ਬਰੈਮਪਟਨ ਹੈ।'

ਸਾਹਿਤਕ ਸੇਕ ਨੂੰ ਬਲਦੇ ਰੱਖਣ ਲਈ ਪੰਜਾਬ ਜਾਂ ਭਾਰਤ ਦਾ ਕਾਫੀ ਹਾਊਸ ਇਥੇ ਵੀ ਲੇਖਕਾਂ 'ਚ ਗਰਮੀ ਬਣਾਈ ਰੱਖਦਾ ਹੈ ਸੁਣ ਕੇ ਚੰਗਾ ਲੱਗਾ।

'ਕਦੇ ਕਮਿਊਨਿਸਟਾਂ ਨਾਲ ਤੁਹਾਡਾ ਵਾਹ ਪਿਆ ਜਾਂ ਕੀ ਤੁਸੀਂ ਕਦੇ ਕਾਮਰੇਡ ਰਹੇ ਹੋ ਜਾਂ ਕਿ ਸਮਾਜ ਪ੍ਰਤੀ ਕੋਈ ਕੰਮ ਕੀਤਾ ਹੋਵੇ?' ਮੇਰੇ ਪੁੱਛਣ 'ਤੇ ਉਹ ਕਹਿੰਦੇ ਨੇ— 'ਮੈਂ ਇੰਗਲੈਂਡ 'ਚ ਇੰਡੀਆ ਵਰਕਰ ਐਸੋਸੀਏਸ਼ਨ ਵਿੱਚ ਔਰਤਾਂ ਦੇ ਵਿੰਗ ਦੀ ਇੰਚਾਰਜ ਰਹੀ ਹਾਂ। ਫੇਰ ਮੈਂ ਅਸਤੀਫਾ ਦੇ ਦਿੱਤਾ। ਮੈਨੂੰ ਔਰਤਾਂ ਪ੍ਰਤੀ ਕੋਈ ਯੋਗਦਾਨ ਨਹੀਂ ਨਜ਼ਰ ਆਇਆ।'

'ਤੁਸੀਂ ਇੰਨਾਂ ਕੁਝ ਲਿਖਿਆ, ਕਈ ਸੰਸਥਾਵਾਂ ਨਾਲ ਕੰਮ ਕੀਤਾ, ਇੰਗਲੈਂਡ, ਕਨਾਡਾ ਦੇ ਰੇਡੀਓ 'ਤੇ ਰਹੇ। ਪੰਜਾਬੀ ਸੱਥ ਪਰਚਾ ਕੱਢ ਰਹੇ ਹੋ। ਕੋਆਰਡੀਨੇਟਰ ਰਹੇ— ਕੀ ਤੁਸੀਂ ਪੰਜਾਬੀ ਆਲੋਚਕਾਂ ਤੋਂ ਸੰਤੁਸ਼ਟ ਰਹੇ'— ਉਨ੍ਹਾਂ ਦੇ ਚਿਹਰੇ 'ਤੇ ਕਦੇ ਸੰਤੁਸ਼ਟੀ ਤੇ ਕਦੇ ਰੋਸ ਝਲਕਦਾ ਹੈ।

'ਮੈਂ 1970 ਤੋਂ 1987 ਤੱਕ ਯੂ. ਕੇ. ਦੇ ਪਰਿਵੇਸ਼ ਦੀਆਂ ਕਹਾਣੀਆਂ ਲਿਖੀਆਂ। 1982 'ਚ ਤਾਂ 'ਆਪਣੇ ਹੀ ਓਹਲੇ' ਪੁਸਤਕ ਆ ਗਈ ਸੀ। 1999 'ਚ ਬਲਦੇਵ ਧਾਲੀਵਾਲ ਦੀ ਪੁਸਤਕ 'ਆਧੁਨਿਕ ਪੰਜਾਬੀ ਕਹਾਣੀ' ਆਈ ਸੀ। ਯੂ. ਕੇ. ਦੀਆਂ ਕਹਾਣੀਆਂ 'ਚ ਮੇਰਾ ਨਾਮ ਨਹੀਂ।'

'ਇਹ ਉਸ ਦੀ ਲਿਮੀਟੇਸ਼ਨ ਹੋਵੇਗੀ।' ਮੈਂ ਉਸਨੂੰ ਤਸੱਲੀ ਦਿੱਤੀ।

'ਪਰ ਵੀਨਾ ਵਰਮਾ ਤੇ ਪਰਵੇਜ਼ ਸੰਧੂ ਦਾ ਨਾਂਅ ਤਾਂ ਸੀ।'

'ਉਨ੍ਹਾਂ ਦੋਹਾਂ ਨੇ ਬੜੀਆਂ ਗਰਮਾ-ਗਰਮ ਕਹਾਣੀਆਂ ਪਰੋਸੀਆਂ'— ਮੈਂ ਉਸਨੂੰ ਉਕਸਾਹਟ ਦੇਂਦੀ ਹਾਂ।

'ਤੁਸੀਂ ਵੀ ਤਾਂ ਹਾਟ ਕਹਾਣੀਆਂ ਲਿਖੀਆਂ'— ਉਹ ਮੈਨੂੰ ਕਹਿੰਦੇ ਹਨ।

'ਮੇਰੀ ਛੱਡੋ— ਮੈਂ ਤਾਂ ਸਾਰੀ ਉਮਰ ਅੱਗ ਨਾਲ ਖੇਡਦੀ ਰਹੀ ਹਾਂ। ਤੁਸੀਂ ਇਨ੍ਹਾਂ ਲੇਖਿਕਾਵਾਂ ਵਾਂਗ ਕੋਈ ਹੱਥ ਸੇਕਣ ਵਾਲੀ ਕਹਾਣੀ ਨਹੀਂ ਲਿਖੀ?'

'ਕਿਉਂ 'ਸੌਂਹ ਰੱਬ ਦੀ' ਕਹਾਣੀ 30 ਵਰ੍ਹੇ ਪਹਿਲਾਂ ਹੀ ਆ ਗਈ ਸੀ। ਪਾਠਕਾਂ ਨੂੰ ਹਰ ਟੇਢੀ ਗੱਲ ਖਿੱਚਦੀ ਆ—' ਉਹ ਉਤੇਜਿਤ ਹੋ ਕੇ ਬੋਲਦੇ ਰਹੇ ਤੇ ਕਹਾਣੀ ਬਾਰੇ ਗੱਲ ਕਰਦੇ ਰਹੇ।

'ਅਸ਼ਲੀਲ ਕਹਾਣੀ ਸੀ?' ਮੈਂ ਪੁੱਛਿਆ।

ਲੋਕ ਅਸ਼ਲੀਲ ਕਹਿ ਸਕਦੇ ਨੇ।

'ਹਾਂ ਉਨ੍ਹਾਂ ਦਿਨਾਂ 'ਚ ਕਾਫ਼ੀ ਚਰਚਾ ਰਹੀ।'

'ਓ. ਕੇ. ਫੇਰ ਰੋਸਾ ਕਿਉਂ ਹੁਣ ਨਵਿਆਂ ਨੂੰ ਆਉਣ ਦਿਓ।'

'ਨਵੇਂ ਆਉਟ ਪਰ ਕੋਈ ਨਵੀਂ ਗੱਲ ਤਾਂ ਲੈ ਕੇ ਆਉਣ।'

ਬਲਬੀਰ ਕੌਰ ਬਿਨਾਂ ਬਰੇਕ ਬੋਲੀ ਜਾਂਦੀ ਹੈ। ਉਹ ਪੰਜ ਛੇ ਘੰਟੇ ਲਗਾਤਾਰ ਬੋਲ ਸਕਦੇ ਨੇ। ਭਾਵੇਂ ਬੀਮਾਰ ਹੋਣ ਤਾਂ ਵੀ ਬੋਲ ਸਕਦੇ ਨੇ। ਸਾਰੀ ਦੁਨੀਆਂ ਦੀਆਂ ਗੱਲਾਂ, ਸਾਹਿਤਕ, ਪਾਲਿਟਿਕਸ, ਸਾਇੰਸ, ਕੋਈ ਇਹੋ ਜਿਹਾ ਖੇਤਰ ਨਹੀਂ ਜਿਸ 'ਤੇ ਉਹ ਗੱਲ ਨਾ ਕਰ ਸਕਣ। ਉਨ੍ਹਾਂ ਦੇ ਇਸ ਗਿਆਨ ਦੇ ਭੰਡਾਰ ਨੂੰ ਮੈਂ ਕੁਰੇਦਿਆ, ਤੁਸੀਂ ਸਿੱਖਿਆ ਕਿੱਥੋਂ ਤੀਕ ਲਈ।

ਮੈਂ ਬਿਜ਼ਨਸ ਸਟਡੀ ਅਤੇ ਲਾਅ ਦੇ ਡਿਪਲੋਮਾ ਤੋਂ ਵੱਖ, ਬੜੇ ਕੋਰਸ ਕੀਤੇ। ਪੰਜਾਬ ਤੋਂ ਮੈਂ ਗ੍ਰੈਜੂਏਟ ਤਾਂ ਸੀ ਹੀ।

ਹਾਂ ਸੱਚ ਡਾ. ਧਨਵੰਤ ਕੌਰ ਨੇ ਇਕ ਦੋ ਥਾਂ 'ਤੇ ਇਕ ਅੱਧੀ ਕਹਾਣੀ ਦਾ ਜ਼ਿਕਰ ਜ਼ਰੂਰ ਕੀਤਾ। ਉਹ ਹੁਣੇ ਪਿਛਲੀਆਂ ਗੱਲਾਂ 'ਚ ਗੁਆਚੇ ਹੋਏ ਸਨ।

'ਵੀਨਾ ਵਰਮਾ ਨੂੰ, ਜਰਨੈਲ ਸਿੰਘ ਨੂੰ ਭਾਸ਼ਾ ਵਿਭਾਗ ਦਾ ਇਨਾਮ ਮਿਲ ਗਿਆ?'

ਵੀਨਾ ਵਰਮਾ ਨੇ ਸਾਹਿਤ ਲਈ ਬਹੁਤ ਡੋਨੇਟ ਕੀਤਾ..... ਪੰਜਾਬ, ਪੰਜਾਬੀ ਦੀ ਗੱਲ ਤਾਂ ਹੋਣੀ ਹੀ ਚਾਹੀਦੀ ਹੈ। ਪੰਜਾਬੀਅਤ ਲਈ ਮਦਦ ਵੀ ਕਰਨੀ ਚਾਹੀਦੀ ਹੈ.... ਅਤੇ ਸਾਰੇ ਕੋਈ ਨਾ ਕੋਈ ਹੀਲਾ ਕਰੀ ਰੱਖਦੇ ਆ।

ਫੇਰ ਵੀ ਕੋਈ ਗੱਲ ਨਹੀਂ, ਪਰਵਾਸੀਆਂ 'ਚ ਤੁਹਾਡੀ ਵਾਰੀ ਵੀ ਆ ਜਾਵੇਗੀ। ਉਸਨੂੰ ਕੁਰੇਦਦਿਆਂ ਮੈਂ ਮੁਸਕਰਾਈ।

'ਲੈ ਵੇਖੋ— ਹੁਣੇ ਤਾਂ ਹਰਜੀਤ ਅਟਵਾਲ ਆ, ਸਾਧੂ ਬਿਨਿੰਗ, ਜਰਨੈਲ ਸਿੰਘ ਸੇਖਾ, ਮਾਂਗਟ ਦੀ ਪਿਛੇ ਜਿਹੇ ਕਹਾਣੀਆਂ ਦੀ ਕਿਤਾਬ ਮੋਮਬੱਤੀ ਆਈ ਆ, ਨਾਵਲ ਆ ਗਿਆ ਹੈ। ਪਰਵੇਜ਼ ਸੰਧੂ ਹੁਣ ਲਾਈਨ 'ਚ ਨਹੀਂ ਕਾਫੀ ਦੇਰ ਤੋਂ ਉਸਦੀ ਕੋਈ ਕਿਤਾਬ ਨਹੀਂ ਆਈ।'

ਨਾਵਲ 'ਜਾਲ' ਤਾਂ ਤੁਹਾਡਾ ਵੀ ਆ ਗਿਆ, ਤੁਸੀਂ ਪੰਜਾਬ ਜਾਂਦੇ ਹੋ— ਜਾ ਕੇ ਕਿਸੇ ਨਾ ਕਿਸੇ ਨੂੰ ਮਿਲੋ।' ਮੈਂ ਵਿਅੰਗ ਕਰਦੀ ਹਾਂ ਉਹ ਵਿਅੰਗ ਨੂੰ ਹਾਸੇ ਵਿਚ ਲੈ ਲੈਂਦੇ ਨੇ।

'ਮੇਰੇ ਤਾਂ ਹੁਣ ਗੋਡੇ ਰਹਿ ਗਏ।' ਮੇਰਾ ਹਾਸਾ ਉਸ ਦੇ ਹਾਸੇ 'ਚ ਰਲ ਗਡ ਹੋ ਜਾਂਦਾ ਹੈ। ਕਿਉਂਕਿ ਮੈਂ ਉਸ ਦੇ ਗੋਡਿਆਂ ਬਾਰੇ ਜਾਣਦੀ ਹਾਂ। ਚਾਰ ਪੰਜ ਵਰ੍ਹੇ ਪਹਿਲਾਂ ਉਸਨੇ ਆਪਣੇ ਗੋਡੇ ਬਦਲਵਾ ਲਏ ਸਨ। ਜਿਵੇਂ ਲੋਕ ਦਿਲ ਦੀ ਸਰਜਰੀ ਕਰਵਾ ਕੇ ਦਿਲ ਦੀ ਧੜਕਨ ਨੂੰ ਨਵਾਂ ਕਰ ਲੈਂਦੇ ਹਨ— ਉਹ ਵੀ ਮਾਸ਼ਾ ਅੱਲ੍ਹਾ ਗੋਡੇ ਨਵੇਂ ਕਰਵਾ ਚੁੱਕੇ ਹਨ।

'ਕੀ ਕਹਾਣੀ ਦਾ ਇਰਾ (era) ਆਪਣੇ ਅੰਤਿਮ ਪੜਾਅ 'ਚ ਹੈ ਜਾਂ ਕਹਾਣੀ ਮਰ ਰਹੀ ਹੈ...?' ਮੈਂ ਪੁੱਛਿਆ ਕਿਉਂਕਿ ਇੰਟਰਨੈੱਟ ਦੇ ਯੁੱਗ 'ਚ ਕਿਤਾਬਾਂ ਦੀ ਭੂਮਿਕਾ ਹੌਲੀ-ਹੌਲੀ ਘੱਟ ਹੋ ਰਹੀ ਹੈ।

'ਕਿਸੇ ਕੋਲ ਸਮਾਂ ਹੀ ਨਹੀਂ— ਇੰਟਰਨੈੱਟ ਨੇ ਤਾਂ ਸਾਰੀ ਦੁਨੀਆਂ ਦੇ ਵਰਕੇ ਫਰੋਲ ਕੇ ਰੱਖ 'ਤੇ— ਨਿਰਮਲ ਤੁਸੀਂ 'ਵੈਮਪਾਇਰ' ਕਹਾਣੀ ਲਿਖੀ ਹੈ। ਹਿਟਲਰ ਬਾਰੇ ਭਾਵੇਂ ਉਸ 'ਚ ਬਹੁਤ ਕੁਝ ਹੈ ਪਰ ਕਲਿਕ ਕਰੋ ਤਾਂ ਉਸ ਬਾਰੇ ਸਭ ਕੁਝ ਪੜ੍ਹ ਸਕਦੇ ਹੋ।'

'ਪਰ ਕਿਤਾਬਾਂ ਨਹੀਂ ਜੇ ਮਰ ਸਕਦੀਆਂ, ਨਾ ਹੀ ਚੰਗੀ ਕਹਾਣੀ। ਪਾਠਕ ਬੜਾ ਸੁਚੇਤ ਅਤੇ ਪੜ੍ਹਿਆ-ਲਿਖਿਆ ਹੈ। ਹਰ ਨਵੀਂ ਚੀਜ਼ ਉਸਨੂੰ ਟੁੰਬਦੀ ਹੈ—' ਮੈਂ ਕਹਿ ਕੇ ਗੱਲ ਖ਼ਤਮ ਕਰਦੀ ਹਾਂ।

ਅਤੇ ਗੱਲ ਨਹੀਂ ਖ਼ਤਮ ਹੁੰਦੀ ਜਦੋਂ ਉਸ ਆਪਣੇ ਨਾਨਕੇ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਇਸ ਉਮਰ 'ਚ ਆ ਕੇ ਵੀ ਉਹ ਬਚਪਨ ਦੇ ਸੰਗੀ-ਸਾਥੀਆਂ ਨੂੰ ਨਹੀਂ ਭੁੱਲਦੀ— ਹਾਂ ਕੀ ਨਾਂ ਸੀ ਉਸਦਾ— ਤਰਖਾਣਾਂ ਦੀ ਕੁੜੀ ਸੀ ਉਹ.... ਉਹ ਜਿਵੇਂ ਯਾਦ ਕਰ ਰਹੀ ਸੀ ਤੇ ਮੈਂ ਪੁੱਛ ਬੈਠੀ 'ਅਸੀਂ ਵਿਦੇਸ਼ਾਂ ਵਿੱਚ ਰਹਿ ਕੇ ਵੀ ਜਾਤ ਬਿਰਾਦਰੀ ਨਹੀਂ ਭੁੱਲ ਸਕੇ....'

'ਨਿਰਮਲ ਪਿੰਡਾਂ 'ਚ ਇਸੇ ਤਰ੍ਹਾਂ ਹੀ ਚਲਦਾ ਹੈ— ਕੋਈ ਵੀ ਨਹੀਂ ਭੁਲਦਾ। ਫਲਾਣਾ-ਢਿਮਕਾਣਾ ਕਹਿ ਕੇ ਹੀ ਗੱਲਾਂ ਕਰਦੇ ਹਨ।'

ਮੈਂ ਹੱਸ ਪੈਂਦੀ ਹਾਂ— 'ਸ਼ਹਿਰ ਦਰ ਸ਼ਹਿਰ' ਘੁੰਮ ਕੇ ਭੀ ਪਾਂਵ ਗਾਂਵ ਕੀ ਜ਼ਮੀਂ ਪਰ ਹੀ ਰੁਕਤੇ ਹੈਂ।'

ਮਤਲਬ ਜਿੱਥੇ ਵੀ ਜਾਈਏ ਆਪਣੇ ਅਤੇ ਖਾਸ ਕਰਕੇ ਦੂਜਿਆਂ ਦੇ ਪਿਛੋਕੜ ਨੂੰ ਕੋਈ ਵੀ ਨਹੀਂ ਭੁੱਲ ਸਕਦਾ। ਨਾ ਭੁੱਲੇ ਕੋਈ, ਇਹ ਨਵੀਂ ਪੋਧ ਨੇ, ਨਵੇਂ ਜੁਆਕਾਂ ਨੇ ਆਪੇ ਰਲ-ਗਡ ਹੋ ਜਾਣਾ ਜੇ।

ਫੇਰ ਵੀ ਇਸ ਉਮਰ ਵਿਚ ਵੀ ਨੱਠ-ਭੱਜਦੀ ਜ਼ਿੰਦਗੀ ਜੀਉਣ ਵਾਲੀ ਬਲਬੀਰ ਕੌਰ ਸੰਘੇੜਾ ਦੇ ਹੱਥਾਂ ਦੀਆਂ ਤਲੀਆਂ ਦੀ ਗਰਮੀ 'ਚ ਕਈ ਲੇਖਕਾਂ ਦੀਆਂ ਕਹਾਣੀਆਂ ਲੱਭਣ ਦੀ ਕੋਸ਼ਿਸ਼ ਕਰਦੀ ਹਾਂ। ਪਰ ਉਹ ਤਾਂ ਮੱਛੀ ਵਾਂਗ ਸਮੁੰਦਰ ਦੀ ਤਹਿ ਵਿਚ ਚਲੇ ਜਾਂਦੇ ਨੇ, ਸਮੁੰਦਰ ਵਿੱਚੋਂ ਕੁਝ ਹੋਰ ਮੋਤੀ ਲੱਭਣ ਲਈ। ਗਤੀਮਾਨ ਰਹਿਣਾ ਉਨ੍ਹਾਂ ਦੀ ਫਿਤਰਤ ਹੈ। ਉਹ 'ਮੀਨ' ਰਾਸ਼ੀ ਦੇ ਜੁ ਨੇ।.... ਮਾਸ਼ਾ ਅੱਲ੍ਹਾ।

✪

# ਕੇਹਰ ਸ਼ਰੀਫ

ਕੇਹਰ ਸ਼ਰੀਫ—ਬੜਾ ਨਾਂ ਸੁਣਿਆ ਸੀ—ਕੌਣ ਹੈ ਕੇਹਰ ਸ਼ਰੀਫ? ਪਤਾ ਚੱਲਿਆ ਇਕ ਬੰਦਾ ਜਰਮਨ 'ਚ ਰਹਿੰਦਾ ਹੈ— ਉਹ ਹੈ ਕੇਹਰ ਸ਼ਰੀਫ। ਇਕ ਗੋਸ਼ਟੀ 'ਚ ਜਰਮਨ ਵਾਲੇ ਉਹੀਓ ਬੰਦੇ ਨੇ ਪ੍ਰਧਾਨਗੀ ਕਰਨੀ ਸੀ। ਵੇਖੀਏ ਤਾਂ ਸਹੀ-ਕੌਣ ਹੈ ਕੇਹਰ ਸ਼ਰੀਫ?

ਦਰਮਿਆਨ ਕੱਦ ਦਾ ਹੱਸਮੁੱਖ ਚਿਹਰਾ, ਸਿੱਧੇ ਚੀਰ ਕੱਢਵੇਂ ਬਾਲ, ਅੱਖਾਂ ਸੁਚੇਤ ਚਮਕੀਲੀਆਂ, ਚੁਸਤ ਤੇ ਦਲੇਰ ਪੱਕਾ ਕਾਮਰੇਡ। ਕਵਿਤਾ ਬਾਰੇ ਕੋਈ ਦੋ ਰਾਵਾਂ ਨਹੀਂ— ਸੁਰ ਵਾਲੀ—ਤੁਕਬੰਦੀ ਤੇ ਸੁਨੇਹੇ ਦੇਣ ਵਾਲੀ ਕਵਿਤਾ ਦਾ ਪੱਖ ਭਰਪੂਰ। ਬੇਤੁਕੀ ਖੁਲ੍ਹੀ ਕਵਿਤਾ ਬਾਰੇ ਹਾਸੇ ਦੇ ਬੁੱਲੇ।

ਮੈਂ ਉਸਨੂੰ ਮਿਲਣ ਦੀ ਇੱਛਾ ਜਾਹਿਰ ਕੀਤੀ— ਆਉ ਜੀ ਕਦੇ ਵੀ— ਵੈਸੇ ਮੈਂ ਆਪਣੇ ਪਰਿਵਾਰ ਨੂੰ ਅੱਜ ਚੰਡੀਗੜ੍ਹ ਦਾ ਰਾਕ-ਗਾਰਡਨ ਤੇ ਝੀਲ ਵਿਖਾਣੀ ਹੈ— ਉਸ ਤੋਂ ਬਾਅਦ ਮੈਂ ਪ੍ਰੈਸ ਕਲੱਬ ਜਾਣਾ ਹੈ—'ਮੈਂ ਪ੍ਰੈਸ ਕਲੱਬ ਮਿਲਾਂਗੀ।' ਮੈਂ ਕਿਹਾ।

ਤੁਹਾਡਾ ਨਾਂ ਕੇਹਰ ਹੈ—ਇਸ ਦਾ ਮਤਲਬ ਹੁੰਦਾ ਹੈ ਸ਼ੇਰ—ਸ਼ੇਰ ਤੇ ਸ਼ਰੀਫ—ਮੈਂ ਉਸ ਨੂੰ ਪੁੱਛਦੀ ਹਾਂ—ਉਹ ਦਸਦਾ ਹੈ—ਮੈਂ ਸੱਚਮੁਚ ਸ਼ਰੀਫ ਹਾਂ ਤੇ ਬੁੱਲ੍ਹਾਂ 'ਚ ਮੁਸਕਰਾਂਦਾ ਹੈ।

ਅੰਗ ਸੰਗ ਵਾਲੇ ਸ਼ਾਮ ਸਿੰਘ ਦਾ ਛੋਟਾ ਵੀਰ ਤੇ ਸ਼ਰੀਫ ਬਿਲਕੁਲ ਵਿਰੋਧਾਭਾਸ ਸੀ।

ਵੈਸੇ ਕੇਹਰ ਨੂੰ 22 ਵਰ੍ਹੇ ਹੋ ਗਏ ਨੇ ਜਰਮਨ ਦੇ ਵਿੱਟਣ ਸ਼ਹਿਰ 'ਚ ਰਹਿੰਦੇ ਹੋਏ—ਉਹ ਜਰਮਨ 'ਚ ਇਸ ਤਰ੍ਹਾਂ ਢੱਲ ਗਿਆ ਹੈ ਜਿਵੇਂ ਉਥੋਂ ਦਾ ਹੀ ਵਸਨੀਕ ਹੋਵੇ—ਪਰੰਤੂ ਆਪਣੇ ਆਪ ਨੂੰ ਮਹਿਮਾਨ ਕਹਾਣਾ ਉਸਨੂੰ ਅਜੀਬ ਲਗਦਾ ਹੈ—'ਮੈਂ ਬਈ ਆਪਣੇ ਘਰ ਪਰਤ ਆਇਆ ਹਾਂ—ਪੰਜਾਬ ਮੇਰਾ ਘਰ ਹੈ—'

ਜਿਸ ਤਰ੍ਹਾਂ ਕਿਸੇ ਥੱਕੇ ਮੁਸਾਫਿਰ ਨੂੰ ਬਿਰਖ ਦੀ ਛਾਂ ਮਿਲ ਜਾਵੇ ਤਾਂ ਉਹ ਸਫਰ ਦੀ ਸਾਰੀ ਥਕਾਨ ਭੁਲ ਜਾਂਦਾ ਹੈ ਉਸੇ ਤਰ੍ਹਾਂ ਕੇਹਰ ਸ਼ਰੀਫ ਪੰਜਾਬ 'ਚ ਆਉਂਦਾ ਹੀ ਵਿਦੇਸ਼ ਦੀ ਥਕਾਨ ਨੂੰ ਭੁਲ ਜਾਂਦਾ ਹੈ।

ਮੇਜ ਦੇ ਆਲੇ-ਦੁਆਲੇ ਉਸਦੀ ਸੁਹਣੀ ਬੀਵੀ ਤੇ ਗੋਲ ਮਟੋਲ ਧੀ ਨਾਲ ਹੀ ਦਸ ਕੁ ਸਾਲ ਦੀ ਉਮਰ ਦਾ ਬੇਟਾ ਬੈਠਾ ਸੀ ਜੋ ਹਰੇਕ ਚੀਜ਼ 'ਚ ਵਾਧੂ ਨਮਕ ਤੇ ਮਿਰਚ ਦੀ ਸ਼ਿਕਾਇਤ ਕਰਦਾ ਸੀ—ਜਰਮਨ 'ਚ ਹੀ ਨਹੀਂ— ਜ਼ਿਆਦਾਤਰ ਬਾਹਰਲੇ ਯੂਰਪੀਅਨ ਮੁਲਕ ਜਾਂ ਅਮਰੀਕਾ, ਇੰਗਲੈਂਡ ਕਿਸੇ ਵੀ ਮੁਲਕ ਦੇ ਲੋਕ ਉਬਲੀਆਂ ਹੋਈਆਂ ਚੀਜ਼ਾਂ ਜ਼ਿਆਦਾ ਪਸੰਦ ਕਰਦੇ ਹਨ—ਪੰਜਾਬੀ ਖਾਣੇ ਦੀ ਖੁਸ਼ਬੋ—ਮਿਰਚ-ਮਸਾਲਾ ਭਾਵੇਂ ਵਿਦੇਸ਼ੀਆਂ ਨੂੰ ਆਕਰਸ਼ਿਤ ਕਰਦਾ ਹੈ—ਫੇਰ ਵੀ ਇਨ੍ਹਾਂ ਨੂੰ ਤੜਕਾ ਤੇ ਪਿਆਜ਼ ਦੀ ਖੁਸ਼ਬੂ ਨਾਲ ਪਰਹੇਜ਼ ਹੈ।

'ਬੱਚੇ ਆਲੂ-ਚਿਪਸ ਨਾਲ ਹੀ ਰੱਜ ਜਾਂਦੇ ਨੇ—ਉਥੇ ਹਰ ਚੀਜ਼ ਨਾਲ ਆਲੂ ਜ਼ਰੂਰ ਹੋਣਾ ਚਾਹੀਦਾ ਹੈ—' ਕੇਹਰ ਦਸਦਾ ਹੈ ਮੇਰੇ ਜ਼ਿਹਨ 'ਚ ਬਰਫ ਨਾਲ ਦੱਬੇ ਰੂਸ ਦੇ ਉਨ੍ਹਾਂ ਮਕਾਨਾਂ ਦੀ ਇਕ ਝਲਕ ਉਭਰ ਆਈ ਜਿਥੇ ਤਹਿਖਾਨਿਆਂ 'ਚ ਸਿਰਫ ਆਲੂ ਹੀ ਦੱਬੇ ਹੁੰਦੇ ਨੇ—ਜੋ ਸਾਰੇ ਸਾਲ ਪੇਟ ਭਰਨ ਦੇ ਕੰਮ ਆਉਂਦੇ ਨੇ—ਮਜ਼ਦੂਰ ਵਰਗ ਦਾ ਸੁਆਦਲਾ ਖਾਣਾ।

ਅੱਜ ਉਹੀਓ ਆਲੂ ਚਿਪਸ ਦਾ ਰੂਪ ਧਾਰਿਆ ਬੈਠਾ ਹੈ।

'ਯੂਰੋਪੀਅਨ ਲੋਕ ਕਹਿੰਦੇ ਨੇ ਜੋ ਵੀ ਚੀਜ਼ ਖਾਓ ਉਸਦੇ ਅਸਲੀ ਸੁਆਦ ਨਾਲ—ਇਕ ਯੂਰੋਪੀਅਨ ਜੇ ਕਾਫੀ ਪੀਏਗਾ ਤਾਂ ਦੁੱਧ ਚੀਨੀ ਤੋਂ ਰਹਿਤ—ਉਹ ਸਿਰਫ ਕਾਫੀ ਮਾਣਦਾ ਹੈ ਭਾਵੇਂ ਉਹ ਉਸੇ ਸਮੇਂ ਕਿਲੋ ਚਾਕਲੇਟ ਖਾ ਜਾਵੇਗਾ—ਪਰ ਕਾਫੀ ਨੂੰ ਕਾਫੀ ਵਾਂਗ ਹੀ ਲਵੇਗਾ—'

ਕੇਹਰ ਸ਼ਰੀਫ ਮੇਰੇ ਲਈ ਭਾਵੇਂ ਨਵਾਂ ਨਾਂ ਜਾਂ ਨਵੀਂ ਸ਼ਖਸੀਅਤ ਸੀ ਪਰ ਨਵਾਂ ਜ਼ਮਾਨਾ 'ਚ ਬਹੁਤ ਪਹਿਲਾਂ ਇਨ੍ਹਾਂ ਦੇ ਇਕ ਕਾਲਮ 'ਗੱਲਾਂ 'ਚੋਂ ਗੱਲ' ਛਪਦਾ ਸੀ— ਲੋਕਾਂ ਦੀ ਮਾਨਸਿਕਤਾ ਵੀ ਇਹੋ ਹੈ ਕਿ ਗੱਲਾਂ 'ਚੋਂ ਗੱਲ ਕੱਢ ਹੀ ਲੈਂਦੇ ਨੇ ਇਸੇ ਕਰਕੇ ਇਹ ਕਾਲਮ ਵੀ ਲੋਕਾਂ ਲਈ ਕਾਫੀ ਚਰਚਿਤ ਤੇ ਦਿਲਚਸਪ ਸੀ।

ਕੇਹਰ ਨੂੰ ਭਾਵੇਂ ਕਵਿਤਾਵਾਂ ਟੁੰਬਦੀਆਂ ਨੇ ਪਰ ਆਪ ਵਾਰਤਕ ਲਿਖਣ ਦਾ ਹੀ ਸ਼ੌਕੀਨ ਹੈ ਤੇ ਉਹ ਵੀ ਸਿਆਸੀ ਪੱਖ ਵਾਲੇ ਕਈ ਮਸਲੇ। ਗਲੋਬਲਾਈਜੇਸ਼ਨ ਦੀ ਚਰਚਾ ਜਿਨ੍ਹਾਂ ਮਰਜੀ ਭਖਾ ਲਵੋ—'ਵਿਸ਼ਵੀਕਰਨ ਦੇ ਬਹਾਨੇ ਲੋਕਾਂ ਨੇ ਜੋ ਨਿਜੀਕਰਨ ਤੇ ਉਦਾਰੀਕਰਨ ਦਾ ਨਾਅਰਾ ਲਾਇਆ ਹੈ—ਉਹ ਸਭ ਫਜ਼ੂਲ ਹੈ—ਵਾਸਤਵ 'ਚ ਇਹ ਬਦਕਾਰੀ ਕਰਨ ਹੈ। ਸਭਿਆਚਾਰ 'ਚ ਦੋਗਲਾਪਨ ਹੈ—ਉਹ ਬਿਨਾਂ ਰੁਕੇ ਬੋਲ ਸਕਦਾ ਹੈ, ਉਸਦੇ ਨੇਤਰ ਸਭ ਕੁਝ ਦੇ ਪਾਰਖੂ ਹਨ—ਲੋਕਤੰਤਰ ਲਈ ਲੜਦੇ ਕਿਸੇ ਵੀ ਲੀਡਰ ਨੂੰ ਸਲਾਮ ਕਰਦਾ ਹੈ। ਮਾਰਕਸ-ਲੈਨਿਨ ਦੇ ਫਲਸਫੇ ਨੂੰ ਯਾਦ ਰੱਖਦਾ ਹੈ। ਸੰਸਾਰ ਵਿਚ ਕਿਸੇ ਦੇ ਉਪਰ ਵੀ ਜ਼ੁਲਮ ਦੀ ਨਿਖੇਦੀ ਕਰਦਾ ਹੈ। ਇੰਗਲੈਂਡ ਆਪਣੇ ਮਿੱਤਰ ਅਤੇ ਭੈਣ ਪਰਮ ਸੰਧਾਵਾਲੀਆ ਕਰਕੇ ਜਾਂਦਾ ਹਾਂ—ਯੂਰਪ ਤਾਂ ਮੈਂ ਵੀ ਵੇਖਿਆ ਹੀ ਹੈ ਤੇ ਇੰਗਲੈਂਡ ਵੀ ਮੈਂ ਔਂਦਾ ਜਾਂਦਾ—ਉਥੇ ਮੇਰਾ ਵੀਰ ਵੀ ਰਹਿੰਦਾ ਹੈ ਪਰ ਮੈਂ ਕੇ.ਸੀ. ਮੋਹਨ ਦੇ ਘਰ ਹੀ ਜ਼ਿਆਦਰਤਰ ਰਹਿੰਦਾ ਹਾਂ—ਮੈਂ ਫਜ਼ੂਲ ਪੈਸੇ ਬਿਲਕੁਲ ਨਹੀਂ ਖਰਚਦਾ—ਸੱਚ ਤੇ ਹੱਕ ਦੀ ਕਮਾਈ ਕਰਦਾਂ ਤੇ ਖਰਚਦਾਂ।

ਕੇਹਰ ਕਾਫ਼ਕਾ ਦੇ ਸ਼ਹਿਰ ਪਰਾਕ—ਚੈਕੋਸਲੋਵਾਕੀਆ ਨੂੰ ਜ਼ਰੂਰ ਵੇਖਣਾ ਚਾਹੁੰਦਾ ਹੈ। ਯਹੂਦੀਆਂ ਦੀਆਂ ਗੱਲਾਂ ਕਰਨ ਤੇ ਉਹ ਕੁਝ ਮਾਯੂਸ ਵੀ ਨਜ਼ਰ ਆਉਂਦਾ ਹੈ ਇਸ ਕੌਮ ਨਾਲ ਬੜਾ ਧੱਕਾ ਕੀਤਾ ਗਿਆ ਹੈ—ਪਰ ਫਲੀਸਤੀਨੀਆਂ ਨਾਲ ਇਨ੍ਹਾਂ ਵੀ ਬੜਾ ਧੱਕਾ ਕੀਤਾ—ਉਹ ਇਕਦਮ ਰੀਐਕਟ ਕਰਦਾ ਹੈ—ਜ਼ੁਲਮ ਸਹਿੰਦੇ ਸਹਿੰਦੇ ਜੋ ਲੋਕ ਪੱਕ ਜਾਂਦੇ ਨੇ ਉਨ੍ਹਾਂ ਵਿਚ ਵੀ ਜ਼ੁਲਮ ਕਰਨ ਦੀ ਤਾਕਤ ਆ ਜਾਂਦੀ ਹੈ—' ਇਹ ਤਾਂ ਹੈ ਹੀ। ਲਾਵਾ ਕਦੋਂ ਤਕ ਦਬਾ ਕੇ ਰਖਿਆ ਜਾ ਸਕਦਾ ਹੈ' ਮੈਂ ਕਹਿੰਦੀ ਹਾਂ।

ਹੁਣ ਦਸੋ—ਹਾਲੈਂਡ, ਨਾਰਵੇ ਆਦਿ ਮੁਲਕਾਂ ਦੀ ਵਾਗਡੋਰ ਇਕ ਕਿੰਗ ਦੇ ਹੱਥ ਹੈ, ਪਰੰਤੂ ਆਸਟਰੇਲੀਆ ਅਤੇ ਕਨਾਡਾ ਦੀ ਵਾਗਡੋਰ ਹੁਣ ਤਕ ਇੰਗਲੈਂਡ 'ਕੁਈਨ' ਸੰਭਾਲੀ ਬੈਠੀ ਹੈ—ਆਜ਼ਾਦੀ ਜਾਂ ਲੋਕਤੰਤਰ ਦੀ ਕਿੱਥੇ ਗੱਲ ਕਰੀਏ—' ਕੇਹਰ ਇਕੋ ਸਾਹ ਗੱਲਾਂ ਕਰੀ ਜਾਂਦਾ ਹੈ ਤੇ ਨਾਲ ਹੀ ਖਾਣਾ ਖਾ ਰਿਹਾ ਹੈ। ਰਾਜਨੀਤੀ ਦੀ ਜਾਣਕਾਰੀ ਦੀ ਮੇਰੇ ਕੋਲ ਘਾਟ ਸੀ—ਲੋਕੀਂ ਆਸਟਰੇਲੀਆ ਜਾਂ ਕਨਾਡਾ ਨੱਠੀ ਜਾ ਰਹੇ ਹਨ ਉਥੇ ਲੋਕਾਂ ਦੀਆਂ ਬਸਤੀਆਂ ਸਥਾਪਿਤ ਹੋ ਰਹੀਆਂ ਹਨ —ਐਜੂਕੇਸ਼ਨ ਤੇ ਨੌਕਰੀ ਸਦਕਾ ਲੋਕ ਉਥੇ ਕਲੋਨੀਆਂ ਬਣਾ ਰਹੇ ਹਨ। ਹਾਂਗਕਾਂਗ ਵੀ ਬ੍ਰਿਟਿਸ਼ ਕਲੋਨੀ ਸੀ—ਪਰ ਹੁਣ ਫੇਰ ਚੀਨੀਆਂ ਦੇ ਲੋਕਾਂ ਦੀ ਕਲੋਨੀ ਹੈ—ਵੇਖੋ ਸ਼ਾਇਦ ਇਹ ਬਸਤੀਆਂ ਵੀ 'ਰਾਜਾ' ਜਾਂ 'ਰਾਣੀ' ਦੇ ਹੱਥੋਂ ਨਿਕਲ ਕੇ ਲੋਕਤੰਤਰ ਬਸਤੀ ਹੋ ਜਾਣ। ਵੈਸੇ ਉਨ੍ਹਾਂ ਨੂੰ ਕਿਸੇ ਰਾਣੀ ਨਾਲ ਜਾਂ ਕਿਸੇ ਰਾਜੇ ਨਾਲ ਕੋਈ ਮਤਲਬ ਨਹੀਂ—ਉਹ ਤਾਂ ਖੁਸ਼ਹਾਲ ਤੇ ਚੰਗੀ ਜ਼ਿੰਦਗੀ ਲਈ ਦੌੜ ਰਹੇ ਹਨ—।

'ਗਲੋਬਲਾਈਜ਼ੇਸ਼ਨ ਜੁ ਹੋ ਗਿਆ—ਧਰਤੀ ਗੋਲ ਜੁ ਹੈ' ਕੇਹਰ ਹੱਸਦਾ ਕਹਿੰਦਾ ਹੈ।

'ਤਾਹੀਓਂ ਮੁੜ ਘਿੜ ਕੇ ਪੰਜਾਬ ਆ ਜਾਂਦੇ ਹੋ—ਧਰਤੀ ਗੋਲ ਜੁ ਹੈ—' ਮੈਂ ਉਸਨੂੰ ਮਜ਼ਾਕ ਕਰਦੀ ਹਾਂ। ਉਸ ਤੋਂ ਬਾਅਦ ਬਹੁਤੀਆਂ ਗੱਲਾਂ ਨਹੀਂ ਹੋਈਆਂ। ਕੇਹਰ ਦਾ ਦਿਮਾਗ ਇਕ ਕੰਪਊਟਰ ਹੈ। ਕੁਝ ਵੀ ਗੱਲਾਂ ਕਰੋ ਪਰ ਆਮ ਆਦਮੀ ਨੂੰ, ਉਸਦੇ ਹੱਕਾਂ ਨੂੰ, ਉਸਦੀ ਸਹੂਲੀਅਤ ਅਤੇ ਮਜਦੂਰ ਵਰਗ ਦੇ ਜਿਉਂਦੇ ਜਾਗਦੇ ਸੁਫਨੇ ਲਈ ਕੇਹਰ ਸਭ ਤੋਂ ਵੱਧ ਗਦਰੀ ਬਾਬਿਆਂ ਦਿਆਂ ਕੁਰਬਾਨੀਆਂ ਨੂੰ ਯਾਦ ਕਰਦਾ ਲਾਲ ਸਲਾਮ ਦੀ ਰਿਵਾਇਤੀ ਲੀਕ ਤੋਂ ਹੱਟ ਕੇ ਨਮਨ ਕਰਦਾ ਹੈ—ਆਮੀਨ।

✪

# ਸੱਤ ਕਵੰਜਾ

ਕਿਸੇ ਕਹਾਣੀ ਗੋਸ਼ਟੀ ਤੋਂ ਬਾਅਦ ਹੁਸ਼ਿਆਰਪੁਰ ਵਾਲੀ ਸੜਕ ਚੋਂ ਵਾਪਸੀ ’ਚ ਲੰਘਦੇ ਹੋਏ ਮੇਰੇ ਮੁਹਰੇ ਸੜਕ ’ਤੇ ਕਈ ਤੋਤੇ ਮੌਜ ਮਸਤੀ ਕਰਦੇ ਉੱਡਦੇ ਤੇ ਤੁਰਦੇ ਨਜ਼ਰੀ ਪਏ। ਮੈਂ ਕਾਰ ਚਲਾ ਰਹੀ ਸਾਂ-ਸੋਚਿਆ ਕਾਰ ਦੀ ਵਾਜ਼ ਸੁਣ ਕੇ ਉਹ ਉੱਡ ਜਾਣਗੇ, ਪਰ ਉਨ੍ਹਾਂ ਵਿੱਚੋਂ ਇਕ ਤੋਤਾਂ ਉਸੇ ਤਰ੍ਹਾਂ ਐਣ ਸੜਕ ਵਿਚਕਾਰ ਅਰਜਨ ਲਈ ਮੱਛੀ ਦੇ ਮਣਕੇ ਵਾਲੀ ਅੱਖ ਦੀ ਤਕਣੀ ਵਾਂਗ ਨਿਸ਼ਾਨੇ ਲਾਈ ਮੇਰੇ ਵੱਲ ਤਕਦਾ ਖੜਾ ਰਿਹਾ। ਉਹ ਉੱਡਿਆ ਹੀ ਨਹੀਂ-ਮੇਰੀ ਕਾਰ ਉਸਨੂੰ ਦੋ ਟਾਇਰਾਂ ਦੇ ਵਿਚਕਾਰ ਲੈਂਦੇ ਹੋਏ ਲੰਘਗੀ-ਮੈਂ ਕੰਬੀ ਜੇ ਉਹ ਮੇਰੀ ਕਾਰ ਥੱਲੇ ਆ ਕੁਚਲਿਆ ਗਿਆ ਤਾਂ ਬੇਚਾਰਾ। ਹਿੰਮਤ ਨਹੀਂ ਹੋਈ ਉਸਨੂੰ ਮੁੜ ਕੇ ਤੱਕਾਂ ਤੇ ਰਿਲੈਕਸ ਹੋਵਾਂ ਪਰ ਅੱਖਾਂ ਕਾਰ ਦੇ ਰਿਅਰ ਵਿਯੂ ਵਿਚੋਂ ਉਸਨੂੰ ਭਾਲ ਰਹੀਆਂ ਸਨ। ਸੜਕ ਤੇ ਕੁਝ ਨਹੀਂ ਸੀ।

ਕਾਰ ’ਚ ਬੈਠੇ ਹੋਏ ਉਰਦੂ ਦੇ ਇਕ ਵੱਡੇ ਲੇਖਕ ਨੇ ਹੱਸਦੇ ਹੋਏ ਕਹਾਣੀ ਸੁਣਾਈ-ਇਕ ਮੋਟੀ ਔਰਤ ਨੂੰ ਉਸਦਾ ਇਕ ਪਾਲਤੂ ਤੋਤਾ ਬਹੁਤ ਤੰਗ ਕਰਦਾ ਸੀ-ਇਕ ਦਿਨ ਗੁੱਸੇ ’ਚ ਉਹ ਮੋਟੀ ਔਰਤ ਉਸਦੇ ਉੱਪਰ ਬੈਠ ਗਈ ਤੇ ਕਚੀਚੀ ਵੱਟਦੇ ਤੋਤੇ ਨੂੰ ਕਹੀ ਵੀ ਗਈ-ਹੁਣ ਤੂੰ ਮਰੇਂਗਾ ਤੇ ਮੈਨੂੰ ਯਾਦ ਕਰੇਂਗਾ। ਮੈਨੂੰ ਚਿੜ ਜੀ ਆ ਗੀ-ਮੈਂ ਕਿਹੜਾ ਜਾਣ ਬੁਝ ਕੇ ਤੋਤੇ ਨੂੰ ਕਾਰ ਥੱਲੇ ਦੱਬਿਆ-ਸ਼ੀਸੇ ਚੋਂ ਵੇਖਿਆ ਸੀ ਸੜਕ ਤੇ ਕੁਝ ਨਹੀਂ ਸੀ-ਉਹ ਉੱਡ ਗਿਆ ਹੋਣਾ।ਫੇਰ ਚਿੜ ਨੂੰ ਖਤਮ ਕਰਕੇ ਪੁੱਛਿਆ? ਇਸ ਹੱਤਿਆ ’ਚ ਕਿਹੜੀ ਧਾਰਾ ਲੱਗੂ?

ਪਤਾ ਨਹੀਂ, ਪਰ ਲੜਾਈ ਝਗੜੇ ’ਚ ਦੋਹਾਂ ਧਿਰਾਂ ਉਪਰ ਸੱਤ ਕਵੰਜਾ ਜ਼ਰੂਰ ਲਗਦੀ ਹੈ-ਅਤੇ ਨਸੀਹਤਾਂ ਦਿੰਦੇ ਕਿਹਾ-

‘ਬੀਬੀ ਤੂੰ ਨਾ ਲੜੀਂ, ਐਵੇ ਤੋਤੇ ਵਾਂਗ ਪਿਸਜੇਂਗੀ’-ਲੇਖਕ ਵਿਅੰਗ ਕਰ ਫੇਰ ਹੱਸਿਆ। ਮੈਂ ਉਸਦੇ ਹਾਸੇ ਤੋਂ ਹੋਰ ਚਿੜਗੀ-

‘ਪਰ ਮੈਂ ਤੋਤਾ ਨ੍ਹੀਂ-’ ਮੇਰੇ ਮੂੰਹੋਂ ਹੌਲੀ ਜਿਹੇ ਵਾਕ ਨਿਕਲੇ ਸਾਰੀ ਰਾਹ ਇਹੋ ਉਚਰਦੀ ਰਹੀ-‘ਮੈਂ ਤੋਤਾ ਨਹੀਂ।’

***

ਤੋਤਾ ਹੋਣਾ ਕੋਈ ਗੁਨਾਹ ਨਹੀਂ ਪਰ ਤੋਤੇ ਵਾਂਗ ਨਿਸ਼ਕ੍ਰਿਅ ਹੋਣਾ ਗੁਨਾਹ ਹੈ? ਉਸੇ ਤਰ੍ਹਾਂ ਜ਼ਰੂਰੀ ਨਹੀਂ-ਗੁਨਾਹਗਾਰਾਂ ’ਤੇ ਹੀ ਸੱਤ-ਕਵੰਜਾ ਲੱਗੇ ਇਹ ਤਾਂ ਜ਼ਰੂਰੀ ਹਾਦਸਾ ਹੈ।

ਪਿੱਛੇ ਜਿਹੇ ਮੇਰਾ ਇਕ ਦੋ ਹਾਦਸਿਆਂ ਨਾਲ ਵਾਸਤਾ ਪਿਆ। ਇਹ ਹਾਦਸੇ ਜੀਵਨ ਅੰਗ ਹੀ ਹਨ, ਪਰ ਇਹੋ ਅੰਗ ਕਦੇ ਤਰੰਗ ਤੇ ਕਦੇ ਵਿਅੰਗ ਬਣ ਜਾਂਦੇ ਨੇ।

ਜੇਕਰ ਇਹੋ ਤਰੰਗਾਂ ਤੇ ਵਿਅੰਗਾਂ ਦਾ ਵਾਸਤਾ ਪੁਲਿਸੀਆਂ ਨਾਲ ਪੈ ਜਾਵੇ ਤਾਂ ਇਹੋ ਜਿਹੇ ਕਿੱਸੇ ਵਾਪਰਦੇ ਨੇ ਕਿ ਹੈਰਾਨੀ ਤਾਂ ਹੁੰਦੀ ਹੀ ਹੈ, ਇਕ ਸੋਚ ਵੀ ਉਭਰਦੀ ਹੈ ਕਿ ਇਨਸਾਨਾਂ ਦੀ ਬਣਤਰ ਇਹੋ ਜਿਹੀ ਹੋ ਕਿਉਂ ਜਾਂਦੀ ਹੈ? ਕਿਹੜਾ ਜ਼ਹਿਰ ਪੀ ਲੈਂਦੇ ਨੇ ਇਹ ਲੋਕ?

ਪਤਾ ਨ੍ਹੀ ਕਿਹੜੇ ਜ਼ਹਿਰ ਨੂੰ ਪੀ ਕੇ ਹਾਦਸਿਆਂ ਤੋਂ ਲੰਘੀ ਇਕ ਔਰਤ-ਮਿੱਤਰ ਦੀ ਯਾਦ ਤਾਜ਼ਾ ਹੋ ਗਈ, ਜੋ ਅਜਕਲ ਲੋਕਾਂ ਨੂੰ ਜ਼ਹਿਰ ਦੇ ਰਹੀ ਹੈ ਤੇ ਉਨ੍ਹਾਂ ਨੂੰ ਅਣਪਛਾਤੇ ਹਾਦਸਿਆਂ ਤੋਂ ਲੰਘਾ ਕੇ ਆਪ ਮਸਤ ਕਿਤੇ ਲੁਕੀ ਬੈਠੀ ਹੈ।

ਚੰਗੀ ਭਲੀ ਸੀ ਉਹ ਔਰਤ ਇਕ ਕਵਿੱਤਰੀ ਤੇ ਇਕ ਠੱਗ-ਗੱਲ ਉਦਾਸ ਰੌਸ਼ਨੀ ਦੀ ਨਾਇਕਾ ਦੀ ਹੈ-ਚਿੱਕੜ ’ਚ ਖਿੜਦੇ ਫੁੱਲ ਦੀ ਖ਼ੁਸ਼ਬੂ, ਅਦਾਵਾਂ ’ਚ ਮਾਰ ਦੇਣ ਦੀ ਕਸ਼ਿਸ਼, ਬੋਲਾਂ ’ਚ ਮਿਸਰੀ, ਠੱਗੀ ’ਚ ਐਸ਼-ਪਰਸਤੀ ਦੀ ਖੁਮਾਰੀ, ਛਿਣ ’ਚ ਹੀ ਭੁੱਬਾ ਮਾਰ ਰੋਣ ਵਾਲੀ ਤੇ ਗਹਿਣਿਆ-ਕੱਪੜਿਆਂ ਨਾਲ ਲੱਦੀ-ਠੱਗੀ ਦੀਆਂ ਕਾਰਾਂ ’ਚ ਘੁੰਮਦੀ ਲੋਕਾਂ ਨੂੰ ਆਪਣੇ ਵੱਲ ਖਿੱਚਣ ਵਾਲੀ ਬਨ੍ਹੇਰੇ ਬੈਠੀ ਧੁੱਪ ਦੀ ਨਾਇਕਾ ਦੀ ਗੱਲ-

‘ਲੋਕੀ ਵਿਧਵਾ ਨੂੰ ਹੀ ਕਿਉਂ ਠੀਕ ਸਮਝਦੇ ਨੇ? ਕੀ ਤਲਾਕਸ਼ੁਤਾ ਔਰਤ ਚੰਗੀ ਨ੍ਹੀ ਹੁੰਦੀ?’ ਉਸਦੇ ਹੰਝੂ, ਉਸਦੀ ਮਾਸੂਮੀਅਤ ਨੇ ਕਈਆਂ ਨੂੰ ਡੰਗਿਆ। ਮੈਥੋਂ ਦੋ ਕੁ ਦਿਨ ਲਈ ਰੁਪਏ ਲਏ ਤੇ ਸਿਕਿਉਰਿਟੀ ਵਜੋਂ ਚੈੱਕ ਵੀ ਦਿੱਤੇ-ਫੇਰ ਦੋ ਦਿਨ ਦੇ ਦੋ ਮਹੀਨੇ ਫੇਰ ਕਈ ਮਹੀਨੇ-ਫੇਰ ਗਾਇਬ ਹੀ ਹੋ ਗਈ। ਲੋਕਾਂ ਤੋਂ ਅਤਾ-ਪਤਾ ਪੁੱਛਣ ’ਤੇ ‘ਸਨਸਨੀ’ ਵਰਗੇ ਸੀਰੀਅਲ ਦੀ ਕਹਾਣੀ ਸਾਹਮਣੇ ਆਈ ਉਸਦੀ ਮਾਰ ਹੇਠ ਕਈ ਆਲੋਚਕ ਕਈ ਕਵੀ ਤੇ ਛੋਟੇ ਮੋਟੇ ਨਾਟਕ ਕਲਾਕਾਰ, ਕਹਾਣੀਕਾਰ ਦੱਬੇ ਪਏ ਸਨ। ਸਾਰਿਆਂ ਤੋਂ ਕਈ ਲੱਖਾਂ ਦੀ ਠੱਗੀ

ਕਰਕੇ ਉਹ ਗਈ-ਇਹ ਗਈ। ਔਰਤ ਦੀ ਕੀ ਮਜ਼ਬੂਰੀ ਹੈ? ਬੇਵਕੂਫ ਬਣਾਉਣ ਦੀ ਜਾਂ ਚਾਦਰ ਤੋਂ ਹੇਠਾਂ ਪੈਰ ਲਮਕਾਣ ਦੀ ਆਦਤ-ਉਦਾਸ ਰੌਸ਼ਨੀ ਨੂੰ ਬਨ੍ਹੇਰੇ ਤੇ ਬੈਠਾ ਕੇ ਠੱਗੀ ਵਾਲੀ ਧੁਪ ਨੂੰ ਖੁਦਕੁਸ਼ੀ ਜਾਂ ਮੌਤ ਵੱਲ ਧੱਕਣ ਵਾਲੀ ਆਦਤ।

ਮੈਂ ਕਿਸੇ ਨੂੰ ਕਿਹਾ, 'ਉਹ ਮੇਰੇ ਪੈਸੇ ਮਾਰ ਲੈ ਗਈ-ਮੈਂ ਕਾਰ ਖਰੀਦਣ ਲਈ ਪੈਸੇ ਰੱਖੇ ਸਨ-ਹੁਣ ਪੈਦਲ ਘੁੰਮਦੀ ਹਾਂ।'

ਉਸਨੇ ਜਵਾਬ ਦਿੱਤਾ-'ਲੈਅ-ਇੰਨੀ ਸੁਹਣੀ ਔਰਤ-ਕੋਈ ਵੀ ਪੈਸੇ ਲੁਟਾ ਦਵੇ-' ਉਸ ਇਕ ਹੌਕਾ ਲੈਂਦੇ ਆਖਿਆ। ਜੇ ਮੈਨੂੰ ਮਰਦਾਂ ਦੀ ਇਹੋ ਜਿਹੀ ਫਿਤਰਤ ਦਾ ਪਤਾ ਹੁੰਦਾ ਤਾਂ ਮੈਂ ਇਸ ਬੰਦੇ ਨਾਲ ਜ਼ਰੂਰ ਮਿਲਾ ਦਿੰਦੀ-ਇਹ ਵੀ ਖੁਸ਼ ਰਹਿੰਦਾ ਤੇ ਉਸਦੀ ਠੱਗੀ ਤੋਂ ਹੋਰ ਤਾਂ ਬਚ ਰਹਿੰਦੇ।

ਹੁਣ ਤੱਕ ਵੀ ਉਸ ਉੱਪਰ ਨਾ ਸੱਤ-ਕਵੰਜਾ ਤੇ ਨਾ ਹੀ ਕੋਈ ਪੰਜਾਹ ਲਗੀ। ਕਈਆਂ ਨੇ ਕੋਰਟਾਂ 'ਚ ਕੇਸ ਪਾਏ ਹੋਏ ਨੇ ਤੇ ਬੇਗੁਨਾਹੀ ਦੇ ਜ਼ੁਰਮ ਵਿਚ ਕਾਤਿਲਾਂ ਵਾਂਗ ਕੋਰਟ ਦੀਆਂ ਬੇਬੁਨਿਯਾਦ ਤਰੀਖਾਂ ਭੁਗਤ ਰਹੇ ਹਨ-ਤੇ ਉਹ ਕੀ ਕਰ ਸਕਦੀ ਹੈ-ਫਰਾਰ ਜਾਂ ਫ਼ੁਰਅ।

ਕਹਿੰਦੇ ਨੇ 'ਕੱਲੀ ਕਾਰੀ ਔਰਤ ਦਾ ਵਾਸਤਾ ਪੁਲਿਸੀਆਂ, ਡਾਕਟਰਾਂ, ਵਕੀਲਾਂ ਅਤੇ ਵਿਆਹੇ ਮਰਦਾਂ ਨਾਲ ਨਾ ਹੀ ਪਵੇ। ਪਰ ਮੇਰੇ ਨਾਲ ਇਸ ਤਰ੍ਹਾਂ ਦੇ ਸਮਾਜਿਕ ਜੀਵਾਂ ਦਾ ਆਮ ਤੌਰ ਤੇ ਕਦੇ ਕਦਾਈਂ ਹੀ ਨਹੀਂ, ਸਗੋਂ ਪੱਕਾ ਵਾਸਤਾ ਪੈ ਜਾਂਦਾ ਹੈ-ਮਤਲਬ ਸੱਤ ਕਵੰਜਾ ਦੀ ਗੰਢ ਪੈ ਹੀ ਜਾਂਦੀ ਹੈ।

ਡਾਕਟਰਾਂ ਨਾਲ ਮੇਰਾ ਵਾਸਤਾ ਉਦੋਂ ਹੀ ਪੈ ਗਿਆ ਜਦੋਂ ਮੈਂ ਇਹ ਘਰ ਕਿਰਾਏ ਤੇ ਲਿਆ। ਦੋ ਭਰਾਵਾਂ 'ਚ ਵੰਡੀ ਹੋਈ ਕੋਠੀ-ਬਾਪ ਕੌਰਵ-ਪਾਂਡਵ ਹੋਣ ਦਾ ਜੁਗਾੜ ਪਹਿਲਾਂ ਹੀ ਕਰ ਗਿਆ- ਦੋਹੇਂ ਅੱਖਾਂ ਦੇ ਡਾਕਟਰ-ਬਸ ਇਹੋ ਮੁਸੀਬਤ ਦੀ ਜੜ ਹੈ। ਮੇਰੀਆਂ ਅੱਖਾਂ ਭਾਵੇਂ ਠੀਕ ਨੇ ਪਰ ਮੈਂ ਉਨ੍ਹਾਂ ਦੋਹਾਂ ਦੇ ਚਸ਼ਮਿਆਂ ਦੇ ਨੰਬਰ ਨਹੀਂ ਸੀ ਪੜ੍ਹ ਸਕੀ-ਵੱਡੇ ਡਾਕਟਰ ਦੀ ਅੱਖ ਅਧਿਆਤਮਵਾਦ ਤੇ ਰੱਬ ਵੱਲ ਜਿਆਦਾ ਹੋਣ ਕਾਰਨ ਸਾਰਿਆ ਤੋਂ ਡਰੂ-ਡਰੂ ਤੇ ਜ਼ਿੰਦਗੀ ਦੇ ਜਜ਼ਬਿਆਂ ਨੂੰ ਨਾਵਲ 'ਚ ਸਮੇਟਣ ਵਾਲਾ ਇਕ ਸਾਹਿਤਕਾਰ। ਛੋਟੇ ਡਾਕਟਰ ਦੀ ਅੱਖ 'ਕੌਰਵ' ਬਿਰਤੀ ਦੀ ਹੋਣ ਕਾਰਨ ਉਸ ਸਾਰੀ ਜਾਇਦਾਦ ਨੂੰ ਖੋਹਣ ਦੇ ਚੱਕਰ 'ਚ-ਤੇ ਲੋਕਾਂ ਦੀਆਂ ਅੱਖਾਂ ਲੈਸਰ ਰਾਹੀਂ ਠੀਕ ਕਰਨ ਦੇ ਤਰੀਕੇ ਵਰਤਦੇ ਉਸਦੀ ਅੱਖ ਚੰਡੀਗੜ੍ਹ ਦੀਆਂ ਸਾਰੀਆਂ ਵੱਡੀਆਂ ਇਮਾਰਤਾਂ ਖਰੀਦਣ ਤੇ। ਦੋ ਨੰਬਰ ਦੇ ਪੈਸੇ ਦੇ ਜੁਗਤ 'ਚ ਨਾ ਸੱਤ-ਨਾ ਪੰਜਾਹ ਤੇ ਨਾ ਕਵੰਜਾ।

ਪੈਸੇ 'ਚ ਬੜੀ ਤਾਕਤ ਹੈ। ਸਾਮ ਦਾਮ ਭੇਦ ਦੰਡ ਸਭ ਕਾਸੇ ਦਾ ਜੁਗਾੜ-ਅਸਟੇਟ ਅਫਸਰਾਂ ਤੋਂ ਲੈ ਸਾਰੇ ਵਸ 'ਚ। ਚੰਡੀਗੜ੍ਹ ਤਾਂ ਹੁਣ ਸਰਮਾਏਦਾਰਾਂ ਦਾ-ਸਰਵਿਸ ਕਲਾਸ ਨੂੰ ਤਾਂ ਭਾਜੜ ਪਈ ਹੋਈ ਆ-ਉਹ ਜਾਣ ਜ਼ੀਰਕਪੁਰ ਜਾਂ ਚੰਡੀਗੜ੍ਹ ਦੇ ਆਲੇ-ਦੁਆਲੇ ਬਸ ਲਾਲ ਡੋਰੇ ਅੰਦਰ ਰਹਿਣ-ਬਿਜ਼ਨਸ ਤਬਕਾ ਮਸ਼ਰੂਮ ਵਾਂਗ ਫੈਲ ਗਿਆ। ਚੋਰ-ਬਜ਼ਾਰੀ ਕਰਨ ਵਾਲਾ ਕਰੋੜਪਤੀ ਤੇ ਨੌਕਰੀ ਵਾਲਾ ਸਿਰਫ ਇਕ ਪਤੀ।

ਹੁਣ ਜੇ ਕੌਰਵ-ਪਾਂਡਵ ਹੈ ਹੀ ਤਾਂ ਝਗੜਾ ਤਾਂ ਹੋਣਾ ਹੀ ਹੈ ਨਾ। ਝਗੜਾ ਕਰਵਾਉਣ 'ਚ ਤਾਂ ਰੱਬ (ਕ੍ਰਿਸ਼ਣ) ਨੂੰ ਵੀ ਮਜ਼ਾ ਆਉਂਦਾ ਹੈ। ਸਾਡੇ ਵਾਲੇ ਹਨ ਵੀ ਦੋਹੇ ਡਾਕਟਰ ਤੇ ਆਪਸੀ ਤੂੰ ਤੂੰ ਮੈਂ ਮੈਂ।

ਕਹਾਵਤ ਹੈ-'ਦੋ ਬਿੱਲੀਆਂ 'ਚ ਹਮੇਸ਼ਾ ਬਾਂਦਰ ਜਿੱਤਦਾ ਰਿਹਾ ਹੈ।' ਪਰ ਇਥੇ ਦੋ ਬਾਂਦਰਾਂ 'ਚ ਇਕ ਬਿੱਲੀ ਦੀ ਜਿੱਤ ਹਾਸਿਲ ਹੁੰਦੀ ਨਜ਼ਰ ਆਈ। ਛੋਟੇ ਡਾਕਟਰ ਦੀ ਆਪਣੀ ਬਿੱਲੀ ਪੰਜੇ ਮਾਰਦੀ ਰਹਿ ਗਈ ਪਰੰਤੂ ਵੱਡੇ ਡਾਕਟਰ ਨੇ ਆਪਣੇ ਹਿੱਸੇ ਦੇ ਫਲੈਟ ਦਾ ਸੌਦਾ ਲੇਖਕਾਂ ਦੀ ਮਾਨਸਿਕ ਸਾਂਝ ਨੂੰ ਵੇਖਦੇ ਹੋਏ ਮੇਰੇ ਨਾਲ ਕਰ ਲਿਆ-ਮਿੱਥੇ ਸਮੇਂ ਤੱਕ ਐਨ.ਓ.ਸੀ. ਦਾ ਇੰਤਜ਼ਾਰ-

ਇੰਤਜ਼ਾਰ ਦੀ ਘੜੀ ਤਾਂ ਵੈਸੇ ਹੀ ਲੰਮੀ ਹੁੰਦੀ ਆ ਤੇ ਇਸ ਘੜੀ ਦੇ ਆਉਂਦੇ ਤਕ ਮਕਾਨਾਂ ਦੇ ਰੇਟ ਸਰਮਾਏਦਾਰਾਂ ਦੀ ਚੋਰ-ਬਜ਼ਾਰੀ ਅਤੇ ਹਨੂਮਾਨ ਦੀ ਪੂਛ ਵਾਂਗ ਅਸਮਾਨਾਂ ਨੂੰ ਛੂਹਣ ਲਗ ਪਏ ਨੀਅਤਾਂ ਖਰਾਬ ਨ੍ਹੀ ਹੋਣਗੀਆਂ?-ਜ਼ਰੂਰ ਹੋਣਗੀਆਂ।

ਛੋਟੇ ਡਾਕਟਰ ਦੀ ਭੂਰੀ ਅੱਖ ਵਾਲੀ ਬਿੱਲੀ-ਦਿੱਲੀ ਦੀ ਹੈ। ਦਿੱਲੀ ਤਾਂ ਵੈਸੇ ਵੀ ਹਿੰਦੋਸਤਾਨ ਦਾ ਦਿਲ ਹੈ-ਫੇਰ ਚੰਡੀਗੜ੍ਹ ਕਿਹੜੀ ਸ਼ੈ ਹੈ? ਕਾਲਜ ਸਮੇਂ ਦੀ ਮੇਰੀ ਇਕ ਜਮਾਤਨ ਹਮੇਸ਼ਾ ਕਹਿੰਦੀ ਹੁੰਦੀ ਸੀ-'ਦਿੱਲੀ ਦਿਲਵਾਲੋਂ ਕੀ-ਚੰਡੀਗੜ੍ਹ ਚੰਡਾਲੋਂ ਕੀ?' ਹੁਣ ਜੇਕਰ ਦਿੱਲ ਵਾਲੇ ਚੰਡਾਲਗੜ੍ਹ ਆ ਗਏ ਤਾਂ ਦਿੱਲ ਕਿੱਥੇ ਰਿਹਾ? ਚੰਡੀ ਦਾ ਰੂਪ ਧਾਰਨ ਕਰ ਲਿਆ ਭੂਰੀ ਬਿੱਲੀ ਨੇ-

'ਘਰ ਖਾਲੀ ਕਰੋ-ਕਿਉਂ ਖਾਲੀ ਕਰਾਂ-ਸੌਦਾ ਕੀਤਾ ਏ ਬਈ-ਕੋਰਟ ਜਾਵਾਂਗੀ-ਓਹੀਓ ਗੱਲ ਨਾ ਚਾਹੁੰਦੇ ਹੋਏ ਵੀ ਵਕੀਲਾਂ ਨਾਲ ਵਾਸਤਾ ਪੈਣ ਦੀ ਘੜੀ ਕੋਲ ਆਉਂਦੀ ਦਿਸੀ।

ਬਚਾਰਾ ਵੱਡਾ ਡਾਕਟਰ– 'ਮੇਰੀ ਤੌਂਬਾ ਆਪਣੇ ਭਰਾ ਤੇ ਭਰਜਾਈ ਨਾਲ ਮੈਂ ਨ੍ਹੀ ਲੜ੍ਹ ਸਕਦਾ'— ਡਰਦਾ ਕਹਿੰਦਾ ਪਹਿਲੀ ਮੰਜਿਲ ਦਾ ਘਰ ਅਤੇ ਮੈਨੂੰ ਵਿਚਾਲੇ ਹੀ ਛੱਡ 'ਸੋਲਣ' ਸ਼ਹਿਰ ਨੱਠ ਗਿਆ। ਮੈਂ ਬੁਰੀ ਤਰ੍ਹਾਂ ਘਬਰਾ ਗਈ–ਇਹ ਮੀਆਂ ਬੀਵੀ ਤਾਂ ਚੰਡੀਗੜ੍ਹ ਦੇ ਲੋਕਾਂ ਦੀਆਂ ਅੱਖਾਂ 'ਚ ਅੱਖਾਂ ਪਾਈ ਫਿਰਦੇ ਨੇ–ਮੈਂ ਕਿਵੇਂ ਮੁਕਾਬਲਾ ਕਰੂੰ।

ਜਦੋਂ ਇਹ ਸੋਚ ਮੇਰੇ ਅੰਦਰ ਉੱਠੀ ਤਾਂ, ਮੈਂ ਉਸ ਕਹਾਣੀ ਦੀ ਕਹਾਵਤ ਨਾਲ ਸਮਝੌਤਾ ਨਹੀਂ ਕੀਤਾ–ਉਹ ਕਹਾਣੀ ਹੈ ਇਕ ਚੂਹੇ ਦੀ–ਜੋ ਇਕ ਭੀੜੀ ਗਲੀ 'ਚ ਦੋੜਦਾ ਜਾ ਰਿਹਾ ਸੀ–ਗਲੀ ਅੱਗੋਂ ਹੋਰ ਭੀੜੀ ਹੁੰਦੀ ਜਾ ਰਹੀ ਸੀ–ਜਦੋਂ ਅੱਗੋਂ ਗਲੀ ਭੀੜੀ ਹੁੰਦੇ ਹੁੰਦੇ ਇਕ ਮੋਰੀ ਜਿਹੀ ਰਹਿ ਗਈ ਤਾਂ ਨਾਕੇ ਤੇ ਬੈਠੀ ਬਿੱਲੀ ਨੇ ਚੂਹੇ ਨੂੰ ਕਿਹਾ–'ਕੀ ਇਹ ਚੰਗਾ ਨਹੀਂ ਹੁੰਦਾ–ਜੇ ਤੂੰ ਆਪਣਾ ਰਾਹ ਬਦਲ ਲੈਂਦਾ।'

ਖੈਰ ਚੂਹੇ ਦੀ ਜਾਨ ਤਾਂ ਹਮੇਸ਼ਾਂ ਜਾਂਦੀ ਹੈ। ਚੂਹੇ ਦੀ ਨਾਕਾਮੀ ਨੂੰ ਜਾਣਦੀ ਹੋਈ–ਉਸ ਬਿੱਲੀ ਦੀ ਸਲਾਹ ਨੂੰ ਲੜ ਬੰਨ–ਡਾਕਟਰ ਦੀ ਭੂਰੀ ਬਿੱਲੀ ਦੇ ਮੂਹਰੇ ਤਣ ਕੇ ਖੜੇ ਹੋਣ ਦਾ ਫੈਸਲਾ ਲੈ ਲਿਆ।

ਸਰਮਾਏਦਾਰ–ਭ੍ਰਿੰਡਾਂ ਦੇ ਛੱਤੇ ਹੀ ਹੁੰਦੇ ਨੇ–ਦੋਸਤੀ ਵੀ ਮਾੜੀ ਤੇ ਦੁਸ਼ਮਣੀ ਵੀ। ਮੈਂ ਇਸ ਭ੍ਰਿੰਡਾਂ ਦੇ ਛੱਤੇ ਵਿੱਚ ਹੱਥ ਹੀ ਨਹੀਂ ਪਾ ਬੈਠੀ ਸਾਂ, ਸਗੋਂ ਸੋਟੀ ਨਾਲ ਹਿਲਾ ਵੀ ਬੈਠੀ ਤੇ ਉਸ ਦੇ ਅੰਜਾਮ ਤੋਂ ਵਾਕਿਫ ਨਹੀਂ ਸਾਂ।

***

ਇਕ ਦਿਨ ਪਾਣੀ ਪੌੜ੍ਹੀਆਂ ਨਹੀਂ ਸੀ ਚੜ੍ਹ ਸਕਿਆ। ਡਾਕਟਰ ਤੇ ਭੂਰੀ ਬਿੱਲੀ ਨੇ ਨਦੀ ਦਾ ਰਾਹ ਬੰਦ ਕਰ ਤਾਂ– ਤੇ ਪਾਣੀ ਨੇ ਪੁਲਸੀਆਂ ਨਾਲ ਵਾਸਤਾ ਪਾਉਣਾ ਸੀ, ਉਹੀਓ ਹੋਇਆ–ਲਿਖਾ ਤੀ ਰਿਪੋਰਟ–ਪੁਲਿਸ ਆਈ ਪਾਣੀ ਦੌੜਦਾ ਪੌੜੀਆਂ ਚੜ ਇਵੇਂ ਗਲੇ ਮਿਲਿਆ ਜਿਵੇਂ ਸਦੀਆਂ ਬਾਅਦ ਪਿਆਸ ਬੁਝਾਈ ਹੋਵੇ–ਅਸੀਂ ਸਾਰੇ ਹੀ ਉਸ ਬਿਨਾਂ ਤਿਹਾਏ ਬੈਠੇ ਸਾਂ। ਛੋਟੇ ਡਾਕਟਰ ਤੇ ਉਸਦੀ ਭੂਰੀ ਬਿੱਲੀ ਨੇ ਸ਼ਾਇਦ ਪੁਲਿਸੀਆਂ ਨਾਲ ਗੰਡ–ਸੰਡ ਬੰਨ ਲੀ ਜਦੋਂ ਪੁਲਿਸ ਆਉਂਦੀ–ਪਾਣੀ ਦੇ ਬੰਨ ਖੁਲ੍ਹ ਜਾਂਦੇ। ਉਨ੍ਹਾਂ ਦੇ ਵਾਪਸ ਜਾਂਦੇ ਹੀ ਕਬੂਤਰ ਵਾਂਗ ਦੋਹੇ ਅੱਖਾਂ ਮੀਟ ਲੈਂਦੇ ਤੇ ਪਾਣੀ ਨੂੰ ਅਫਗਾਨੀ ਬੁਰਕਾ ਪਾ ਅੰਗ੍ਰੇਜ਼ੀ ਚਾਲ ਚਲਦੇ ਪਾਣੀ ਖਤਮ।

ਸਾਰੇ ਚੰਡੀਗੜ੍ਹ 'ਚ ਕਿਰਾਏਦਾਰ ਤੇ ਮਕਾਨ–ਮਾਲਿਕਾਂ ਦੇ ਝਗੜੇ ਦੀ ਜੜ–ਪਾਣੀ ਤੇ ਬਿਜਲੀ। ਬਿਜਲੀ ਕਾਹਤੋਂ ਕਹਿ ਬੈਠੀ? ਲਵੋ, ਅਗਲੇ ਦਿਨ ਹੀ ਬਿਜਲੀ ਘਰ ਆਉਣ ਦਾ ਨਾਂ ਹੀ ਨਾ ਲਵੇ। ਇਹ ਕੀ ਹੋਇਆ? ਮੇਰੀ ਬੇਟੀ, ਭਤੀਜਾ, ਹੋਰ ਤਾਂ ਹੋਰ ਮੇਰੀ ਪਾਲਤੂ ਪਾਮੇਰੀਅਨ–ਮੂਹਰੇ ਖੜ੍ਹ ਕੇ ਮੈਨੂੰ ਘੂਰਣ ਲਗੇ–'ਸਾਰਿਆਂ ਦੇ ਘਰ ਬਿਜਲੀ–ਸਾਡੇ ਘਰ ਕਿਉਂ ਨਹੀ?' ਬਿਜਲੀ ਮਹਿਕਮੇ ਨੇ ਕਿਹਾ–ਘਬਰਾਉ ਨਹੀਂ–ਜੇ ਇਨ੍ਹਾਂ ਅੰਦਰੋਂ ਤਾਰ ਕਟ ਤੀ ਤਾਂ ਤੁਸੀਂ ਬਾਹਰੋਂ ਤਾਰ ਖਿੱਚ ਬਿਜਲੀ ਠੀਕ ਕਰਵਾ ਲਵੋ। ਚਲੋ ਦੋ–ਤਿੰਨ ਘੰਟਿਆਂ 'ਚ ਮੀਟਰ ਤੋਂ ਤਾਰ ਖਿੱਚ ਬਿਜਲੀ ਦੇ ਨਾਲ ਨਾਲ ਸਾਰਿਆਂ ਦੇ ਸਾਹ ਆਇਆ ਡਾ. ਤੇ ਭੂਰੀ ਬਿੱਲੀ ਦੇ ਪੰਜੇ ਇਕ ਵਾਰ ਫਿਰ ਲਹੂਲੁਹਾਨ ਹੋ ਗਏ।

ਹੁਣ ਮੈਂ ਇਹ ਘਰ ਨਹੀਂ ਛੱਡਣਾ–ਕੋਰਟ 'ਚ ਹੀ ਫੈਸਲਾ ਹੋਊ ਮੈਂ ਕਮਰ ਕਸ ਲਈ ਤੇ ਹੌਂਸਲਾ ਬੁਲੰਦ ਸੀ–

ਇਥੇ ਸੱਤ–ਕਵੰਜਾ ਦਾ ਗਠਜੋੜ ਠੀਕ ਨਿਕਲਿਆ। ਪਾਣੀ ਦੀ 'ਗੁਹਾਰ' ਲਾਉਂਦੇ–ਲਾਉਂਦੇ ਥਾਣੇ ਦੇ ਤੌਰ–ਤਰੀਕਿਆ ਦੀ ਜਾਣਕਾਰੀ ਹੋ ਚੁੱਕੀ ਸੀ।

ਹੁਣ ਕਦੇ ਪਾਣੀ ਬੰਦ ਤੇ ਕਦੇ ਬਿਜਲੀ, ਰੋਜ਼ ਦੇ ਤਮਾਸ਼ੇ 'ਚ ਕਦੇ ਕੋਠੀ ਦੇ ਗੇਟਾਂ ਨੂੰ ਤਾਲਾ–ਕਦੇ ਕਾਰ–ਸਕੂਟਰ ਬਾਹਰ ਖੜ੍ਹੇ ਕਰੋ–ਕਿਉਂ? ਕਿਉਂ ਦਾ ਕੀ ਮਤਲਬ–'ਸਾਰਾ ਚੰਡੀਗੜ੍ਹ ਆਪਣੇ ਵੈਹੀਕਲ ਗੱਲੀਆਂ–ਸੜਕਾਂ 'ਤੇ ਖੜ੍ਹੇ ਕਰਦਾ ਹੈ।'

ਥਾਣੇ 'ਚ ਰੋਜ਼–ਰੋਜ਼ ਦਰਖਾਸਤਾਂ ਦੇ ਕੇ ਥੱਕ ਚੁੱਕੀ ਸਾਂ—ਕੱਲੀ ਸਾਂ, ਘਬਰਾਹਟ ਮੇਰਾ ਸਾਥ ਦੇਣ ਆ ਗਈ। ਵੱਡਾ ਡਾਕਟਰ ਲੇਖਕ ਸੀ। ਲੇਖਕ ਭਾਵੇਂ ਕਿੰਨਾ ਹੀ ਡੀਲ–ਡੌਲ ਵਾਲਾ ਪਹਿਲਵਾਨ ਹੋਵੇ, ਉਸਦੀ ਜਾਨ ਉਸਦੇ ਦਿਲ 'ਚ ਧੜਕਣ ਲਗ ਪੈਂਦੀ ਹੈ ਤੇ ਧੜਕਨਾਂ ਦਾ ਸਾਰਿਆਂ ਨੂੰ ਪਤਾ ਕਦੇ ਵੀ ਫੇਲ ਹੋ ਸਕਦੀਆਂ–ਇਨ੍ਹਾਂ ਧੜਕਨਾਂ ਦੇ ਫੇਲ ਹੋਣ ਤੋਂ ਡਰਦਾ ਹੋਇਆ ਵੱਡਾ ਡਾਕਟਰ ਨੱਠ ਗਿਆ। ਸੁਣਿਆ ਸੀ ਜੋ ਡਰਿਆ–ਉਹ ਮਰਿਆ–ਮੈਂ ਕਿਉਂ ਡਰਾਂ? ਤੇ ਮੈਂ ਮੁਕਾਬਲੇ ਲਈ ਮੋਰਚੇ ਡੱਟਗੀ।

ਪੁਲਿਸੀਆਂ ਨੇ ਸੁੰਘ ਲਿਆ ਸੀ ਮੈਂ 'ਕਲੀ ਹਾਂ ਫੇਰ ਵੀ ਬੇਧੜਕ ਥਾਣੇ ਵੜ ਆਉਂਦੀ ਹਾਂ–ਸ਼ਿਕਾਇਤਾਂ ਕਰਦੀ ਹਾਂ–ਹੱਕ ਲਈ ਡਰਦੀ ਨਹੀਂ ਉਹ ਡਰਦੇ ਹੋਏ ਵੀ ਮੌਕਾ ਤਾੜ ਰਹੇ ਸੀ–ਸ਼ਾਇਦ ਛੋਟੇ ਡਾਕਟਰ ਤੇ ਭੂਰੀ ਬਿੱਲੀ ਨੇ ਮਲਾਈ ਦੇ ਕਟੋਰੇ ਛੱਕਾ ਦਿੱਤੇ ਹੋਣੇ।

ਪੁਲਿਸ ਤੇ ਆਤੰਕ ਇਕ ਦੂਜੇ ਦੇ ਪਰਯਾਏਵਾਚੀ ਨੇ ਅਤੇ ਪੂਰਕ ਵੀ–ਪੁਲਿਸੀਆਂ ਲਈ ਸੱਤ ਕਵੰਜਾ ਕੋਈ ਵੱਡੀ ਗੱਲ ਨਹੀਂ–ਮੇਰੇ ਵਰਗੀ ਲਈ ਧਰਤੀ ਫਟੇ ਤੇ ਉਸ 'ਚ ਸਮੋ ਜਾਣ ਵਾਲੀ।

ਹੁਕਮ ਹੈ, ਜੇ ਦੋ ਧਿਰਾਂ ’ਚ ਝਗੜਾ ਹੋਵੇ ਤਾਂ ਦੋਹਾਂ ਤੇ ਸੱਤ ਕਵੰਜਾ ਲਗਾ ਦਵੋ-ਸੀਜ਼-ਫਾਇਰ। ਇਹ ਕਿੱਥੋਂ ਦੀ ਇਨਸਾਫੀ? ਇਕ ਹਮਲਾ ਕਰੇ-ਦੂਜਾ ਆਪਣਾ ਬਚਾਅ ਕਰੇ, ਤਾਂ ਵੀ ਭੁਗਤੇ ਮਤਲਬ ਚਿੱਤ ਵੀ ਪੁਲਿਸ ਦੀ ਤੇ ਪਟ ਵੀ ਪੁਲਿਸ ਦੀ। ਬਦਨਾਮੀ ਕਰਨ ਵਾਲਾ ਖੁਸ਼ ਬਚਾਅ ਕਰਨ ਵਾਲਾ ਸਿਰ ਪਿੱਟ ਕੇ ਰਹਿ ਜਾਂਦਾ ਹੈ ਤੇ ਆਪਣੇ ਆਪ ਨੂੰ ਕੋਸਦਾ ਹੈ-ਕਾਹਤੋਂ 100 ਨੰਬਰ ਡਾਇਲ ਕੀਤਾ?

ਇਹ ਸੱਤ-ਕਵੰਜਾ ਹੈ-ਬਚੋ।

ਇਕ ਦਿਨ ਡਾਕਟਰ ਤਿੰਨ ਨੌਕਰ ਤੇ ਆਪਣੀ ਇਕੋ ਇੱਕ ਭੂਰੀ ਬਿੱਲੀ ਨਾਲ ਵੱਡਾ ਸਾਰਾ ਬੋਰਡ ਲੈ ਮੇਰੇ ਘਰ ਦੀ ਉਪਰੀ ਮੰਜ਼ਿਲ ਦੀਆਂ ਪੌੜੀਆਂ ਚੜ੍ਹਣ ਲਈ ਅਗਾਂਹ ਵਧਿਆ। ਇਕ ਨੌਕਰ ਬੋਰਡ ਨੂੰ ਫੜੀ, ਚਾਰ ਪੌੜੀਆਂ ਉੱਪਰ ਤੇ ਦੋ ਨੌਕਰ ਥੱਲੇ-ਭੂਰੀ ਬਿੱਲੀ ਤੇ ਡਾਕਟਰ ਨੌਕਰ ਨੂੰ ਹਿਦਾਇਤ ਦੇ ਰਹੇ ਸਨ-‘ਸਿੱਧੂ ਤੁਮ ਨੀਚੇ ਸੇ ਧੱਕਾ ਲਗਾਓ-ਬਹਾਦੁਰ ਤੁਮ ਰਾਜੇਸ਼ ਕੋ ਨੀਚੇ ਨਹੀਂ ਉਤਰਨੇ ਦੇਣਾ-’

ਮੈਂ ਹੱਕੀ ਬੱਕੀ- ‘ਇਹ ਕੀ ਕਰ ਰਹੇ ਹੋ? ਕਹਿੰਦੀ ਬੋਰਡ ਨੂੰ ਥੱਲੇ ਧੱਕਣ ਅਤੇ ਨੌਕਰ ਨੂੰ ਪੌੜੀਆਂ ਉਤਾਰਣ ਲਈ ਚੀਖੀ।

ਪਰ ਉਹ ਪੰਜ ਜਣੇ ਸਨ-ਜਦੋਂ ਮੈਂ ਉਸ ਬੋਰਡ ਨੂੰ ਥੱਲੇ ਧੱਕਦੀ ਤਾਂ ਜ਼ੋਰ ਇੰਨਾ ਨਹੀਂ ਸੀ ਲਗ ਰਿਹਾ ਜਿੰਨਾ ਉਨ੍ਹਾਂ’ ਚਾਰਾਂ ਨੂੰ ਉਹ ਬੋਰਡ ’ਤਾਂਹ ਧੱਕਣ ਨੂੰ ਲਗ ਰਿਹਾ ਸੀ-ਮੈਂ ਰੋਣ ਹਾਕੀ ਹੋ ਗਈ-ਛੇਤੀ ਕਰਕੇ ਮੇਰੀ ਬੇਟੀ ਮੋਬਾਇਲ ਲੈ ਆਈ-ਮੈਂ ਉਸਨੂੰ ਨੰਬਰ ਦਸਦੀ ਜਾ ਰਹੀ ਸਾਂ।

ਉਸਨੇ ਐਸ.ਐਚ.ਓ. ਨੂੰ ਮੋਬਾਇਲ ਫੋਨ ਮਿਲਾਇਆ-ਮੈਂ ਲਗਪਗ ਚੀਖਦੇ ਕਿਹਾ-‘ਪੁਲਿਸ ਭੇਜੋ।’

ਪਿਛੇ ਜਿਹੇ ਪਾਣੀ ਦੀ ਸਪਲਾਈ ਨੂੰ ਜਦੋਂ ਡਾਕਟਰ ਹੋਰੀ ਤਾਲਾ ਲਾ ਦਿੰਦੇ ਸਨ ਤਾਂ ਮੈਂ 36 ਸੈਕਟਰ ਦੇ ਥਾਣੇ ਫੋਨ ਕਰ ਕਰ ਤੇ ਉਨ੍ਹਾਂ ਨੂੰ ਡਾਂਟਦੇ ਤੰਗ ਆ ਚੁੱਕੀ ਸੀ-‘ਭਾਈ ਪਾਣੀ ਖੁਲਵਾ ਦਿਓ-ਪਾਣੀ ਬੰਦ ਕਰਨਾ ਜ਼ੁਰਮ ਹੈ-’ ਤੰਗ ਆ ਕੇ ਐਸ.ਐਚ.ਓ. ਨੇ ਇੰਨੀ ਕੁ ਦੋਸਤੀ ਜਾਂ ਤਰਸ ਦੀ ਲਾਜ ਰੱਖਦੇ ਆਪਣਾ ਮੋਬਾਇਲ ਨੰ. ਦੇ ਦਿੱਤਾ ਸੀ, ਤਾਂ ਜੋ ਐਮਰਜੈਂਸੀ ਪੈਣ ਤੇ ਕੰਮ ਲੈ ਸਕਾਂ-ਸ਼ਾਇਦ ਉਸਨੂੰ ਪਤਾ ਹੋਵੇਗਾ ਕਿ ਭਵਿੱਖ ਵਿਚ ਐਮਰਜੈਂਸੀ ਪੈਣੀ ਹੀ ਹੈ।

ਬੋਰਡ ਅੱਧਾ ਉੱਪਰ ਚੜ੍ਹ ਚੁਕਾ ਸੀ-ਮੈਂ ਘਬਰਾਹਟ ’ਚ ਕਰਾਮਾਤੀ 100 ਨੰਬਰ ਡਾਇਲ ਕਰ ਤਾਂ ਪੁਲਿਸ ਨੇ ਸੀਨ ਨੂੰ ਜ਼ਬਰਦਸਤ ਮੋੜ ਦਿੰਦੇ ਐਂਟਰੀ ਲਈ ਤੇ ਕਿਸੇ ਫਿਲਮ ਦੀ ਸ਼ੂਟਿੰਗ ਸਮਝ ਪੁੱਛਿਆ-‘ਇਹ ਕੀ ਹੋ ਰਿਹਾ ਹੈ?’

‘ਭਾਈ ਇਹ ਲੋਕ ਜਬਰਦਸਤੀ ਮੇਰੇ ਘਰ ਵੜ ਕੇ, ਅੱਖਾਂ ਦਾ ਬੋਰਡ ਉਪਰਲੀ ਮੰਜ਼ਿਲ ਤੇ ਲਾਉਣ ਜਾ ਰਹੇ ਹਨ-ਰੋਕੋ ਇਨ੍ਹਾਂ ਨੂੰ।’

‘ਪਹਿਲੀ ਮੰਜ਼ਿਲ ਤੇ ਬੋਰਡ ਲਾਉਣਾ ਹੈ-’ ਬਿੱਲੀ ਚੀਖੀ

‘ਤਾਂ ਦੂਜੀ ਮੰਜ਼ਿਲ ਕਿਉਂ ਚੜ੍ਹ ਰਹੇ ਹੋ-’ ਮੈਂ ਹੈਰਾਨ ਹੋਈ।

‘ਹਮਾਰਾ ਘਰ ਹੈ-ਕਿਰਾਏਦਾਰ-ਕਭੀ ਵੀ ਮਕਾਨ ਮਾਲਿਕ ਨਹੀਂ ਬਣ ਸਕਦਾ-ਕਿਤਨੇ ਦਿਨ ਰਹੋਗੇ-ਦੋ ਮਹੀਨੇ-ਦੋ ਸਾਲ…’

‘ਵੀਹ ਸਾਲ-ਦੋ ਸੋ ਸਾਲ-ਦੋ ਹਜ਼ਾਰ ਸਾਲ-ਇਸ ਤੋਂ ਵੀ ਜ਼ਿਆਦਾ-’ ਸੌਦਾ ਕੀਤਾ ਹੈ ਘਰ ਦਾ ਇਹ ਸੋਚ ਮੇਰੇ ਮੂੰਹੋਂ ਆਪਣੀ ਆਉਣ ਵਾਲੀ ਪੀੜ੍ਹੀ ਦੀ ਸੁਰੱਖਿਆ ਲਈ ਸ਼ਬਦ ਨਿਕਲੇ।

ਸੌ ਨੰਬਰ ਡਾਇਲ ਕੀਤੇ ਦੇ ਕਮਾਲ ਨਾਲ-ਵੱਡਾ ਇੰਸਪੈਕਟਰ ਆ ਗਿਆ। ਦੋਹਾਂ ਧਿਰਾਂ ਤੋਂ ਅਰਜ਼ੀ ਲਿਖਵਾਈ ਤੇ ਸ਼ਾਮੀ ਸੱਤ ਕੁ ਵਜੇ ਥਾਣੇ ਪਹੁੰਚਣ ਦਾ ਕਹਿ ਚਿੱਟੇ ਕਬੂਤਰ ਉਡਾਂਦਾ-ਸ਼ਾਂਤੀ ਦਾ ਬਿਗੁਲ ਬਜਾ ਤੁਰ ਗਿਆ।

ਸੌ ਨੰਬਰ ਡਾਇਲ ਕੀਤਾ ਸੀ ਖਾਮਿਆਜ਼ਾ ਤਾਂ ਭੁਗਤਨਾ ਹੀ ਸੀ-ਮੇਰੇ ’ਤੇ ਮੇਰੇ ਪਰਿਵਾਰ ’ਤੇ ਹਮਲਾ ਹੋਇਆ ਸੀ-ਥਾਣੇ ਗੁਹਾਰ ਜਾਰੀ ਰੱਖੀ-ਹਾਂ ਜੀ ਹਾਂ ਜੀ ਨਾ ਜੀ ਨਾਂ ਜੀ-ਰਿਜਲਟ ਜ਼ੀਰੋ। ਡੀ.ਐਸ.ਪੀ., ਐਸ.ਐਸ.ਪੀ, ਮਿਉਂਸੀਪਲ ਕਮਿਸ਼ਨਰ-ਸਭ ਏ.ਸੀ. ਕਮਰਿਆਂ ’ਚ ਜਕੜੇ ਹੋਏ-ਇਹ ਕੋਈ ਨਾਕਾ ਥੋੜਾ ਸੀ ਆਂਤਕਵਾਦੀ ਥੋੜੇ ਫੜਨੇ ਸੀ, ਜੋ ਪਰੇਡ ’ਚ ਠੱਕ-ਠੱਕ ਕਰਦੇ ਬੂਟਾਂ ਦੇ ਸ਼ੋਰ ਨੂੰ ਬੁਲੰਦ ਕਰ ਇਕ ਸਮਰਾਏਦਾਰ ਨੂੰ, ਸਮਾਜ ਦੇ ਜ਼ਹੀਨ ਪੇਸ਼ੇਵਰ ਡਾਕਟਰ ਨੂੰ ਸਜ਼ਾ ਦਿੰਦੇ। ਇਕ ਪਿੱਲਰ ਤੋਂ ਦੂਜੇ ਪਿੱਲਰ ਦੀ ਦੌੜ ’ਚ ਕਦੇ ਮੈਂ ਅਗੇ ਤੇ ਕਦੇ ਮੇਰੇ ਜਜ਼ਬਾਤ।

ਡੀਲ-ਡੋਲ ਤਕੜੇ ਜਾਣ-ਪਛਾਣ ਵਾਲੇ, ਕੁਲੀਗ ਦੇ ਐਸ.ਐਸ.ਪੀ ਪਤੀ, ਪੱਤਰਕਾਰ ਮਿੱਤਰ ਸਭ ਉਬਲੇ ਪਾਣੀ ਦੇ ਬੁਲਬੁਲੇ ਵਾਂਗ ਬਹਿ ਗਏ। ਪੁਲੀਸ ਚੀਜ਼ ਹੀ ਐਸੀ ਹੈ-ਕੌਣ ਹੱਥ ਪਾਵੇ-ਆ ਬੈਲ ਸਿੰਗ ਫਸਾ-ਕਾਹਨੂੰ।

‘ਏਕ ਏਕ ਕਰ ਸਭ ਗਏ-ਹਾਥ ਮੇਰੇ ਉਠੇ ਕੇ ਉਠੇ ਰਹੇ’-ਮੇਰੇ ਮੁਹਰੇ ਮੇਰਾ ਇਮਤਿਹਾਨ ਲੈਂਦੇ ਇਹ ਸ਼ਬਦ ਤੁਰਦੇ ਗਏ ਮੈਨੂੰ ਹੋਰ ਡੱਟ ਕੇ ਮੁਕਾਬਲਾ ਕਰਨ ਲਈ ਪੱਕਾ ਕਰ ਗਏ।

ਸੱਚ ਕਹਿ ਰਹੀ ਹਾਂ-ਨਹੀਂ ਤਾਂ ਸੱਚ ਦੀ ਸੋਚ ਉਸੇ ਤਰ੍ਹਾਂ ਆਵੇਗੀ ਜਿਸ ਤਰ੍ਹਾਂ ਦੀ ਇਥੇ ਹਵਾ 'ਚ ਲਹਿਰਾ ਕੇ ਗਈ ਹੈ। ਹਵਾ ਵੀ ਕਿਸ-ਕਿਸ ਤਰ੍ਹਾਂ ਕਰਵਟਾਂ ਲੈਂਦੀ ਹੈ। ਭਲੇ ਚੰਗੇ ਮਰਦ ਨੂੰ ਤੇ ਭਲੀ ਔਰਤ ਨੂੰ ਕੀ ਦਾ ਕੀ ਬਣਾ ਛੱਡਦੀ ਹੈ।

ਕਹਾਣੀ ਤਾਂ ਹੁਣ ਸ਼ੁਰੂ ਹੁੰਦੀ ਹੈ-

ਉਹ ਬਦਹਵਾਸ ਥਾਣੇ ਤੋਂ ਬਾਹਰ ਆਉਂਦਾ ਹੈ-ਚਿਹਰੇ ਤੇ ਹਵਾਈਆਂ ਉੱਡ ਰਹੀਆਂ ਸਨ। ਉਸਦੀ ਹੋਂਡਾ-ਸਿਟੀ ਕਾਰ 'ਚ ਬੈਠੀ ਬੇਸਬਰੀ ਨਾਲ ਮੈਂ ਉਸਦੇ ਬਾਹਰ ਆਉਣ ਦੀ ਉਡੀਕ ਕਰ ਰਹੀ ਸਾਂ-'ਕੀ ਹੋਇਆ'? ਪੁੱਛਣ 'ਤੇ ਗੁੱਸੇ 'ਚ ਅੱਗਬਬੂਲਾ ਹੋ ਕਹਿਣ ਲੱਗਾ- 'ਸਾਲਾ-ਪੈਹੇ ਛੇਤੀ ਤਣੇ ਫੜ ਅੰਦਰ ਕਿਤੇ ਗੁਆਚ ਗਿਆ- ਮੈਂ ਉਸ ਸਿਪਾਹੀ ਨੂੰ ਹੀ ਲਭ ਰਿਹਾਂ।'

'ਤੁਸਾਂ ਪੈਹੇ ਦੇ ਛੱਡੇ?-ਤੁਸਾਂ ਮੋਬਾਇਲ 'ਚ ਐਸ.ਐਮ.ਐਸ. ਨਹੀਂ ਸੁ ਵੇਖਿਆ-ਮੈਂ ਸੁਨੇਹਾ ਭੇਜਿਆ ਸੀ-ਵੈਟ-ਰਾਂਗ ਰਿਪੋਰਟ-'

'ਓ ਹੋ'-ਉਸਨੂੰ ਮੈਸੇਜ ਨਾ ਵੇਖਣ ਦਾ ਅਫਸੋਸ ਹੋਇਆ ਫੇਰ ਵੀ ਉਸ ਕਿਹਾ-'ਕੋਈ ਗੱਲ ਨਹੀਂ ਇਹ ਹੁਣੇ ਵਾਪਸ ਆਊ ਤੇ ਆਪ ਲਿਲੜੀਆਂ ਕੱਢੂ ਜੇ ਤੁਸੀਂ ਆਈ.ਜੀ.ਨੂੰ ਮਿਲੋ..' ਫੇਰ ਥੋੜਾ ਰੁਕਿਆ ਜਿਵੇਂ ਉਸ ਤੋਂ ਕੋਈ ਗੁਨਾਹ ਹੋ ਗਿਆ ਹੋਵੇ ਤੇ ਸ਼ਰਮਿੰਦਾ ਜਿਹਾ ਹੋ ਕਹਿਣ ਲੱਗਾ।

ਜਦੋਂ ਉਹ ਸਿਪਾਹੀ ਪੈਹੇ ਲੈ ਕੇ ਛੂਮੰਤਰ ਹੋ ਗਿਆ ਤਾਂ ਮੈਂ ਉਸ ਇੰਸਪੈਕਟਰ ਕੋਲ ਗਿਆ, ਜਿਸ ਕੋਲ ਤੁਹਾਡਾ ਕੇਸ ਹੈ। ਉਹ ਮੈਨੂੰ ਦੱਸ ਰਿਹਾ ਸੀ-ਇਹ ਸਿਪਾਹੀ ਬੜਾ ਕਰੱਪਟ ਹੈ-ਹੁਣ ਇਹ ਤੇਰੀ ਬੀਵੀ ਕੋਲ ਜਾਊ ਤੇ ਕਹੂ ਸਾਹਿਬ ਮੈਡਮ ਨਾਲ ਕਾਰ 'ਚ ਘੁੰਮ ਰਿਹਾ ਹੈ- ਮੈਂ ਵੀ ਉਸਨੂੰ ਕਹਿ ਦਿੱਤਾ-ਜੇ ਉਹ ਪਿਉ ਦਾ ਪੁੱਤ ਹੈ ਤਾਂ ਜਰੂਰ ਜਾਵੇ... ਤੁਹਾਨੂੰ ਨ੍ਹੀ ਪਤਾ ਇਹ ਲੋਕ ਮੈਨੂੰ ਬਲੈਕ ਮੇਲ ਕਰਕੇ ਮੈਥੋਂ ਪੈਹੇ ਝਾੜਨਾ ਚਾਹੁੰਣਗੇ..।

ਇਹ ਕੀ ਹੋਇਆ? ਮਦਦ ਕਰਨ ਵਾਲੇ ਨੂੰ ਹੀ ਫਸਾ ਦੇਣਗੇ? ਤਾਂਹੀਓ ਕੋਈ ਨਾਲ ਨਹੀਂ ਜਾਦਾ ਸਾਰੇ ਕਤਰਾਂਦੇ ਨੇ-ਗੱਲ ਸਮਝ ਗਈ ਸਾਂ। ਡਾਕਟਰ ਤੇ ਉਸਦੀ ਭੂਰੀ ਬਿੱਲੀ ਥਾਣੇ ਚੜਾਵਾ ਚੜ੍ਹਾ ਆਏ ਸਨ। ਗੁੱਸੇ 'ਚ ਕੰਬਣ ਲਗ ਪਈ ਤੇ ਉਸੇ ਛਿਣ ਉਸ ਇੰਸਪੈਕਟਰ ਨੂੰ ਫੋਨ ਖੜਕਾਇਆ-'ਜਿਹੜੀ ਡੀ.ਡੀ.ਆਰ ਦੀ ਕਾਪੀ ਸਿਪਾਹੀ ਹੱਥ ਘੱਲੀ ਆ-ਉਹ ਗਲਤ ਹੈ। ਮੈਂ 100 ਨੰਬਰ ਡਾਇਲ ਕਰਕੇ ਪੁਲਿਸ ਸੱਦੀ। ਮੇਰੇ ਅਤੇ ਮੇਰੇ ਬੱਚਿਆਂ ਉੱਪਰ ਡਾਕਟਰ ਤੇ ਭੂਰੀ ਬਿੱਲੀ ਅਤੇ ਉਸਦੇ ਨੌਕਰਾਂ ਵਲੋਂ ਹੱਮਲਾ ਹੋਇਆ, ਤੁਸਾਂ ਕੀ ਲਿਖਿਆ ਇਥੋ ਪੜ੍ਹਦੀ ਹਾਂ-'ਮੈਂ ਉਸ ਇਲਾਕੇ ਤੋਂ ਗੁਜਰ ਰਿਹਾ ਸੀ, ਉਥੇ ਦੋ ਔਰਤਾਂ ਝਗੜ ਰਹੀਆਂ ਸਨ' - ਮੈਂ ਝਗੜ ਰਹੀ ਸਾਂ? ਤੁਸਾਂ ਵੇਖਿਆ? ਮੈਂ ਬੇਕਾਬੂ ਹੋ ਰਹੀ ਸਾਂ।'

'ਕੀ ਗਲਤ ਹੈ-ਕੀ ਹੋਇਆ ਮੈਡਮ ਜੀ?' ਇੰਸਪੈਕਟਰ ਹਕਲਾਇਆ। ਮੈਂ ਉਸਦੀ ਗੱਲ ਸੁਣੇ ਬਿਨਾ ਕਹੀ ਗਈ।

'ਜੇ ਹੁਣ ਮੈਂ ਆਪਣੇ ਕਿਸੇ ਵਾਕਿਫ਼ ਨੂੰ ਪੈਹੇ ਦੇਣ ਲਈ ਥਾਣੇ ਆਈ ਹਾਂ-ਤਾਂ ਬਦਮਾਸ਼ ਹੋ ਗਈ ਜੋ ਮੇਰੀ ਮਦਦ ਲਈ ਆਇਆ ਹੈ ਉਹ ਬੰਦਾ ਬਦਮਾਸ਼ ਹੋ ਗਿਆ। ਜੋ ਇਕ ਦੂਜੇ ਦੀ ਮਦਦ ਕਰ ਰਹੇ ਹਨ। ਉਹ ਸਾਰੇ ਬਦਮਾਸ਼ ਨੇ? ਤੁਸਾਂ ਕੀ ਸਮਝਿਆ ਮੈਨੂੰ? ਮੈਂ ਹੁਣ ਆਈ.ਜੀ. ਕੋਲ ਜਾਵਾਂਗੀ-ਗਵਰਨਰ ਕੋਲ ਵੀ ਜਾ ਸਕਦੀ ਹਾਂ-ਲੋੜ ਪਈ ਤੇ ਸੁਪਰੀਮ ਜੱਜ ਜਾਂ ਪ੍ਰਧਾਨ ਮੰਤਰੀ ਕੋਲ ਵੀ ਜਾਵਾਂਗੀ- ਤੁਹਾਡੇ ਵਰਗੇ ਬੰਦਿਆਂ ਕਾਰਨ ਹੀ 'ਕੱਲੀ ਔਰਤ ਲਈ ਮਰਦ ਹਊਆ ਬਣ ਗਿਆ ਹੈ ਤੇ ਥਾਣਾ ਇਕ ਦਹਿਸ਼ਤਗਾਹ---' ਮੱਥੇ ਤੇ ਪਲਮ ਆਈਆਂ ਬੂੰਦਾਂ ਨੂੰ ਮੈਂ ਨਹੀਂ ਪੂੰਜਦੀ ਸਾਹੋਸਾਹੀ ਹੋਈ ਮੋਬਾਇਲ ਬੰਦ ਕਰ ਦਿੰਦੀ ਹਾਂ। ਮੇਰੇ ਨਾਲ ਆਏ ਕਹਿੰਦੇ ਹਨ-'ਹੁਣ ਠੀਕ ਹੈ ਮੈਂ ਤੁਹਾਡੇ ਚੋਂ ਡਰ ਕੱਢਣਾ ਚਾਹੁੰਦਾ ਸਾਂ- 'ਕੱਲੀ ਹਾਂ ਕੱਲੀ ਹਾਂ-ਇਹ ਕੀ ਹੋਇਆ? ਹੱਕ ਲਈ ਤਕੜੇ ਹੋ ਕੇ ਅੜ ਜਾਣਾ ਚਾਹੀਦਾ-ਤੇ ਹਮੇਸ਼ਾ ਸੱਚ ਦੀ ਜਿੱਤ ਹੁੰਦੀ ਹੈ।'

ਪਿੱਛੇ ਜਿਹੇ ਇਕ ਤਰ੍ਹਾਂ ਨਾਲ ਲਿਖਣ-ਪੜ੍ਹਣ ਦਾ ਕੰਮ ਬੰਦ ਹੀ ਹੋ ਗਿਆ ਸੀ। ਅੱਖਾਂ ਬੰਦ ਕਰਦੀ ਸਾਂ ਤਾਂ ਸੁਪਨੇ ਆਉਂਦੇ ਸੁਪਨੇ 'ਚ ਕਦੀ ਪਾਣੀ ਡੁਲ ਡੁਲ੍ਹ ਪੈਂਦਾ, ਕਦੇ ਬਿਜਲੀ ਬੰਦ ਹੋ ਜਾਂਦੀ ਕਦੇ ਪੇਟ 'ਚ ਵੱਟ ਪੈਂਦੇ ਤੇ ਕਦੇ ਗੇਟ ਨੂੰ ਤਾਲਾ ਮਿਲਦਾ ਅਤੇ ਕਦੇ ਆਸੇ ਪਾਸੇ ਭੂਰੀਆਂ ਬਿੱਲੀਆਂ ਚੀਖਦੀਆਂ-ਰੋਂਦੀਆਂ-ਦਗੜ-ਦਗੜ ਪੌੜੀਆਂ ਚੜ੍ਹਦੇ ਨਜ਼ਰ ਆਉਂਦੀਆਂ। ਹੁਣ ਰਿਲੈਕਸ ਹਾਂ।

ਸ਼ਾਮ ਹੁੰਦੇ ਨਾ ਹੁੰਦੇ ਉਹ ਸਿਪਾਹੀ ਡਰਦਾ ਇਕ ਤਰ੍ਹਾਂ ਪੈਹੇ ਜਬਰਦਸਤੀ ਸੁੱਟ ਜਿਹਾ ਗਿਆ ਸੀ-ਬੋਰਡ ਅੰਦਰ ਕਿਤੇ ਲੁਕੋ ਦਿੱਤਾ ਗਿਆ ਤੇ ਰਾਤੀ ਪਾਣੀ ਆਜ਼ਾਦੀ ਮਾਣ ਰਿਹਾ ਸੀ।

ਦੋ ਦਿਨਾਂ ਬਾਅਦ ਘਰ ਮੂਹਰੇ ਥਾਣੇ ਦੀ ਜੀਪ ਖੜੀ ਸੀ ਪੁੱਛਣ ਤੇ ਡਰਾਈਵਰ ਨੇ ਦਸਿਆ 'ਐਸ.ਐਚ.ਓ ਸਾਹਿਬ ਦੇ ਫਾਦਰ ਹਨ- ਅੱਖਾਂ ਵਿਖਾਉਣੀਆਂ ਨੇ। 'ਹੱਛਾ?' ਮੇਰੇ ਜਿਹਰੇ ਤੇ ਵਿਅੰਗ ਦੀਆਂ ਲੀਕਾਂ ਉਹ ਨਹੀਂ ਸੀ ਵੇਖ ਸਕਿਆ।

ਇਸ ਸਭ 'ਚ ਇਕ ਗੱਲ ਮੇਰੇ ਮੂਹਰੇ ਸੱਚ ਦੇ ਸ਼ੀਸ਼ੇ ਵਾਂਗ ਆਈ 'ਕੱਲੀਕਾਰੀ ਔਰਤ ਜਾਂ ਤਾਂ ਦੁਬਕ ਕੇ ਬੈਠੇ-ਜੇ ਵਿਧਵਾ ਹੈ ਤਾਂ ਡੁਸਕਦੀ ਰਹੇ-ਜੇ ਤਲਾਕਸ਼ੁਦਾ ਹੈ ਤਾਂ ਛੇਤੀ ਕਰਕੇ ਵਿਆਹ ਕਰਵਾ ਲਵੇ ਮਤਲਬ ਟੁੱਟਾ ਭੱਜਾ ਜਿਹੋ ਜਿਹਾ ਵੀ ਹੋਵੇ-ਘਰ ਚ' ਪਤੀ ਰੱਖ ਲਵੇ ਹਾਂ ਆਪਣਾ ਸਿਰਫ ਆਪਣਾ ਕਿਸੇ ਦਾ ਨਹੀਂ। ਹਾ-ਹਾ-ਹਾ।

✪